ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 7 | Issue 08 | 21 February 2018 to 27 February 2018 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com

## ➢ ਅੰਦਰ ਪੜ੍ਹੋ

09 ਖ਼ਬਰਸਾਰ

ਆਖ਼ਰ ਅੰਮ੍ਰਿਤਸਰ ਤੋਂ ਬਰਮਿੰਘਮ ਲਈ ਸਿੱਧੀ ਹਵਾਈ ਉਡਾਣ ਸ਼ੁਰੂ



15 ਵਿਸ਼ੇਸ਼ ਰਿਪੋਰਟ

ਹਰਦੀਪ ਸਿੰਘ ਪੁਰੀ ਅਤੇ ਨਵਜੋਤ ਸਿੰਘ ਸਿੱਧੂ ਨੇ ਗੁਰੂ ਕੀ ਨਗਰੀ 'ਚ ਟਰੂਡੋ ਨੂੰ ਕਿਹਾ 'ਜੀ ਆਇਆਂ ਨੂੰ'



# 'ਕਿਰਪਾ ਹੋਈ... ਅਸੀਂ ਨਿਮਰ ਹੋਏ...'

## ਕਨੇਡਾ ਦੇ ਪ੍ਰਧਾਨ ਮੰਤਰੀ ਟਰੂਡੋ ਵਲੋਂ ਦਰਬਾਰ ਸਾਹਿਬ ਦੇ ਦਰਸ਼ਨ

- ➢ ਦੇਗ ਕਰਾਈ ਤੇ ਲੰਗਰ 'ਚ ਕੀਤੀ ਸੇਵਾ
- ➢ ਦਰਬਾਰ ਸਾਹਿਬ ਵਿਖੇ ਸਿਰੋਪੇ ਨਾਲ ਸਨਮਾਨ
- ➢ ਅਕਾਲ ਤਖ਼ਤ ਸਾਹਿਬ ਵਿਖੇ ਹੋਏ ਨਤਮਸਤਕ
- ➢ ਸਰਕਾਰ ਤੇ ਸ਼੍ਰੋਮਣੀ ਕਮੇਟੀ ਵਲੋਂ ਸ਼ਾਨਦਾਰ ਸਵਾਗਤ



### ..ਸਾਡੇ 'ਤੇ ਕਿਰਪਾ ...: ਜਸਟਿਨ ਟਰੂਡੋ

**ਅੰਮ੍ਰਿਤਸਰ/ਬਿਊਰੋ ਨਿਊਜ਼:** ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਬੁੱਧਵਾਰ ਨੂੰ ਆਪਣੇ ਪਰਿਵਾਰ ਤੇ ਕੈਬਨਿਟ ਦੇ ਕੁਝ ਮੰਤਰੀਆਂ ਸਮੇਤ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਮੱਥਾ ਟੇਕਣ ਬਾਅਦ ਵਿਜ਼ੀਟਰ ਬੁੱਕ 'ਤੇ ਆਪਣਾ ਤਜ਼ਰਬਾ ਸਾਂਝਾ ਕਰਦੇ ਹੋਏ ਲਿਖਿਆ ਕਿ ਮਹਾਨ ਅਸਥਾਨ ਉੱਤੇ ਅਜਿਹਾ ਸਤਿਕਾਰ ਅਤੇ ਨਿੱਘਾ ਸਵਾਗਤ ਸਾਡੇ ਉੱਤੇ ਅਜਿਹੀ ਕਿਰਪਾ ਸਦਕਾ ਅਸੀਂ ਨਿਮਰਤਾ ਨਾਲ ਭਰੇ ਹੋਏ ਹਾਂ - **ਜਸਟਿਨ ਟਰੂਡੋ**



**ਅੰਮ੍ਰਿਤਸਰ/ਬਿਊਰੋ ਨਿਊਜ਼:** ਦੁਨੀਆ ਭਰ 'ਚ ਸਿੱਖਾਂ ਦੇ ਹਰਮਨਪਿਆਰੇ ਕਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਬੁੱਧਵਾਰ ਨੂੰ ਪਰਿਵਾਰ ਸਮੇਤ ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕਿਆ ਅਤੇ ਰੁਮਾਲਾ ਸਾਹਿਬ ਭੇਟ ਕੀਤਾ। ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ ਵਲੋਂ ਟਰੂਡੋ ਪਰਿਵਾਰ ਨੂੰ ਸਨਮਾਨ ਵਜੋਂ ਸਿਰੋਪਾ ਦਿੱਤਾ ਗਿਆ। ਜਸਟਿਨ ਟਰੂਡੋ ਨੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਕੜਾਹ ਪ੍ਰਸ਼ਾਦ ਦੀ ਦੇਗ ਕਰਵਾਈ। ਉਹ ਦਰਸ਼ਨੀ ਡਿਊੜੀ ਰਾਹੀਂ ਮੱਥਾ ਟੇਕਣ ਲਈ ਪਰਿਵਾਰ ਸਮੇਤ ਪੁੱਜੇ। ਇਸ ਦੌਰਾਨ ਜਸਟਿਨ ਟਰੂਡੋ ਨੇ ਪਰਿਕਰਮਾ ਵਿੱਚ ਹਾਜ਼ਰ ਸੰਗਤਾਂ ਦਾ ਹੱਥ ਜੋੜ ਕੇ ਧੰਨਵਾਦ ਕੀਤਾ। ਚਿੱਟਾ ਕੁੜ੍ਹਤਾ ਪਜਾਮਾ ਪਹਿਨੀਂ ਸ੍ਰੀ ਟਰੂਡੋ ਨੇ ਹਰਿਮੰਦਰ ਸਾਹਿਬ ਵਿਖੇ ਅਰਦਾਸ ਕੀਤੀ ਅਤੇ ਸਿੱਖਾਂ ਦੇ ਸਰਬ ਉੱਚ ਧਾਰਮਿਕ ਸਥਾਨ ਵਿਖੇ ਪੰਜਾਬੀ ਸੂਟ ਵਿੱਚ ਸਜੀ-ਫਬੀ ਅਪਣੀ ਪਤਨੀ ਸੋਫੀਆ ਟਰੂਡੋ ਤੇ ਦੌਰੇ ਉੱਤੇ ਨਾਲ ਆਏ ਤਿੰਨ ਬੱਚਿਆਂ ਈਲਾ ਗਰੇਸ, ਜ਼ਾਵੀਅਰ ਤੇ ਹਾਡਰੇਨ ਸਮੇਤ ਇੱਕ ਘੰਟੇ ਦੇ ਕਰੀਬ ਠਹਿਰਣ ਦੌਰਾਨ ਗੁਰੂ ਰਾਮ ਦਾਸ ਲੰਗਰ ਵਿਖੇ ਸੇਵਾ ਵੀ ਕੀਤੀ। ਟਰੂਡੋ ਨੇ 10 ਮਿੰਟ ਲੰਗਰ 'ਚ ਰੁਕ ਕੇ ਲੰਗਰ ਹਾਲ ਵਿੱਚ ਰੋਟੀ ਪਕਾਉਣ ਦੀ ਸੇਵਾ ਕੀਤੀ। ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ, ਪੰਜਾਬ ਦੇ ਕੇਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ, ਕਨੇਡਾ ਦੇ ਰੱਖਿਆ ਮੰਤਰੀ ਹਰਜੀਤ ਸਿੰਘ ਸੱਜਣ , ਇੱਕ ਹੋਰ ਮੰਤਰੀ ਨਵਦੀਪ ਸਿੰਘ ਬੈਂਸ ਇਸ ਮੌਕੇ ਜਸਟਿਨ ਟਰੂਡੋ ਦੇ ਨਾਲ ਮੌਜੂਦ ਸਨ। ਟਰੂਡੋ ਪਰਿਵਾਰ ਸ੍ਰੀ ਅਕਾਲ ਤਖਤ ਸਾਹਿਬ ਦੇ ਅੱਗੇ ਨਤਮਸਤਕ ਹੋਇਆ, ਪਰ ਅੰਦਰ ਨਹੀਂ ਗਏ।

ਬਾਕੀ ਸਫ਼ਾ 28 'ਤੇ

## ਕੈਪਟਨ ਕਹਿੰਦਾ : 'ਮੈਂ ਕੱਟੜਵਾਦ ਦਾ ਮੁੱਦਾ ਉਠਾਇਆ'

**ਅੰਮ੍ਰਿਤਸਰ/ਬਿਊਰੋ ਨਿਊਜ਼:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਬੁੱਧਵਾਰ ਨੂੰ ਇੱਥੇ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨਾਲ ਹੋਈ ਮੁਲਾਕਾਤ ਬਾਅਦ ਕਿਹਾ ਕਿ ਉਨ੍ਹਾਂ ਨੇ ਟਰੂਡੋ ਨਾਲ ਕੱਟੜਵਾਦ ਸਬੰਧੀ ਚਿੰਤਾਵਾਂ ਜਾਹਰ ਕੀਤੀਆਂ ਹਨ। ਇਸ ਮਸਲੇ ਉਤੇ ਉਨ੍ਹਾਂ (ਟਰੂਡੋ) ਵਲੋਂ ਭਰੋਸਾ ਦਿਵਾਇਆ ਗਿਆ ਹੈ ਕਿ ਉਹ ਇਸ ਮਸਲੇ ਨੂੰ ਦੇਖਣਗੇ। ਇੱਥੋਂ ਦੇ ਤਾਜ ਹੋਟਲ 'ਚ ਹੋਈ ਮੀਟਿੰਗ ਬਾਅਦ ਕੈਪਟਨ ਨੇ ਕਿਹਾ, ਮੈਂ ਖਾਲਿਸਤਾਨ ਦਾ ਮੁੱਦਾ, ਜਿਹੜਾ ਕਿ ਬੜਾ ਅਹਿਮ ਹੈ, ਉਠਾਇਆ ਕਿਉਂਕਿ ਕਨੇਡਾ ਸਮੇਤ ਕਈ ਬਾਹਰਲੇ ਮੁਲਕਾਂ ਤੋਂ ਇਸ ਸਬੰਧੀ ਪੈਸਾ ਸਾਡੇ ਇੱਧਰ ਆਉਂਦਾ ਹੈ। ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਤੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵਿਚਕਾਰ ਹੋਈ ਲਗਭਗ 20 ਮਿੰਟਾਂ ਦੀ ਮੀਟਿੰਗ ਮੌਕੇ ਕੈਨੇਡਾ ਦੇ ਰੱਖਿਆ ਮੰਤਰੀ ਹਰਜੀਤ ਸਿੰਘ ਸੱਜਣ, ਦੂਸਰੇ ਮੰਤਰੀ ਤੇ ਦੌਰੇ ਉੱਤੇ ਆਏ ਕਨੇਡੀਅਨ ਐਮ.ਪੀ.ਵੀ ਮੌਜੂਦ ਸਨ ।ਕੈਪਟਨ ਨੇ ਸਭਨਾਂ ਨਾਲ ਹੱਥ ਮਿਲਾਇਆ ਤੇ ਹਾਲ ਚਾਲ ਪੁੱਛਿਆ। ਕੈਪਟਨ ਅਮਰਿੰਦਰ ਸਿੰਘ ਵਲੋਂ ਪਿਛਲੇ ਸਮਿਆਂ ਦੌਰਾਨ ਕਨੇਡਾ ਦੇ ਸਿੱਖ ਮੰਤਰੀਆਂ ਖ਼ਾਸ ਰੱਖਿਆ ਮੰਤਰੀ ਸੱਜਣ ਸਿੰਘ ਸਬੰਧੀ ਦਿੱਤੇ ਵਾਦ ਵਿਵਾਦੀ ਬਿਆਨਾਂ ਕਾਰਨ ਉਨ੍ਹਾਂ ਦੀ ਕਨੇਡਾ ਦੇ ਪ੍ਰਧਾਨ ਮੰਤਰੀ ਨਾਲ ਮੁਲਕਾਤ ਬੇਯਕੀਨੀ ਜਾਪਦੀ ਸੀ। ਸੱਜਣ ਸਿੰਘ ਦੇ ਪਿਛਲੇ ਸਾਲ ਭਾਰਤ ਸਰਕਾਰੀ ਅਤੇ ਪੰਜਾਬ ਦੇ



ਬਾਕੀ ਸਫ਼ਾ 28 'ਤੇ

## ਮੋਦੀ ਸਰਕਾਰ ਨੇ ਕਨੇਡਾ ਦੇ ਪ੍ਰਧਾਨ ਮੰਤਰੀ ਨੂੰ 'ਅਸਿੱਧੇ ਤੌਰ 'ਤੇ ਕੀਤਾ ਜ਼ਲੀਲ'

### ਟਰੂਡੋ ਦੇ ਪਰਿਵਾਰਕ ਦੌਰੇ ਨੂੰ ਭਾਰਤ ਸਰਕਾਰ ਨੇ ਨਹੀਂ ਦਿੱਤੀ ਬਹੁਤੀ ਮਹੱਤਤਾ

### ਕੈਨੇਡਾ 'ਚ ਸਿੱਖਾਂ ਤੇ ਖਾਲਿਸਤਾਨੀਆਂ ਦੀ ਚੜ੍ਹਤ ਕਰਕੇ ਭਾਰਤ ਸਰਕਾਰ ਦਾ ਦੁਖਿਆ ਢਿੱਡ

**ਜਲੰਧਰ/ਬਿਊਰੋ ਨਿਊਜ਼:** ਸਿੱਖਾਂ ਨਾਲ ਢਿਡੋਂ ਔਖੀ ਭਾਰਤ ਦੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਹਿੰਦੂਤਵੀ ਸਰਕਾਰ ਵਲੋਂ ਕਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਬਣਦਾ ਮਾਣ ਸਤਿਕਾਰ ਨਾ ਦੇਣ ਅਤੇ ਅਸਿੱਧੇ ਢੰਗ ਨਾਲ ਜ਼ਲੀਲ ਕਰਨ ਦਾ ਮਾਮਲਾ ਮੀਡੀਆ ਵਿੱਚ ਉਭਰਣ ਕਾਰਨ ਸਿੱਖ ਪੰਥ 'ਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਭਾਵੇਂ ਮੋਦੀ ਸਰਕਾਰ ਕਨੇਡੀਆਈ ਆਗੂ ਨਾਲ ਅਜਿਹੇ ਕਿਸੇ ਵਿਤਕਰੇ ਵਿਤਕਰੇ ਤੋਂ ਮੁਨਕਰ ਹੈ ਪਰ ਨਰਿੰਦਰ ਮੋਦੀ ਵਲੋਂ ਜਸਟਿਨ ਟਰੂਡੋ ਨਾਲ ਉਹ ਹੇਜ਼ ਨਹੀਂ ਜਤਾਇਆ ਜਾ ਰਿਹਾ ਜਿਹੜਾ ਜਿਹਦਾ ਹੋਰਨਾਂ ਵੱਡੇ ਮੁਲਕਾਂ ਨੇ ਭਾਰਤ ਦੌਰਿਆਂ ਮੌਕੇ ਜੱਫ਼ੀਆਂ ਪਾ ਪ੍ਰਗਟਾਵਾ ਕਰਨ ਦਾ ਕੋਈ ਮੌਕਾ ਹੱਥੋਂ ਨਹੀਂ ਜਾਣ ਦਿੰਦੇ।ਪਰ ਅਪਣੀ ਮਾਨਵੀ ਪਹੁੰਚ ਕਾਰਨ ਕਨੇਡਾ ਹੀ ਨਹੀਂ ਬਲਕਿ ਦੁਨੀਆ ਭਰ 'ਚ ਸਿੱਖਾਂ ਦੇ ਹਰਮਨਪਿਆਰੇ ਤੇ ਸਤਿਕਾਰੇ ਜਸਟਿਨ ਟਰੂਡੋ ਜਿਹੜੇ ਆਪਣੇ ਪਰਿਵਾਰ, ਸਾਥੀ ਕੈਬਨਿਟ ਮੰਤਰੀਆਂ ਨਵਦੀਪ ਸਿੰਘ ਬੈਂਸ, ਅਮਰਜੀਤ ਸੋਹੀ, ਜਗਦੀਸ਼ ਚੱਗਰ ਅਤੇ ਕ੍ਰਿਸਟੀ ਡੰਕਨ ਅਤੇ ਉੱਚ ਅਧਿਕਾਰੀਆਂ ਸਮੇਤ ਇਨ੍ਹੀਂ ਦਿਨ੍ਹੀਂ ਭਾਰਤ ਦੇ ਸੱਤ ਰੋਜਾ ਦੌਰੇ ਉੱਤੇ ਹਨ, ਨੇ ਅਜਿਹੇ ਕਿਸੇ ਕੜੇ-ਵਿਤਕਰੇ ਦੀ ਪ੍ਰਵਾਹ ਨਾ ਕਰਦਿਆਂ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਅੰਮ੍ਰਿਤਸਰ ਪੁੱਜ ਕੇ ਜਿਸ ਕਦਰ ਸਿੱਖ ਭਾਈਚਾਰੇ ਨਾਲ ਭਾਵਕ ਸਾਂਝ ਦਾ ਪ੍ਰਗਟਾਵਾ ਕੀਤਾ ਉਸਨੇ ਸਿੱਖਾਂ ਦੇ ਮਨ ਹੋਰ ਜਿੱਤ ਲਏ ਹਨ। ਮੀਡੀਆ ਰਿਪੋਰਟਾਂ ਅਨੁਸਾਰ ਜਸਟਿਨ ਟਰੂਡੋ ਦੀ ਹਫ਼ਤਾ ਭਰ ਲੰਮੀ ਭਾਰਤ ਫੇਰੀ ਦੌਰਾਨ ਹੁਣ ਤੱਕ ਇਹੀ ਪ੍ਰਭਾਵ ਗਿਆ ਹੈ ਕਿ ਭਾਰਤ ਸਰਕਾਰ ਇਸ ਫੇਰੀ ਨੂੰ ਲੈ ਕੇ ਉਤਸ਼ਾਹ ਵਿੱਚ ਨਹੀਂ।




ਕਨੇਡਾ ਦੇ ਪ੍ਰਧਾਨ ਮੰਤਰੀ ਟਰੂਡੋ ਭਾਰਤ ਯਾਤਰਾ ਦੌਰਾਨ

ਬਾਕੀ ਸਫ਼ਾ 28 'ਤੇ


















# GLOBAL MULTI SERVICES

## ONE STOP SHOP FOR ALL TRUCKING NEEDS

**Ask for Special Parking Rates. 1st Come 1st Serve.**

**Truck Parking Available for 500+ Trucks**

i5 TRUCK WASH AND REPAIR
GET A SHOWROOM SHINE, EVERY TIME

Ph.: 209-986-0338
info@i5truckwash.com
www.i5truckwash.com
1137 S Stockton St, Stockton CA 95206

HOME OF ALL TRUCKING SERVICES
GLOBAL TRUCK TERMINAL

Ph.: 800-696-3796
info@GlobalTruckTerminal.com
www.GlobalTruckTerminal.com
1801 E Charter Way, Stockton CA 95205

## Services We Offer:

On site IRP Plate - License Plates - IFTA - Fuel Tax Return
New Mexico & Kentucky Permit - Dot - MC Authority - UCR Permits
Corporation Filing - 2290 Filing - Canadian Permits
Title Transfer etc.

General Truck & Trailer Repair - Brakes - Oil Change
BIT Inspection - Annual Inspection - Transmission
Truck & Trailer Alignment - New & Used Tires - Wheel Balancing
DPF Cleaning & Truck Wash etc.

**Call Maneet Deol for more info : 209-982-9996**

# ਏ.ਜੀ.ਪੀ.ਸੀ. ਦੇ ਸਹਿਯੋਗ ਨਾਲ ਪ੍ਰੋ. ਪੂਰਨ ਸਿੰਘ ਦੀ ਮਹਾਨ ਸਾਹਿਤਕ ਦੇਣ ਬਾਰੇ ਸਫਲ ਸੈਮੀਨਾਰ ਕਰਵਾਇਆ







**ਮਿਲਪੀਟਸ/ਬਲਵਿੰਦਰਪਾਲ ਸਿੰਘ ਖਾਲਸਾ:** ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਬਾਬਾ ਭਾਗ ਸਿੰਘ ਯੂਨੀਵਰਸਿਟੀ ਜਿਲ੍ਹਾ ਜਲੰਧਰ ਦੇ ਸਹਿਯੋਗ ਨਾਲ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਵਿਚ ਪ੍ਰੋਫੈਸਰ ਪੂਰਨ ਸਿੰਘ ਦੇ ਜਨਮ ਦਿਹਾੜੇ ਤੇ ਉਨਾਂ ਨੂੰ ਯਾਦ ਕਰਦਿਆਂ ਉਨਾਂ ਦੇ ਸਿੱਖ ਦਰਸ਼ਨ, ਸਾਹਿਤ ਤੇ ਸਾਹਿਤ ਚਿੰਤਨ ਨਾਲ ਸੰਬਧਿਤ ਬੜੀ ਕਾਮਯਾਬ ਵਿਚਾਰ ਗੋਸ਼ਟੀ ਕਰਵਾਈ ਗਈ। ਸੈਮੀਨਾਰ ਦੇ ਪਹਿਲੇ ਸੈਸ਼ਨ ਵਿਚ ਪ੍ਰੋ. ਸਾਹਿਬ ਦੇ ਸਾਹਿਤ ਨਾਲ ਸੰਬਧਿਤ ਖੋਜ ਪੱਤਰ ਪੜ੍ਹੇ ਗਏ। ਇਸ ਸੈਸ਼ਨ ਦੀ ਪ੍ਰਧਾਨਗੀ ਡਾਕਟਰ ਡਾ. ਐਸ.ਪੀ.ਸਿੰਘ (ਸਾਬਕਾ ਉਪ ਕੁਲਪਤੀ ਗੁਰੂ ਨਾਨਕ ਦੇਵ ਯੂਨੀਵਰਸਿਟੀ) ਅੰਮ੍ਰਿਤਸਰ ਨੇ ਕੀਤੀ। ਇਸ ਮੌਕੇ ਵਿਸ਼ੇਸ਼ ਤੌਰ ਤੇ ਡਾਕਟਰ ਦਲਜੀਤ ਸਿੰਘ (ਸਾਬਕਾ ਡਿਪਟੀ ਡਾਇਰੈਕਟਰ ਜਨਰਲ) ਦੂਰਦਰਸ਼ਨ ਸ਼ਾਮਲ ਹੋਏ। ਇਸ ਮੌਕੇ ਵੱਖ ਵੱਖ ਯੂਨੀਵਰਸਿਟੀਆਂ ਦੇ ਪ੍ਰੋਫੈਸਰਾਂ ਵੱਲੋਂ ਜੋ ਖੋਜ ਪੱਤਰ ਪੜ੍ਹੇ ਗਏ ਉਨਾਂ ਵਿਚ, ਪ੍ਰੋ: ਪੂਰਨ ਸਿੰਘ: ਸਿੱਖ ਚਿੰਤਨ ਤੇ ਦਰਸ਼ਨ-ਡਾਕਟਰ ਜਸਵਿੰਦਰ ਸਿੰਘ ਪੰਜਾਬੀ ਯੂਨੀਵਰਸਿਟੀ ਪਟਿਆਲਾ. ਪ੍ਰੋ: ਪੂਰਨ ਸਿੰਘ: ਪੂਰਨ ਅਧਿਐਨ ਦ੍ਰਿਸ਼ਟੀ-ਪ੍ਰੋਫੈਸਰ ਮਨਦੀਪ ਸਿੰਘ ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ ਜਲੰਧਰ, ਪ੍ਰੋ: ਪੂਰਨ ਸਿੰਘ ਸਾਹਿਤ ਚਿੰਤਨ, ਡਾਕਟਰ ਚਰਨਦੀਪ ਸਿੰਘ-ਮੀਰੀ ਪੀਰੀ ਖਾਲਸਾ ਕਾਲਜ ਭਦੌੜ ਨੇ ਆਪਣੇ ਆਪਣੇ ਖੋਜ ਪੱਤਰ ਪੜ੍ਹੇ ਗਏ। ਇਸ ਉਪਰੰਤ ਡਾ: ਜਗਦੀਸ਼ ਸਿੰਘ ਨੇ ਆਪਣੇ ਵਿਚਾਰ ਪੇਸ਼ ਕੀਤੇ। ਅਗਲੇ ਸੈਸ਼ਨ ਵਿਚ ਇਕ ਸ਼ਾਨਦਾਰ ਕਵੀ ਦਰਬਾਰ ਕਰਵਾਇਆ ਗਿਆ, ਜਿਸ ਵਿਚ ਵੱਖ ਕਵੀਆਂ ਨੇ ਹਿੱਸਾ ਲਿਆ। ਹਿੱਸਾ ਲੇਣ ਵਾਲਿਆਂ ਵਿਚ ਮਨਜੀਤ ਇੰਦਰਾ, ਡਾ: ਭਾਵਨਾ, ਡਾ: ਹਰਪ੍ਰੀਤ ਸਿੰਘ, ਸੁਰਿੰਦਰ ਸਿੰਘ, ਪਮਦੀਪ, ਭਾਸ਼ੋ, ਵਾਹਿਦ, ਗੁਰਪ੍ਰੀਤ ਕੌਰ, ਗੁਰਪ੍ਰੀਤ ਗੀਤ, ਦੀਪ ਜਗਦੀਪ ਤੇ ਜੋਗਿੰਦਰ ਸਿੰਘ ਨੇ ਆਪਣੀਆਂ ਰਚਨਾਵਾਂ ਨਾਲ ਸਭ ਨੂੰ ਪ੍ਰਭਾਵਿਤ ਕੀਤਾ। ਯੂਨੀਵਰਸਿਟੀ ਦੇ ਚਾਂਸਲਰ ਬਾਬਾ ਦਿਲਾਵਰ ਸਿੰਘ ਨੇ ਕਿਹਾ ਕਿ ਅਜਿਹੇ ਸੈਮੀਨਾਰ ਲਗਾਤਾਰ ਕਰਵਾਏ ਜਾਣੇ ਚਾਹੀਦੇ ਨੇ ਜਿਨ੍ਹਾਂ ਨਾਲ ਮਾਹੌਲ ਵਿਚ ਵਿਦਵਤਾ ਫੈਲੇ। ਡਾ: ਦਲਜੀਤ ਸਿੰਘ ਨੇ ਏਜੀਪੀਸੀ ਤੇ ਯੂਨੀਵਰਸਿਟੀ ਦੇ ਸਾਂਝੇ ਯਤਨਾ ਦੀ ਸ਼ਲਾਘਾ ਕੀਤੀ, ਜਿਸ ਨਾਲ ਪੰਜਾਬ ਦੀ ਧਰਤੀ ਦੇ ਮਹਾਨ ਦਾਨਿਸ਼ਵਰ ਦੀਆਂ ਰਚਨਾਵਾਂ ਬਾਰੇ ਜਾਣਕਾਰੀ ਹਾਸਲ ਹੋਈ। ਉਨਾਂ ਕਿਹਾ ਕਿ ਏਜੀਪੀਸੀ ਨੂੰ ਅਜਿਹਾ ਸਹਿਯੋਗ ਲਗਾਤਾਰ ਕਰਨ ਦੀ ਲੋੜ ਹੈ।

# ਗੁਰਦੁਆਰਾ ਨਾਨਕਸ਼ਰ ਵਿਖੇ ਸਲਾਨਾ ਅਖੰਡ ਪਾਠਾਂ ਦੀ ਲੜੀ ਦੇ ਸਮਾਪਤੀ 'ਤੇ ਮਹਾਨ ਕੀਰਤਨ ਸਮਾਗਮ

**ਫਰਿਜ਼ਨੋ/(ਕੁਲਵੰਤ ਧਾਲੀਆਂ/ਨੀਟਾ ਮਾਛੀਕੇ):** ਹਰ ਸਾਲ ਦੀ ਤਰ੍ਹਾਂ ਧੰਨ-ਧੰਨ ਬਾਬਾ ਨੰਦ ਸਿੰਘ ਜੀ ਅਤੇ ਧੰਨ-ਧੰਨ ਬਾਬਾ ਈਸ਼ਰ ਸਿੰਘ ਜੀ ਦੀ ਨਿੱਘੀ ਯਾਦ ਅੰਦਰ ਵਰੋਸਾਏ ਗੁਰਦੁਆਰਾ ਨਾਨਕਸ਼ਰ ਫਰਿਜ਼ਨੋ ਵਿਖੇ ਮਾਘ ਮਹੀਨੇ ਤੋਂ ਲਗਾਤਾਰ ਚਲ ਰਹੀ ਅਖੰਡ ਪਾਠਾਂ ਦੀ ਲੜੀ ਦੀ ਸਮਾਪਤੀ ਦੌਰਾਨ ਮਹਾਨ ਕੀਰਤਨ ਸਮਾਗਮ ਕਰਵਾਏ ਗਏ। ਇਸ ਦੌਰਾਨ ਬਹੁਤ ਸਾਰੇ ਕੀਰਤਨੀ ਜੱਥਿਆਂ ਅਤੇ ਧਰਮ ਪ੍ਰਚਾਰਕ ਬੁੱਧੀਜੀਵੀਆਂ ਨੇ ਸੰਗਤਾਂ ਨਾਲ ਗੁਰਮਤਿ



ਸਟਾਲ ਲੱਗੇ ਹੋਏ ਸਨ। ਸਾਰਾ ਮਾਹੌਲ ਧਾਰਮਿਕ ਸਮਾਗਮ ਦੇ ਨਾਲ-ਨਾਲ ਮੇਲੇ ਵਾਂਗ ਲੱਗ ਰਿਹਾ ਸੀ। ਇਹ ਸਮਾਗਮ ਯਾਦਗਾਰੀ ਗੁਰਸਿੱਖੀ ਅਤੇ ਸਾਂਝੀਵਾਲਤਾ ਦਾ ਸਪੱਸ਼ਟ ਸੁਨੇਹਾ ਸੀ ਮੀਰੀ-ਪੀਰੀ ਸੇਵਾ ਸੁਸਾਇਟੀ ਅਤੇ ਹੋਰ ਵੱਖ-ਵੱਖ ਜੱਥੇਬੰਦੀਆਂ ਵੱਲੋਂ ਗੁਰੂ ਦੇ ਸੁਆਦਿਸ਼ਟ ਲੰਗਰਾਂ ਵਿੱਚ ਮਿਠਾਈਆਂ, ਜਲੇਬੀਆਂ, ਸਮੋਸੇ, ਪਕੌੜੇ, ਜੂਸ ਅਤੇ ਗੰਨੇ ਦੇ ਰਸ ਅਤੁੱਟ ਵਰਤ ਰਹੇ ਸਨ। ਸਮੁੱਚੇ ਸਮਾਗਮ ਦੌਰਾਨ ਸੰਗਤਾਂ ਨੇ ਆਪਣੀ-ਆਪਣੀ ਸਰਧਾ ਅਨੁਸਾਰ ਗੁਰਬਾਣੀ, ਗੁਰਮਤਿ ਵਚਾਰਾ ਅਤੇ ਚਲ ਰਹੇ ਸ਼ੁਆਦਿਸਟ ਲੰਗਰਾਂ ਦਾ ਅਨੰਦ ਮਾਣਿਆ। ਗੁਰਸਿੱਖੀ ਅਤੇ ਸਾਂਝੀਵਾਲਤਾ ਦਾ ਸੁਨੇਹਾ ਦਿੰਦਾ ਹੋਇਆਂ ਝਿਹ ਸਮਾਗਮ ਯਾਦਗਾਰੀ ਹੋ ਨਿਬੜਿਆ। ਵਰਨਣਯੋਗ ਹੈ ਕਿ ਇਹ ਗੁਰਦੁਆਰਾ ਸਾਹਿਬ ਨਾਨਕਸ਼ਰ ਕਲੇਰਾਂ ਦੀ ਮਰਿਯਾਦਾ ਅਨੁਸਾਰ ਚਲਾਇਆ ਜਾ ਰਿਹਾ ਹੈ। ਜੋ ਸੰਗਤਾਂ ਲਈ ਦਿਨ-ਰਾਤ ਖੁੱਲਾ ਰਹਿੰਦਾ ਹੈ ਅਤੇ ਸਮੇਂ-ਸਮੇਂ ਦੁਨੀਆਂ ਭਰ ਤੋਂ ਕੀਰਤਨੀ ਜੱਥੇ ਅਤੇ ਧਾਰਮਿਕ ਪ੍ਰਚਾਰਕ ਆਪਣੀਆਂ ਹਾਜ਼ਰੀਆਂ ਭਰਦੇ ਹਨ।



## ਫਲੋਰਿਡਾ ਗੋਲੀਬਾਰੀ ਕਾਂਡ

# ਧੀ ਗੁਆਉਣ ਵਾਲੀ ਮਾਂ ਦੀ ਟਰੰਪ ਨੂੰ ਫਰਿਆਦ : 'ਬੰਦੂਕ ਸਭਿਆਚਾਰ ਨੂੰ ਪਾਈ ਜਾਵੇ ਠੱਲ'

**ਵਾਸ਼ਿੰਗਟਨ/ਬਿਊਰੋ ਨਿਊਜ਼:** ਪਾਰਕਲੈਂਡ ਦੇ ਸਕੂਲ 'ਚ ਬੁੱਧਵਾਰ ਨੂੰ ਵਾਪਰੀ ਗੋਲੀਬਾਰੀ ਦੀ ਘਟਨਾ 'ਚ ਆਪਣੀ ਧੀ ਗੁਆਉਣ ਵਾਲੀ ਲੋਰੀ ਅਲਹਾਦੇਫ ਨੇ ਹੰਝੂ ਕੇਰਦਿਆਂ ਰਾਸ਼ਟਰਪਤੀ ਡੋਨਲਡ ਟਰੰਪ ਤੋਂ ਮੰਗ ਕੀਤੀ ਹੈ ਕਿ ਉਹ ਬੰਦੂਕ ਸੱਭਿਆਚਾਰ ਬਾਰੇ ਕੋਈ ਕਦਮ ਚੁੱਕੇ। 'ਰਾਸ਼ਟਰਪਤੀ ਟਰੰਪ, ਕ੍ਰਿਪਾ ਕਰਕੇ ਕੁਝ ਕਰੋ। ਹੁਣੇ ਐਕਸ਼ਨ ਲੈਣ ਦੀ ਲੋੜ ਹੈ। ਇਨ੍ਹਾਂ ਬੱਚਿਆਂ ਨੂੰ ਹੁਣੇ ਸੁਰੱਖਿਆ ਦੀ ਲੋੜ ਹੈ।' ਕੌਮ ਦੇ ਨਾਮ ਆਪਣੇ ਸੰਬੋਧਨ 'ਚ ਟਰੰਪ ਨੇ ਬੰਦੂਕ ਹਿੰਸਾ ਬਾਰੇ ਕੋਈ ਜ਼ਿਕਰ ਨਹੀਂ ਕੀਤਾ। ਉਨ੍ਹਾਂ ਅਜਿਹੀਆਂ ਘਟਨਾਵਾਂ ਲਈ ਮਾਨਸਿਕ ਸਿਹਤ ਨਾਲ ਜੁੜੇ ਮੁੱਦਿਆਂ ਨੂੰ ਜ਼ਿੰਮੇਵਾਰ ਠਹਿਰਾਇਆ। ਉਨ੍ਹਾਂ ਆਪਣੇ ਭਾਸ਼ਣ ਦੌਰਾਨ ਇਕ ਵਾਰ ਵੀ 'ਬੰਦੂਕ' ਜਾਂ 'ਹਥਿਆਰਾਂ' ਜਿਹੇ ਸ਼ਬਦਾਂ ਦੀ ਵਰਤੋਂ ਤਕ ਨਹੀਂ ਕੀਤੀ। ਹੰਝੂ ਕੇਰਦੀ ਲੋਰੀ ਨੇ ਚੀਕ ਕੇ ਮਾਈਕ 'ਚ ਰਾਸ਼ਟਰਪਤੀ ਨੂੰ ਕਿਹਾ ਕਿ ਉਹ ਮੁਲਕ 'ਚੋਂ ਘਾਤਕ ਬੰਦੂਕ ਦੀ ਫੈਲੀ ਮਹਾਮਾਰੀ ਦਾ ਕੋਈ ਹੱਲ ਕੱਢਣ ਜਿਸ ਨੇ ਉਸ ਦੀ ਧੀ ਦੀ ਜ਼ਿੰਦਗੀ ਲੈ ਲਈ ਹੈ। ਸਕੂਲ 'ਚ ਮਾਰੇ ਗਏ 17 ਵਿਅਕਤੀਆਂ 'ਚ ਲੋਰੀ ਦੀ ਧੀ ਅਲੀਸਾ (14) ਵੀ ਸ਼ਾਮਲ ਸੀ। ਉਸ ਨੇ ਸਵਾਲ ਦਾਗੇ ਕਿ ਬੰਦੂਕਧਾਰੀ ਨੂੰ ਬੱਚਿਆਂ ਦੇ ਸਕੂਲ 'ਚ ਕਿਵੇਂ ਆਉਣ ਦਿੱਤਾ ਗਿਆ? ਉਹ ਸੁਰੱਖਿਆ



ਤੋਂ ਬੱਚ ਕੇ ਕਿਵੇਂ ਜਾਂਦੇ ਹਨ? ਇਹ ਕਿਹੋ ਜਿਹੀ ਸੁਰੱਖਿਆ ਹੈ? ਉਸ ਨੇ ਦੱਸਿਆ ਕਿ ਪਾਗਲ ਬੰਦੂਕਧਾਰੀ ਸਕੂਲ 'ਚ ਦਾਖ਼ਲ ਹੋਇਆ ਅਤੇ ਉਸ ਦੀ ਧੀ ਦੇ ਦਰਵਾਜ਼ੇ ਦੇ ਸ਼ੀਸ਼ੇ ਨੂੰ ਤੋੜ ਕੇ ਗੋਲੀਬਾਰੀ ਸ਼ੁਰੂ ਕਰ ਦਿੱਤੀ ਅਤੇ ਉਸ ਨੂੰ ਥਾਂ 'ਤੇ ਹੀ ਮਾਰ ਦਿੱਤਾ। ਉਧਰ ਟਰੰਪ ਨੇ ਆਪਣੇ ਸੰਬੋਧਨ 'ਚ ਕਿਹਾ ਕਿ ਸਕੂਲ ਭਿਆਨਕ ਹਿੰਸਾ ਤੇ ਨਫ਼ਰਤ ਦਾ ਅਖਾੜਾ ਬਣ ਗਿਆ ਜੋ ਬੇਕਸੂਰ ਬੱਚਿਆਂ ਅਤੇ ਦੇਖਭਾਲ ਕਰਨ ਵਾਲੇ ਅਧਿਆਪਕਾਂ ਨਾਲ ਭਰਿਆ ਹੋਇਆ ਸੀ। ਉਨ੍ਹਾਂ ਕਿਹਾ ਕਿ ਅਮਰੀਕੀ ਸਕੂਲ 'ਚ ਕੋਈ ਵੀ ਬੱਚਾ ਅਤੇ ਅਧਿਆਪਕ ਖਤਰੇ 'ਚ ਨਹੀਂ ਪੈਣਾ ਚਾਹੀਦਾ।

## ਮੁਲਜ਼ਮ ਵਿਦਿਆਰਥੀ ਨੇ ਗੁਨਾਹ ਕਬੂਲਿਆ

**ਪਾਰਕਲੈਂਡ:** ਫਲੋਰਿਡਾ ਹਾਈ ਸਕੂਲ ਦੇ ਸਾਬਕਾ ਵਿਦਿਆਰਥੀ ਨਿਕੋਲਸ ਕਰੂਜ਼ ਨੇ ਸਕੂਲ 'ਚ ਕੀਤੀ ਗਈ ਗੋਲੀਬਾਰੀ ਦਾ ਗੁਨਾਹ ਕਬੂਲ ਲਿਆ ਹੈ। ਉਧਰ ਐਫਬੀਆਈ ਨੇ ਮੰਨਿਆ ਹੈ ਕਿ ਉਨ੍ਹਾਂ ਨੂੰ 19 ਵਰ੍ਹਿਆਂ ਦੇ ਬੰਦੂਕਧਾਰੀ ਬਾਰੇ ਸੂਹ ਮਿਲ ਗਈ ਸੀ ਪਰ ਉਹ ਉਸ ਨੂੰ ਰੋਕਣ 'ਚ ਨਾਕਾਮ ਰਹੇ। ਜੱਜ ਮੂਹਰੇ ਵੀਡਿਓ ਲਿੰਕ ਰਾਹੀਂ ਪੇਸ਼ ਹੋਏ ਕਰੂਜ਼ ਨੂੰ 17 ਹੱਤਿਆਵਾਂ ਲਈ ਦੋਸ਼ੀ ਠਹਿਰਾਇਆ ਹੈ। ਦਸਤਾਵੇਜ਼ਾਂ ਮੁਤਾਬਕ ਕਰੂਜ਼ ਦੁਪਹਿਰ 2 ਵੱਜ ਕੇ 19 ਮਿੰਟ 'ਤੇ ਸਕੂਲ ਅੰਦਰ ਦਾਖ਼ਲ ਹੋਇਆ ਅਤੇ ਤਿੰਨ ਮਿੰਟ ਤੋਂ ਘੱਟ ਸਮੇਂ ਅੰਦਰ ਉਸ ਨੇ ਅੰਨ੍ਹੇਵਾਹ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ ਅਤੇ 2 ਵਜ ਕੇ 28 ਮਿੰਟ 'ਤੇ ਉਹ ਕੈਂਪਸ 'ਚੋਂ ਚਲਾ ਗਿਆ। ਕਰੂਜ਼ ਨੇ ਪੁਲੀਸ ਨੂੰ ਦੱਸਿਆ ਕਿ ਉਸ ਨੇ ਰਾਈਫਲ ਨੂੰ ਸੁੱਟ ਦਿੱਤਾ ਸੀ ਤਾਂ ਜੋ ਉਹ ਭੀੜ 'ਚ ਸ਼ਾਮਲ ਹੋ ਕੇ ਮੌਕੇ ਤੋਂ ਫ਼ਰਾਰ ਹੋ ਸਕੇ। ਗੋਲੀਬਾਰੀ ਮਗਰੋਂ ਉਹ ਵਾਲ-ਮਾਰਟ ਅਤੇ ਫਿਰ ਮੈਕਡੋਨਲਡਜ਼ 'ਚ ਰੁਕਿਆ ਪਰ 40 ਮਿੰਟਾਂ ਮਗਰੋਂ ਉਸ ਨੂੰ ਹਿਰਾਸਤ 'ਚ ਲੈ ਲਿਆ ਗਿਆ ਸੀ।

## ਭਾਰਤੀ ਅਮਰੀਕੀ ਅਧਿਆਪਕਾ ਨੇ ਅਪਣੇ ਵਿਦਿਆਰਥੀਆਂ ਨੂੰ ਬਚਾਇਆ

**ਫਲੋਰਿਡਾ/ਹੁਸਨ ਲੜੋਆ ਬੰਗਾ:** ਫਲੋਰਿਡਾ ਦੇ ਡਗਲਸ ਹਾਈ ਸਕੂਲ ਵਿਚ ਬੀਤੇ ਦਿਨੀ ਹੋਈ ਭਿਆਨਕ ਗੋਲੀਬਾਰੀ ਦੌਰਾਨ ਇਕ ਭਾਰਤੀ ਅਮਰੀਕੀ ਅਲਜੈਬਰਾ ਅਧਿਆਪਕਾ ਨੇ ਬਹਾਦਰੀ ਦੀ ਮਿਸਾਲ ਪੇਸ਼ ਕਰਦਿਆਂ ਆਪਣੇ ਵਿਦਿਆਰਥੀਆਂ ਨੂੰ ਬਚਾਉਣ ਦੀ ਹਰ ਸੰਭਵ



ਕੋਸ਼ਿਸ਼ ਕੀਤੀ ਜਦੋਂ ਸਮੁੱਚੇ ਸਕੂਲ ਵਿਚ ਗੋਲੀਆਂ ਦਾ ਮੀਹ ਵਰ ਰਿਹਾ ਸੀ। ਸ਼ਾਂਤਾ ਵਿਸ਼ਵਨਾਥਨ ਜਿਸ ਨੂੰ ਉਸ ਦੇ ਵਿਦਿਆਰਥੀ ਮਿਸਜ਼ ਵੀ ਕਹਿ ਕੇ ਬੁਲਾਉਂਦੇ ਸਨ ਨੂੰ 14 ਫਰਵਰੀ ਵਾਲੇ ਦਿਨ, ਜਿਸ ਦਿਨ ਇਕ ਹਮਲਾਵਰ ਸਕੂਲ ਵਿਚ ਦਾਖਲ ਹੋ ਕੇ 17 ਲੋਕਾਂ ਨੂੰ ਗੋਲੀਆਂ ਨਾਲ ਭੁੰਨ ਗਿਆ ਸੀ, ਜਦੋਂ ਦੂਜੀ ਵਾਰੀ ਫਾਇਰ ਅਲਾਰਮ ਵਜਿਆ ਤਾਂ ਕੁਝ ਅਣਹੋਣੀ ਦਾ ਅਹਿਸਾਸ ਹੋਇਆ। ਵਿਦਿਆਰਥੀਆਂ ਦੀ ਕਲਾਸ ਲਗਾ ਰਹੀ ਉਕਤ ਅਧਿਆਪਕਾ ਨੇ ਵਿਦਿਆਰਥੀਆਂ ਨੂੰ ਬਾਹਰ ਭੇਜਣ ਦੀ ਬਜਾਏ ਕਲਾਸਰੂਮ ਦਾ ਦਰਵਾਜਾ ਬੰਦ ਕਰ ਦਿੱਤਾ ਅਤੇ ਬਚਿਆਂ ਨੂੰ ਕਿਹਾ ਕਿ ਕਮਰੇ ਦੇ ਖੂੰਝੇ ਜਾ ਕੇ ਫਰਸ਼ 'ਤੇ ਲੰਮੇ ਪੈ ਜਾਓ। ਇਸ ਵਾਰਦਾਤ ਵਿਚ ਬਚੇ ਇਕ ਬੱਚੇ ਦੀ ਮਾਂ ਨੇ ਦਸਿਆ ਕਿ ਵਿਸ਼ਵਨਾਥਨ ਕਾਰਨ ਅੱਜ ਉਸ ਦਾ ਬੱਚਾ ਤੇ ਹੋਰ ਬੱਚੇ ਬਚ ਸਕੇ ਹਨ। ਉਸ ਨੇ ਦਸਿਆ ਕਿ ਉਕਤ ਅਧਿਆਪਕਾ ਨੇ ਤਾਂ ਪੁਲਿਸ ਦੀ ਸਵੈਟ ਟੀਮ ਦੇ ਮੈਂਬਰਾਂ ਲਈ ਕਮਰੇ ਦਾ ਦਰਵਾਜਾ ਖੋਲਣ ਤੋਂ ਇਨਕਾਰ ਕਰ ਦਿੱਤਾ ਸੀ। ਉਸ ਨੇ ਸਵੈਟ ਟੀਮ ਨੂੰ ਕਿਹਾ ਕਿ ਦਰਵਾਜਾ ਤੋੜ ਲਵੋ ਜਾਂ ਫਿਰ ਕਿਸੇ ਚਾਬੀ ਨਾਲ ਖੋਲ ਲਵੋ। ਇਸ 'ਤੇ ਸਵੈਟ ਟੀਮ ਨੇ ਦਰਵਾਜਾ ਤੋੜ ਕੇ ਬੱਚਿਆਂ ਨੂੰ ਬਾਹਰ ਕਢਿਆ ਸੀ।

# ਹੋਬੋਕਨ ਸਿਟੀ ਦੇ ਸਿੱਖ ਮੇਅਰ ਰਵਿੰਦਰ ਭੱਲਾ ਨੂੰ ਪਰਿਵਾਰ ਸਮੇਤ ਜਾਨੋਂ ਮਾਰਨ ਦੀਆਂ ਧਮਕੀਆਂ

**ਹਿਊਸਟਨ/ਬਿਊਰੋ ਨਿਊਜ਼:** ਨਿਊ ਜਰਸੀ ਦੀ ਹੋਬੋਕਨ ਸਿਟੀ ਦੇ ਪਹਿਲੇ ਸਿੱਖ ਮੇਅਰ ਰਵਿੰਦਰ ਭੱਲਾ ਦਾ ਕਹਿਣਾ ਹੈ ਕਿ ਹਾਲ ਹੀ ਵਿੱਚ ਉਸ ਨੂੰ ਤੇ ਉਸ ਦੇ ਪਰਿਵਾਰ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ ਗਈਆਂ ਸਨ। ਸਿਟੀ ਹਾਲ ਦੀ ਸੁਰੱਖਿਆ ਖ਼ਤਰੇ ਵਿੱਚ ਪੈਣ ਦੀ ਘਟਨਾ ਵਾਪਰਨ ਤੋਂ ਬਾਅਦ ਸ਼ੁੱਕਰਵਾਰ ਨੂੰ ਜਾਰੀ ਕੀਤੇ ਗਏ ਇਕ ਬਿਆਨ ਵਿੱਚ ਸ੍ਰੀ ਭੱਲਾ ਨੇ ਕਿਹਾ ਕਿ ਸ਼ਹਿਰ ਦਾ ਪ੍ਰਸ਼ਾਸਨ ਸਿਟੀ ਹਾਲ ਦੀ ਸੁਰੱਖਿਆ ਵਿੱਚ ਸੁਧਾਰ ਲਿਆਉਣ ਲਈ ਐਫਬੀਆਈ ਦੀ ਜੁਆਇੰਟ ਟੈਰਰਿਜ਼ਮ ਟਾਸਕ ਫੋਰਸ ਨਾਲ



ਮਿਲ ਕੇ ਕੰਮ ਕਰ ਰਿਹਾ ਹੈ। ਸ੍ਰੀ ਭੱਲਾ ਨੇ ਧਮਕੀਆਂ ਦੇ ਵੇਰਵੇ ਤਾਂ ਨਾ ਦਿੱਤੇ ਪਰ ਇੰਨਾ ਕਿਹਾ " ਇਹ ਘਟਨਾ ਤੇ ਇਸ ਦੇ ਨਾਲ ਹੀ ਮੈਨੂੰ ਤੇ ਮੇਰੇ ਪਰਿਵਾਰ ਨੂੰ ਮਾਰਨ ਦੀਆਂ ਧਮਕੀਆਂ ਮੰਦੇ ਭਾਗੀਂ ਇਹ ਚੇਤਾ ਕਰਾਉਂਦੀਆਂ ਹਨ ਕਿ ਸਾਨੂੰ ਸੁਰੱਖਿਆ ਨੂੰ ਗੰਭੀਰਤਾ ਨਾਲ ਲੈਣਾ ਪਵੇਗਾ। ਜੁਆਇੰਟ ਟੈਰਰਿਜ਼ਮ ਟਾਸਕ ਫੋਰਸ ਨੇ ਸਿਟੀ ਹਾਲ ਦੀ ਸੁਰੱਖਿਆ ਦਾ ਜਾਇਜ਼ਾ ਲਿਆ ਅਤੇ ਅਸੀਂ ਭਵਨ ਵਿਚਲੇ ਸਾਰੇ ਮੁਲਾਜ਼ਮਾਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਸਾਰੇ ਭੌਤਿਕ ਤੇ ਹੋਰਨਾਂ ਤਬਦੀਲੀਆਂ ਦੀਆਂ ਸਿਫਾਰਸ਼ਾਂ 'ਤੇ ਕੰਮ ਕਰ ਰਹੇ ਹਾਂ।" ਘਟਨਾ ਸਮੇਂ ਸ੍ਰੀ ਭੱਲਾ ਦਫ਼ਤਰ ਵਿੱਚ ਮੌਜੂਦ ਨਹੀਂ ਸਨ। ਉਨ੍ਹਾਂ ਦੇ ਡਿਪਟੀ ਚੀਫ਼ ਆਫ ਸਟਾਫ ਜੇਸਨ ਫ੍ਰੀਮੈਨ ਦਾ ਖਿਆਲ ਹੈ ਕਿ ਇਕ ਆਦਮੀ ਨੇ ਕੋਈ ਸ਼ੈਅ ਵਾਲਾ ਲਿਫ਼ਾਫਾ ਪ੍ਰਸ਼ਾਸਕੀ ਸਹਾਇਕ ਵੱਲ ਸੁੱਟ ਦਿੱਤਾ ਸੀ। ਹੋਬੋਕਨ ਦੇ ਪੁਲੀਸ ਮੁਖੀ ਕੈਨੇਥ ਫੈਰਾਂਟੇ ਨੇ ਕਿਹਾ ਕਿ ਵਿਭਾਗ ਨੇ ਇਹ ਮਾਮਲਾ ਬਹੁਤ ਗੰਭੀਰਤਾ ਨਾਲ ਲਿਆ ਹੈ। ਸਖ਼ਤ ਚੁਣਾਵੀ ਮੁਕਾਬਲੇ ਤੋਂ ਬਾਅਦ ਸ੍ਰੀ ਭੱਲਾ ਨਿਊ ਜਰਸੀ ਦੇ ਪਹਿਲੇ ਸਿੱਖ ਮੇਅਰ ਬਣੇ ਸਨ ਤੇ ਚੋਣ ਮੁਹਿੰਮ ਦੌਰਾਨ ਵੀ ਉਨ੍ਹਾਂ ਖ਼ਿਲਾਫ਼ ਨਸਲਪ੍ਰਸਤ ਟਿੱਪਣੀਆਂ ਕੀਤੀਆਂ ਗਈਆਂ ਸਨ।

# ਐਫ.ਬੀ.ਆਈ. ਦੇ 'ਰੂਸੀ' ਰੁਝੇਂਵਿਆਂ ਕਾਰਨ ਹੋਈ ਪਾਰਕਲੈਂਡ ਸਕੂਲ 'ਚ ਗੋਲੀਬਾਰੀ: ਟਰੰਪ

**ਫੋਰਟ ਲੌਡਰਡੇਲ/ਬਿਊਰੋ ਨਿਊਜ਼**

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਆਖਿਆ ਕਿ ਐਫਬੀਆਈ ਰੂਸੀ ਦਖ਼ਲ ਦੇ ਮਾਮਲੇ ਦੀ ਜਾਂਚ ਵਿੱਚ ਇਸ ਕਦਰ ਫਸੀ ਹੋਈ ਹੈ ਕਿ ਉਹ ਉਨ੍ਹਾਂ ਸੰਕੇਤਾਂ ਵੱਲ ਧਿਆਨ ਹੀ ਨਹੀਂ ਦੇ ਸਕੀ ਜਿਸ ਨਾਲ ਪਾਰਕਲੈਂਡ ਸਕੂਲ ਵਿੱਚ ਹੋਈ ਗੋਲੀਬਾਰੀ ਦੀ ਘਟਨਾ ਟਾਲੀ ਜਾ ਸਕਦੀ ਸੀ। ਟਰੰਪ ਦੀਆਂ ਇਹ ਸਖ਼ਤ ਟਿੱਪਣੀਆਂ ਉਦੋਂ ਸਾਹਮਣੇ ਆਈਆਂ ਜਦੋਂ ਗੋਲੀਬਾਰੀ ਵਿੱਚੋਂ ਬਚ ਨਿਕਲੇ ਵਿਦਿਆਰਥੀਆਂ ਨੇ ਫਲੋਰਿਡਾ ਤੇ ਹੋਰਨੀਂ ਥਾਈਂ ਹੋਈਆਂ ਬਹੁਤ ਸਾਰੀਆਂ ਰੈਲੀਆਂ ਵਿੱਚ ਦੋਸ਼ ਲਾਇਆ ਸੀ ਕਿ ਡੋਨਾਲਡ ਟਰੰਪ ਨੇ ਚੋਣਾਂ ਵਿੱਚ ਨੈਸ਼ਨਲ ਰਾਈਫਲ ਐਸੋਸੀਏਸ਼ਨ ਤੋਂ ਚੰਦਾ ਲਿਆ ਸੀ ਜਿਸ ਕਰ ਕੇ ਉਹ ਹਥਿਆਰ ਰੱਖਣ 'ਤੇ ਪਾਬੰਦੀ ਦੀਆਂ ਮੰਗਾਂ ਨੂੰ ਦਰਕਿਨਾਰ ਕਰਦੇ ਆ ਰਹੇ ਹਨ। ਟਰੰਪ ਨੇ ਟਵਿਟਰ 'ਤੇ ਲਿਖਿਆ "ਬਹੁਤ ਅਫਸੋਸ ਦੀ ਗੱਲ ਹੈ ਕਿ




ਫਲੋਰਿਡਾ ਵਿੱਚ ਬੰਦੂਕ ਹਿੰਸਾ ਖ਼ਿਲਾਫ਼ ਰੋਸ ਮਾਰਚ ਕਰਦੇ ਹੋਏ ਸਥਾਨਕ ਲੋਕ।

ਐਫਬੀਆਈ ਨੇ ਫਲੋਰਿਡਾ ਦੇ ਸਕੂਲ ਵਿੱਚ ਗੋਲੀਬਾਰੀ ਕਰਨ ਵਾਲੇ ਵਿਦਿਆਰਥੀ ਬਾਰੇ ਮਿਲਣ ਵਾਲੇ ਸੰਕੇਤਾਂ ਵੱਲ ਗੌਰ ਨਹੀਂ ਕੀਤੀ ਸੀ। ਉਹ ਟਰੰਪ ਦੀ ਚੋਣ ਮੁਹਿੰਮ ਨਾਲ ਰੂਸ ਦੀ ਗੰਢ ਤੁਪ ਨੂੰ ਸਾਬਿਤ ਕਰਨ ਲਈ ਬਹੁਤ ਸਾਰਾ ਸਮਾਂ ਲਾ ਰਹੇ ਹਨ ਪਰ ਅਜਿਹੀ ਕੋਈ ਗੰਢ ਤੁਪ ਨਹੀਂ ਸੀ। ਬੁਨਿਆਦੀ ਗੱਲਾਂ ਵੱਲ ਧਿਆਨ ਦਿਓ ਤੇ ਸਾਨੂੰ ਸਾਰਿਆਂ ਨੂੰ ਫ਼ਖ਼ਰ ਕਰਨ ਦਾ ਮੌਕਾ ਦਿਓ।" ਐਫਬੀਆਈ ਨੇ ਸ਼ੁੱਕਰਵਾਰ ਨੂੰ ਮੰਨਿਆ ਸੀ ਕਿ ਉਸ ਨੂੰ ਕਿਸੇ ਸੂਹੀਏ ਤੋਂ ਜਨਵਰੀ ਮਹੀਨੇ ਇਹ ਚੇਤਾਵਨੀ ਮਿਲੀ ਸੀ ਕਿ ਗੰਨਮੈਨ ਨਿਕੋਲਸ ਕਰੂਜ਼ ਵੱਡੇ ਪੱਧਰ 'ਤੇ ਗੋਲੀਬਾਰੀ ਦੀ ਯੋਜਨਾ ਬਣਾ ਰਿਹਾ ਹੈ ਪਰ ਏਜੰਟ ਉਸ ਦੀ ਪੈੜ ਨਹੀਂ ਨੱਪ ਸਕੇ। ਇਸੇ ਸਾਲ ਸਕੂਲਾਂ ਵਿੱਚ ਗੋਲੀਬਾਰੀ ਦੀਆਂ 18 ਵਾਰਦਾਤਾਂ ਵਾਪਰ ਚੁੱਕੀਆਂ ਹਨ ਅਤੇ ਬਹੁਤ ਸਾਰੇ ਲੋਕਾਂ ਵੱਲੋਂ ਬੰਦੂਕਾਂ ਦੀ ਖਰੀਦ 'ਤੇ ਪਾਬੰਦੀ ਲਾਉਣ ਦੀ ਮੁਹਿੰਮ ਵਿੱਢ ਦਿੱਤੀ ਗਈ ਹੈ।

## ਬੰਦੂਕਾਂ ਦੇ ਮੂੰਹ ਬੰਦ ਕਰਾਏ ਜਾਣ

ਪਾਰਕਲੈਂਡ: ਫਲੋਰਿਡਾ ਦੇ ਹਾਈ ਸਕੂਲ ਵਿੱਚ ਵਾਪਰੀ ਗੋਲੀਬਾਰੀ ਦੀ ਘਟਨਾ ਤੋਂ ਬਾਅਦ ਦੇਸ਼ ਭਰ ਦੇ ਸਕੂਲਾਂ ਦੇ ਬਾਹਰ ਧਰਨੇ-ਮੁਜ਼ਾਹਰਿਆਂ ਦੀ ਮੁਹਿੰਮ ਸ਼ੁਰੂ ਹੋ ਗਈ ਹੈ ਤੇ ਅਮਰੀਕੀ ਸੰਸਦ ਵਿੱਚ ਗੰਨ ਕੰਟਰੋਲ ਕਾਨੂੰਨਾਂ ਨੂੰ ਸਖ਼ਤ ਬਣਾਉਣ ਦੀ ਮੰਗ ਜ਼ੋਰ ਫੜ ਗਈ ਹੈ। ਔਰਤਾਂ ਦੇ ਹੱਕਾਂ ਲਈ ਕਾਰਜਸ਼ੀਲ ਗਰੁੱਪਾਂ ਵੱਲੋਂ 14 ਮਾਰਚ ਨੂੰ ਗੰਨ ਕੰਟਰੋਲ ਦੇ ਮੁੱਦੇ 'ਤੇ ਅਮਰੀਕੀ ਸੰਸਦ ਦੀ ਢਿੱਲ ਮੱਠ ਖ਼ਿਲਾਫ਼ ਰੋਸ ਦਰਜ ਕਰਾਉਣ ਲਈ ਮਹਿਲਾ ਮਾਰਚ ਉਲੀਕਿਆ ਗਿਆ ਹੈ। ਨੈੱਟਵਰਕ ਫਾਰ ਪਬਲਿਕ ਐਜੂਕੇਸ਼ਨ ਨਾਂ ਦੇ ਇਕ ਗਰੁੱਪ ਵੱਲੋਂ 20 ਅਪਰੈਲ ਨੂੰ "ਨੈਸ਼ਨਲ ਐਕਸ਼ਨ ਡੇਅ" ਮਨਾਉਣ ਦਾ ਐਲਾਨ ਕੀਤਾ ਗਿਆ ਹੈ।


ALL STATE INSURANCE
Allstate You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS
Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
• ਇੰਡੀਅਨ ਪਾਸਪੋਰਟ
• ਇੰਡੀਅਨ ਵੀਜ਼ਾ, OCI
• ਮੁਖਤਿਆਰਨਾਮਾ
• ਇਮੀਗਰੇਸ਼ਨ ਸਰਵਿਸਜ਼
• ਸਿਟੀਜਨ, ਗਰੀਨ ਕਾਰਡ
• ਫੈਮਲੀ ਪਟੀਸ਼ਨ
ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ
ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ
Call, Banga (916) 427-4321, Fax (916) 258-0441
Email : sacramento99@yahoo.co, website: capitalservices.us

## ਸਿੱਖ ਆਗੂ ਬਲਬੀਰ ਸਿੰਘ ਢਿੱਲੋਂ ਨੂੰ ਗਹਿਰਾ ਸਦਮਾ

### *ਪਿਤਾ ਸ.ਦਿਲਬਾਗ ਸਿੰਘ ਢਿੱਲੋਂ ਦਾ ਅਕਾਲ ਚਲਾਣਾ*

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ:** ਸਿੱਖ ਆਗੂ ਅਤੇ ਗੁਰਦੁਆਰਾ ਸਾਹਿਬ ਵੈਸਟ ਸੈਕਰਾਮੈਂਟੋ ਕੈਲੀਫੋਰਨੀਆ ਦੇ ਪ੍ਰਧਾਨ ਬਲਬੀਰ ਸਿੰਘ ਢਿੱਲੋਂ ਦੇ ਪਿਤਾ ਸ.ਦਿਲਬਾਗ ਸਿੰਘ ਢਿੱਲੋਂ ਵਾਹਿਗੁਰੂ ਜੀ ਵਲੋਂ ਦਿੱਤੀ ਸਾਹਾਂ ਦੀ ਪੂੰਜੀ



ਭੋਗ ਕੇ ਅਕਾਲ ਪੁਰਖ ਦੇ ਚਰਨਾਂ ਵਿੱਚ ਜਾ ਬਿਰਾਜੇ ਸਵਰਗਵਾਸੀ ਸ.ਦਿਲਬਾਗ ਸਿੰਘ ਢਿੱਲੋਂ ਰਾਮ ਸਿੰਘ ਢਿੱਲੋਂ ਦੇ ਸਭ ਤੋਂ ਛੋਟੇ ਭਰਾ ਅਤੇ ਸਪੁੱਤਰ ਸਵਰਗੀ ਗੇਂਦਾ ਸਿੰਘ ਢਿੱਲੋਂ ਅਤੇ ਸਵਰਗੀ ਮਾਤਾ ਗੁਰਬਚਨ ਕੌਰ ਢਿੱਲੋਂ ਅਤੇ ਸਵਰਗੀ ਹਰਨਾਮ ਸਿੰਘ ਢਿੱਲੋਂ ਅਤੇ ਸਵਰਗੀ ਮਾਤਾ ਧਨ ਕੌਰ ਢਿੱਲੋਂ ਦੇ ਪੋਤਰੇ ਅਤੇ ਸ਼ਹੀਦ ਨਨਕਾਣਾ ਸਾਹਿਬ ਸ.ਸੋਹਨ ਸਿੰਘ ਢਿੱਲੋਂ ਦੇ ਪੜਪੋਤੇ ਦਾ ਦੇਹਾਂਤ 4 ਫਰਵਰੀ 2018 ਨੂੰ ਸਵੇਰੇ 7.50 ਵਜੇ ਹੋਇਆ। ਉਨ੍ਹਾਂ ਦਾ ਜਨਮ 5 ਮਈ 1930 ਨੂੰ ਪਿੰਡ ਧੰਨੂਆਣਾ, ਚੱਕ 91, ਲਾਇਲਪੁਰ, ਭਾਰਤ, ਹੁਣ ਪਾਕਿਸਤਾਨ 'ਚ ਹੋਇਆ। ਉਹ ਪੂਰੀ ਤਰ੍ਹਾਂ ਨਾਲ ਸਿੱਖੀ ਸਰੂਪ ਨੂੰ ਸਮਰਪਿਤ ਸਨ ਅਤੇ ਸਿੱਖੀ ਲਈ ਜਿਊਂਦੇ ਸਨ ਅਤੇ ਉਨ੍ਹਾਂ ਨੇ ਆਪਣੇ ਜੀਵਨ ਦੀ ਸ਼ੁਰੂਆਤ ਤੋਂ ਹੀ ਸਖਤ ਮਿਹਨਤ ਨਾਲ ਅੱਗੇ ਵਧਣਾ ਜਾਰੀ ਰੱਖਿਆ। ਉਨ੍ਹਾਂ ਦਾ ਵਿਆਹ ਮਹਿੰਦਰ ਕੌਰ ਪੁੱਤਰੀ ਸਵਰਗੀ ਸ.ਨੰਦ ਸਿੰਘ ਨਾਲ ਹੋਇਆ. ਢਿੱਲੋਂ ਪਰਿਵਾਰ ਸੈਕਰਾਮੈਂਟੋ ਵੈਲੀ 'ਚ ਰਹਿੰਦਾ ਹੈ ਜਦੋਂ ਕਿ ਚੱਠਾ ਪਰਿਵਾਰ ਇੰਗਲੈਂਡ 'ਚ ਵਸਿਆ ਹੋਇਆ ਹੈ। ਸ. ਦਿਲਬਾਗ ਸਿੰਘ ਪੱਕੇ ਤੌਰ 'ਤੇ ਮਾਰਚ 1992 ਤੋਂ ਅਮਰੀਕਾ 'ਚ ਰਹਿ ਰਹੇ ਸਨ। ਉਨ੍ਹਾਂ ਨੇ ਗੁਰਦੁਆਰਾ ਸਾਹਿਬ ਵੈਸਟ ਸੈਕਰਾਮੈਂਟੋ 'ਚ ਵੀ ਸੇਵਾ ਦਾ ਕੰਮ ਜਾਰੀ ਰੱਖਿਆ। ਸਵਰਗਵਾਸੀ ਸ.ਦਿਲਬਾਗ ਸਿੰਘ ਢਿੱਲੋਂ ਦੇ ਸੈਕਰਾਮੈਂਟੋ ਸਸਕਾਰ ਅਤੇ ਅੰਤਮ ਅਰਦਾਸ ਮੌਕੇ ਵੱਡੀ ਗਿਣਤੀ 'ਚ ਸੰਗਤਾਂ ਪੁੱਜੀਆਂ ਹੋਈਆਂ ਸਨ।

# ਬੰਦ ਹੋ ਸਕਦੀਆਂ ਨੇ ਬਾਦਲਾਂ ਦੀਆਂ ਸ਼ਾਹੀ ਬੱਸਾਂ

### ਕੈਪਟਨ ਸਰਕਾਰ ਵਲੋਂ ਵੱਡੇ ਟਰਾਂਸਪੋਰਟਰਾਂ ਨੂੰ ਨੋਟਿਸ ਦੇਣ ਲਈ ਕਮਰਕਸੇ

**ਬਠਿੰਡਾ/ਬਿਊਰੋ ਨਿਊਜ਼:** ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਨੇ ਆਖ਼ਰ ਵੱਡੇ ਘਰਾਣਿਆਂ ਦੀਆਂ ਬੱਸਾਂ ਨੂੰ ਸੜਕਾਂ ਤੋਂ ਉਤਾਰਨ ਲਈ ਨੋਟਿਸ ਦੇਣ ਦੀ ਤਿਆਰੀ ਵਿੱਢ ਦਿੱਤੀ ਹੈ। ਵੱਡਾ ਝਟਕਾ ਬਾਦਲ ਪਰਿਵਾਰ ਦੀ ਬੱਸ ਕੰਪਨੀ ਨੂੰ ਲੱਗੇਗਾ। ਬਾਦਲਾਂ ਦੀਆਂ ਕਰੀਬ ਦੋ ਦਰਜਨ ਮਰਸਿਡੀਜ਼ ਬੱਸਾਂ ਨੂੰ ਬਰੇਕਾਂ ਲੱਗਣ ਦੀ ਸੰਭਾਵਨਾ ਬਣ ਗਈ ਹੈ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਫ਼ੈਸਲੇ ਮਗਰੋਂ ਸਟੇਟ ਟਰਾਂਸਪੋਰਟ ਕਮਿਸ਼ਨਰ ਨੇ 16 ਫਰਵਰੀ ਨੂੰ ਰਿਜ਼ਨਲ ਟਰਾਂਸਪੋਰਟ ਅਥਾਰਟੀਆਂ ਨੂੰ ਪੱਤਰ ਜਾਰੀ ਕੀਤਾ ਹੈ। ਪੱਤਰ ਵਿੱਚ ਹਦਾਇਤ ਕੀਤੀ ਗਈ ਹੈ ਕਿ ਹਾਈ ਕੋਰਟ ਦੇ ਹੁਕਮਾਂ ਮੁਤਾਬਿਕ ਗ਼ੈਰਕਾਨੂੰਨੀ ਤੌਰ 'ਤੇ ਵਧਾਏ ਪਰਮਿਟਾਂ ਆਦਿ ਵਾਲੀਆਂ ਬੱਸ ਕੰਪਨੀਆਂ ਨੂੰ ਫੌਰੀ ਨੋਟਿਸ ਜਾਰੀ ਕੀਤੇ ਜਾਣ ਅਤੇ ਪਰਮਿਟ ਕੈਂਸਲ ਕੀਤੇ ਜਾਣ। ਪੰਜਾਬ ਸਰਕਾਰ ਵੱਲੋਂ ਨਵੀਂ ਟਰਾਂਸਪੋਰਟ ਨੀਤੀ ਬਣਾਈ ਜਾ ਰਹੀ ਹੈ ਅਤੇ ਭਲਕੇ ਹਾਈ ਕੋਰਟ ਵਿੱਚ ਇਸ ਮਾਮਲੇ ਦੀ ਤਰੀਕ ਵੀ ਹੈ। ਟਰਾਂਸਪੋਰਟ ਵਿਭਾਗ ਨੇ ਹਾਈ ਕੋਰਟ ਦੇ ਹੁਕਮਾਂ ਦੇ ਬਾਵਜੂਦ ਗ਼ੈਰਕਾਨੂੰਨੀ ਪਰਮਿਟਾਂ ਵਾਲੀਆਂ ਬੱਸਾਂ ਨੂੰ ਵੀ ਮੋਹਲਤ ਦੇਈ ਰੱਖੀ ਪਰ ਹੁਣ ਐਨ ਮੌਕੇ 'ਤੇ ਪੱਤਰ ਜਾਰੀ ਕਰ ਕੇ ਹਦਾਇਤ ਜਾਰੀ ਕਰ ਦਿੱਤੀ ਹੈ। ਜੋ ਬੱਸਾਂ ਅੰਤਰਰਾਜੀ ਰੂਟਾਂ 'ਤੇ ਚੱਲਦੀਆਂ ਹਨ, ਉਨ੍ਹਾਂ ਨੂੰ ਵੱਡੀ ਸੱਟ ਵੱਜੇਗੀ। ਸੂਤਰ ਦੱਸਦੇ ਹਨ ਇਸ ਨਾਲ ਕਿ 6200 ਤੋਂ ਜ਼ਿਆਦਾ ਪਰਮਿਟ ਪ੍ਰਭਾਵਿਤ ਹੋਣਗੇ। ਬਾਦਲ ਪਰਿਵਾਰ ਦੀ ਮਰਸੀਡੀਜ਼ ਬੱਸ ਸੇਵਾ ਚੰਡੀਗੜ੍ਹ ਅਤੇ ਗੰਗਾਨਗਰ ਤੱਕ ਹੈ, ਜਿਸਨੂੰ ਸਭ ਤੋਂ ਵੱਧ ਮਾਰ ਪਵੇਗੀ। ਵੇਰਵਿਆਂ ਅਨੁਸਾਰ ਬਾਦਲ ਪਰਿਵਾਰ ਦੀਆਂ ਬੱਸ ਕੰਪਨੀਆਂ ਕੋਲ ਕਰੀਬ 35 ਮਰਸਿਡੀਜ਼ ਬੱਸਾਂ ਹਨ ਜੋ ਬਠਿੰਡਾ ਚੰਡੀਗੜ੍ਹ, ਮਾਨਸਾ ਚੰਡੀਗੜ੍ਹ, ਅੰਮ੍ਰਿਤਸਰ ਚੰਡੀਗੜ੍ਹ, ਪਠਾਨਕੋਟ ਚੰਡੀਗੜ੍ਹ, ਫਾਜ਼ਿਲਕਾ ਚੰਡੀਗੜ੍ਹ ਤੇ ਅਬੋਹਰ ਗੰਗਾਨਗਰ ਆਦਿ ਰੂਟਾਂ 'ਤੇ ਚੱਲ ਰਹੀਆਂ ਹਨ। ਨਵੇਂ ਫ਼ੈਸਲੇ ਮੁਤਾਬਿਕ ਇਹ ਬੱਸਾਂ ਸਭ ਤੋਂ ਜ਼ਿਆਦਾ ਪ੍ਰਭਾਵਿਤ ਹੋਣਗੀਆਂ। ਇਸ ਤਰ੍ਹਾਂ ਬਾਦਲ ਪਰਿਵਾਰ ਦੀਆਂ ਬਠਿੰਡਾ ਲੁਧਿਆਣਾ ਅਤੇ ਬਠਿੰਡਾ ਪਟਿਆਲਾ ਰੂਟ ਤੇ ਕਰੀਬ 52 ਬੱਸਾਂ ਚੱਲਦੀਆਂ ਹਨ ਜਦਕਿ ਅਬੋਹਰ ਲੁਧਿਆਣਾ ਵਾਇਆ ਮੋਗਾ, ਅਬੋਹਰ ਜਲੰਧਰ ਵਾਇਆ ਮੋਗਾ ਰੂਟ ਤੇ ਕਰੀਬ 32 ਬੱਸਾਂ ਚੱਲਦੀਆਂ ਹਨ। ਇਨ੍ਹਾਂ




ਬੱਸ ਕੰਪਨੀਆਂ ਵੱਲੋਂ ਪਰਮਿਟਾਂ ਦੀ ਲੰਬਾਈ ਵਿੱਚ ਵਾਰ ਵਾਰ ਵਾਧਾ ਕੀਤਾ ਗਿਆ ਹੈ ਜਿਸ ਨੂੰ ਅਦਾਲਤ ਨੇ ਗ਼ੈਰਕਾਨੂੰਨੀ ਦੱਸਿਆ ਹੈ। ਹਾਈ ਕੋਰਟ ਦੇ ਹੁਕਮ ਤਾਂ ਸਪੱਸ਼ਟ ਸਨ ਪਰ ਸਰਕਾਰ ਨੇ ਹੁਣ ਤੱਕ ਨਵੀਂ ਟਰਾਂਸਪੋਰਟ ਪਾਲਿਸੀ ਦਾ ਬਹਾਨਾ ਲਗਾਈ ਰੱਖਿਆ। ਸੂਤਰ ਦੱਸਦੇ ਹਨ ਕਿ ਹਾਈ ਕੋਰਟ ਦੇ ਹੁਕਮ ਏਨੇ ਸਪੱਸ਼ਟ ਹਨ ਕਿ ਸਰਕਾਰ ਚਾਹੇ ਤਾਂ ਫੌਰੀ ਗ਼ੈਰਕਾਨੂੰਨੀ ਪਰਮਿਟਾਂ ਆਦਿ ਵਾਲੀਆਂ ਬੱਸਾਂ ਨੂੰ ਬੰਦ ਕਰ ਸਕਦੀ ਹੈ। ਹਾਈ ਕੋਰਟ ਦੇ ਫ਼ੈਸਲੇ ਕਾਰਨ ਸਰਕਾਰ ਨੂੰ ਹੋਰ ਮੋਹਲਤ ਦੇਣੀ ਵੀ ਮੁਸ਼ਕਲ ਬਣੀ ਹੋਈ ਹੈ।

ਬਠਿੰਡਾ ਅਤੇ ਪਟਿਆਲਾ ਦੇ ਆਰਟੀਏ ਤੋਂ ਇਲਾਵਾ ਸਟੇਟ ਟਰਾਂਸਪੋਰਟ ਕਮਿਸ਼ਨਰ ਨੇ ਵਾਰ-ਵਾਰ ਸੰਪਰਕ ਕਰਨ ਦੇ ਬਾਵਜੂਦ ਫੋਨ ਨਹੀਂ ਚੁੱਕਿਆ। ਪਤਾ ਲੱਗਾ ਹੈ ਕਿ ਰਿਜ਼ਨਲ ਟਰਾਂਸਪੋਰਟ ਅਥਾਰਟੀਆਂ ਇਸ ਵੇਲੇ ਬਾਦਲ ਪਰਿਵਾਰ ਨੂੰ ਕਿਸੇ ਵੀ ਸੂਰਤ 'ਚ ਨਾਰਾਜ਼ ਨਹੀਂ ਕਰਨਾ ਚਾਹੁੰਦੀਆਂ ਹਨ, ਜਿਸ ਕਰਕੇ ਉਨ੍ਹਾਂ ਦੀ ਨੋਟਿਸ ਦੇਣ ਦੀ ਕਾਰਵਾਈ ਵੀ 'ਕੀੜੀ ਚਾਲ' ਚੱਲ ਰਹੀ ਹੈ। ਜਾਰੀ ਪੱਤਰ ਅਨੁਸਾਰ ਸਾਰੀਆਂ ਬੱਸ ਕੰਪਨੀਆਂ ਦੇ ਪਰਮਿਟ ਪ੍ਰਭਾਵਿਤ ਹੋਣੇ ਹਨ ਅਤੇ ਮਿੰਨੀ ਬੱਸ ਸੇਵਾ ਨੂੰ ਵੀ ਸੱਟ ਵੱਜਣੀ ਹੈ।

## ਸ. ਪ੍ਰੀਤਮ ਸਿੰਘ ਮਾਨ ਦੇ ਅਕਾਲ ਚਲਾਣੇ ਨਾਲ ਪਰਿਵਾਰ ਨੂੰ ਭਾਰੀ ਸਦਮਾ ਸਸਕਾਰ ਤੇ ਅੰਤਮ ਅਰਦਾਸ 23 ਫਰਵਰੀ ਸ਼ੁਕਰਵਾਰ ਨੂੰ

**ਫਰਿਜ਼ਨੋ(ਕੁਲਵੰਤ ਧਾਲੀਆਂ/ ਨੀਟਾ ਮਾਛੀਕੇ):** ਕਰਮਨ ਨਿਵਾਸੀ ਸ. ਪ੍ਰੀਤਮ ਸਿੰਘ ਮਾਨ ਆਪਣੀ ਸੰਸਾਰਕ ਯਾਤਰਾ ਪੂਰੀ ਕਰਦੇ ਹੋਏ 15 ਫਰਵਰੀ ਨੂੰ ਅਕਾਲ ਚਲਾਣਾ ਕਰ ਗਏ ਸਨ। ਉਨ੍ਹਾਂ ਦੀ ਉਮਰ 67 ਸਾਲ ਸੀ ਅਤੇ ਪਿਛਲਾ ਪਿੰਡ ਚੌਕੀਮਾਨ, ਜਿਲ੍ਹਾਂ ਲੁਧਿਆਣਾ ਸੀ। ਉਹ ਪੰਜਾਬ ਤੋਂ ਆਉਣ ਬਾਅਦ ਕੁਝ ਸਮਾਂ ਸਨਵਾਕੀਨ ਵਿਖੇ ਰਹੇ ਅਤੇ ਬਾਅਦ ਵਿੱਚ ਕਰਮਨ ਸ਼ਹਿਰ ਵਿਖੇ ਆ ਵਸੇ;



ਪਿਛਲੇ 41 ਸਾਲਾਂ ਤੋਂ ਅਮਰੀਕਾ ਰਹਿ ਰਹੇ ਸ. ਮਾਨ ਸਾਰੇ ਇਲਾਕੇ ਵਿੱਚ ਪੰਜਾਬੀ ਭਾਈਚਾਰੇ ਦੀ ਸਤਿਕਾਰਯੋਗ ਸ਼ਖਸੀਅਤ ਸਨ। ਹਰ ਸਮੇਂ ਸਮਾਜਿਕ ਅਤੇ ਭਾਈਚਾਰਿਕ ਕਾਰਜਾਂ ਵਿੱਚ ਵੱਧ-ਚੜ੍ਹ ਕੇ ਹਿੱਸਾ ਲੈਂਦੇ ਸਨ।

ਸ.ਪ੍ਰੀਤਮ ਸਿੰਘ ਮਾਨ ਦਾ ਸਸਕਾਰ ਅਤੇ ਸਰਧਾਜ਼ਲੀਆਂ ਦੀ ਰਸਮ 23 ਫਰਵਰੀ 2018, ਸ਼ੁੱਕਰਵਾਰ ਨੂੰ 'ਸ਼ਾਂਤ ਭਵਨ ਪੰਜਾਬੀ ਫਿਊਨਰਲ ਹੋਮ' 4800 E.Clayton Ave, Fowler, CA-93625 ਵਿਖੇ ਸਵੇਰੇ 11:00 ਵਜ਼ੇ ਤੋਂ ਬਾਅਦ ਦੁਪਹਿਰ 2:00 ਵਜੇ ਹੋਵੇਗੀ। ਇਸ ਉਪਰੰਤ ਉਨ੍ਹਾਂ ਦੀ ਆਤਮਕ ਸ਼ਾਂਤੀ ਲਈ ਰੱਖੇ ਗਏ ਪਾਠ ਦਾ ਭੋਗ ਅਤੇ ਅੰਤਮ ਅਰਦਾਸ ਗੁਰਦੁਆਰਾ 'ਗੁਰੂ ਨਾਨਕ ਸਿੱਖ ਟੈਂਪਲ' ਸਨਵਾਕੀਨ 8695 Main St., San Joaquin, CA- 93660 ਵਿਖੇ ਬਾਅਦ ਦੁਪਹਿਰ 2:30 ਵਜੇ ਤੋਂ ਬਾਅਦ ਦੁਪਹਿਰ 4:00 ਵਜੇ ਤੱਕ ਹੋਵੇਗੀ।

ਇਸ ਦੁੱਖ ਦੀ ਘੜੀ ਵਿੱਚ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਅਤੇ ਹੋਰ ਜਾਣਕਾਰੀ ਲਈ ਉਨ੍ਹਾਂ ਦੇ ਸਪੁੱਤਰ ਸੰਜੀਵ ਸਿੰਘ ਮਾਨ (559) 473-8724 ਜਾਂ ਨਵਜੀਤ ਸਿੰਘ ਮਾਨ (559) 790-1372 ਨਾਲ ਸੰਪਰਕ ਕੀਤਾ ਜਾ ਸਕਦਾ ਹੈ।


Global Solution for Transportation

Global Solution For Transportation ਵਲੋਂ Trucking ਕੰਪਨੀਆਂ ਵਾਸਤੇ ਹੇਠ ਲਿਖੀਆਂ ਸੇਵਾਂਵਾਂ ਉਪਲਭਧ ਹਨ

E Trucking Solution
- Trucking Management Software
- Complete Compliance Management
- Billing
- Dispatch By Phone app
- Accounting
- Maintenance Record

ਨਵੀਆਂ ਕੰਪਨੀਆਂ ਲਈ ਸਪੈਸ਼ਲ ਆਫ਼ਰ ਸਾਰੇ ਪਰਮਿਟ ਕੇਵਲ 99 ਡਾਲਰ 'ਚ
ਕੰਡੀਸ਼ਨ ਅਪਲਾਈ

Global Truck Permits
- Corporation Set Up
- Truck Permits, NY Permits
- License Plates, Kyu Permits
- DOT and ICC -MC Permit
- IFTA Permits, Fuel Tax Filing
- CA -MCP Permits, 2290 Filing


Rajinder Singh Tanda

Call For Our Special Promotion -
All Permits For $99.00 only, For A New Company (condition apply)

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ
Address: 4646 Qantas Ln, Ste B14 Stockton CA 95206
Office - 1-800- 936 4011, 209-636-0880 Cell - (510) 557-6988, Fax - (209) 636 0850
email info@etruckingsolution.com www.etruckingsolution.com


Lakhvir Singh

# ਮੋਹਨ ਭਾਗਵਤ ਆਰਐਸਐਸ ਦੀ ਅਪਣੀ ਨਿੱਕਧਾਰੀ ਫ਼ੌਜ ਨੂੰ ਚੀਨ ਦੇ ਬਾਰਡਰ ਉੱਤੇ ਲਾਵੇ : ਸਿੱਖ ਕੋਆਰਡੀਨੇਸ਼ਨ ਕਮੇਟੀ

**ਵਾਸ਼ਿੰਗਟਨ/ਹੁਸਨ ਲੜੋਆ ਬੰਗਾ:** ਅਮਰੀਕਾ ਦੀਆਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਤੇ ਸਿੱਖ ਜਥੇਬੰਦੀਆਂ ਵੱਲੋਂ ਬਣਾਈ ਸਾਂਝੇ ਤੌਰ ਤੇ ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ (ਯੂਐਸਏ) ਨੇ ਆਰਐਸਐਸ ਮੁਖੀ ਮੋਹਨ ਭਾਗਵਤ ਦੇ ਉਸ ਬਿਆਨ ਦਾ ਸਖ਼ਤ ਨੋਟਿਸ ਲਿਆ ਹੈ ਜਿਸ ਵਿਚ ਮੋਹਨ ਭਾਗਵਤ ਕਹਿ ਰਿਹਾ ਹੈ ਕਿ ਉਹ ਤਿੰਨ ਦਿਨਾਂ ਵਿਚ ਆਰਐਸਐਸ ਦੀ ਫ਼ੌਜ ਤਿਆਰ ਕਰ ਸਕਦੇ ਹਨ ਜਦ ਕਿ ਭਾਰਤੀ ਸੈਨਾ ਨੂੰ 6-7 ਮਹੀਨੇ ਤਿਆਰੀ ਕਰਨ ਨੂੰ ਲੱਗ ਜਾਂਦੇ ਹਨ। ਕੋਆਰਡੀਨੇਸ਼ਨ ਕਮੇਟੀ ਦੇ ਆਗੂਆਂ ਨੇ ਹੰਗਾਮੀ ਮੀਟਿੰਗ ਕਰਕੇ ਕਿਹਾ ਹੈ ਕਿ ਇਹ ਅਸਲ ਵਿਚ ਹਿੰਦੁਸਤਾਨ ਵਿਚ ਹਿੰਦੂ ਅੱਤਵਾਦ ਦਾ ਕਰੂਰ ਚਿਹਰਾ-ਮੋਹਰਾ ਹੈ ਜੋ ਹਿੰਦੁਸਤਾਨ ਦੀ ਕੇਂਦਰ ਸਰਕਾਰ ਨੂੰ ਨਜ਼ਰ ਨਹੀਂ ਆ ਰਿਹਾ।

ਇੱਥੇ ਜਾਰੀ ਇੱਕ ਸਾਂਝੇ ਲਿਖਤੀ ਪ੍ਰੈਸ ਬਿਆਨ 'ਚ ਸਿੱਖ ਕੋਆਰਡੀਨੇਸ਼ਨ ਕਮੇਟੀ ਦੇ ਕੋਆਰਡੀਨੇਟਰ ਸ. ਹਿੰਮਤ ਸਿੰਘ ਤੇ ਹੋਰਨਾਂ ਆਗੂਆਂ ਵਿਚ ਕੇਵਲ ਸਿੰਘ ਸਿੱਧੂ, ਹਰਜਿੰਦਰ ਸਿੰਘ ਪਾਈਨਹਿੱਲ, ਵੀਰ ਸਿੰਘ ਮਾਂਗਟ ਅਤੇ ਦਵਿੰਦਰ ਸਿੰਘ ਦਿਓ ਨੇ ਕਿਹਾ ਕਿ ਮੋਹਨ ਭਾਗਵਤ ਦਾ ਇਹ ਬਿਆਨ ਭਾਰਤ ਨੂੰ ਬਾਰਡਰਾਂ ਤੇ ਗੁਆਂਢੀ ਦੇਸ਼ਾਂ ਨਾਲ ਹੁੰਦੀ ਤਲਖ਼ੀ ਤੋਂ ਬਚਾਉਣ ਦਾ ਨਹੀਂ ਹੈ, ਸਗੋਂ ਇਹ ਬਿਆਨ ਘੱਟ ਗਿਣਤੀਆਂ ਨੂੰ ਡਰਾਉਣ ਧਮਕਾਉਣ ਲਈ ਦਿੱਤਾ ਗਿਆ ਹੈ।

ਅਮਰੀਕੀ ਸਿੱਖ ਆਗੂਆਂ ਨੇ ਕਿਹਾ ਕਿ ਆਰਐਸਐਸ ਤੇ ਹੋਰ ਹਿੰਦੂਤਵਾ ਦੀਆਂ ਸੰਸਥਾਵਾਂ ਵੱਲੋਂ ਜਿਸ ਤਰ੍ਹਾਂ ਫਿਰਕੂ ਤਣਾਅ ਪੈਦਾ ਕਰਨ ਲਈ ਮੰਦਰਾਂ ਵਿਚ ਖ਼ਤਰਨਾਕ ਹਥਿਆਰ ਰੱਖ ਦੇ ਪੂਜਾ ਕੀਤੀ ਜਾਂਦੀ ਹੈ, ਤੇ ਹਥਿਆਰਾਂ ਨਾਲ ਲੈਸ ਹੋ ਕੇ ਪੰਜਾਬ ਵਰਗੇ ਸੂਬੇ ਵਿਚ ਜਲੂਸ ਕੱਢੇ ਜਾਂਦੇ ਹਨ, ਉਹ ਕੇਂਦਰ ਦੀਆਂ ਨਿਆਂ ਪ੍ਰਣਾਲੀ ਦੀਆਂ ਏਜੰਸੀਆਂ ਨੂੰ ਨਜ਼ਰ ਨਹੀਂ ਆਉਂਦੇ ਪਰ ਜੇਕਰ ਸਿੱਖ, ਗੁਰੂਆਂ ਦੀ ਕਿਰਪਾ ਨਾਲ ਸਜਾਈ ਗਈ ਕਿਰਪਾਨ ਦਾ ਪ੍ਰਦਰਸ਼ਨ ਕਰ ਦਿੰਦੇ ਹਨ ਤਾਂ ਭਾਰਤੀ ਹਿੰਦੂਤਵਾ ਮੀਡੀਆ ਦੇ ਕੈਮਰੇ ਝੱਟ ਉਧਰ ਨੂੰ ਘੁੰਮ ਜਾਂਦੇ ਹਨ। ਜਦੋਂ ਪੰਜਾਬ ਵਰਗੇ ਸੂਬੇ ਵਿਚ ਆਰਐਸਐਸ ਦੇ ਇਹ ਕਾਰਕੁਨ ਸਿੱਧਮ ਸਿੱਧੇ ਹਥਿਆਰਾਂ ਨਾਲ ਪ੍ਰਦਰਸ਼ਨ ਕਰਦੇ ਹਨ ਤਾਂ ਭਾਰਤੀ ਮੀਡੀਆ ਸ਼ਾਂਤ ਰਹਿੰਦਾ ਹੈ।



ਆਗੂਆਂ ਨੇ ਕਿਹਾ ਕਿ ਜੇਕਰ ਮੋਹਨ ਭਾਗਵਤ ਕੋਲ ਆਰਐਸਐਸ ਦੀ ਫੌਜ ਤਿਆਰ ਹੋ ਹੀ ਗਈ ਹੈ ਤਾਂ ਉਹ ਚੀਨ ਦੇ ਬਾਰਡਰ ਤੇ ਉਸ ਨਿੱਕਰਧਾਰੀ ਫੌਜ ਨੂੰ ਲਗਾਵੇ ਤਾਂ ਕਿ ਭਾਰਤ ਦਾ ਬਾਰਡਰ ਸੁਰੱਖਿਅਤ ਰਹਿ ਸਕੇ। ਨਾਲੇ ਸਿਰਫ਼ ਭਾਰਤ ਹੀ ਨਹੀਂ ਬਲਕਿ ਦੁਨੀਆ ਭਰ 'ਚ ਸਭਨਾਂ ਨੂੰ ਪਤਾ ਲੱਗ ਜਾਵੇਗਾ ਕਿ ਮੋਹਨ ਭਾਗਵਤ ਨਿੱਕਰਧਾਰੀ ਫੌਜ ਅਤੇ ਆਰਐਸਐਸ ਦੇ ਤਿਲਾਂ ਵਿਚ ਕਿੰਨਾ ਕੁ ਤੇਲ ਹੈ। ਇਸ ਬਾਰੇ ਕੋਈ ਸ਼ੰਕਾ ਨਹੀਂ ਕਿ ਭਾਰਤ ਦੀਆਂ ਚੀਨ ਤੇ ਪਾਕਿਸਤਾਨ ਨਾਲ ਲਗਦੀਆਂ ਸਰਹੱਦਾਂ ਉੱਤੇ ਤਾਂ ਹਮੇਸ਼ਾ ਘੱਟ ਗਿਣਤੀਆਂ ਦੇ ਨੌਜਵਾਨ ਹੀ ਸ਼ਹੀਦ ਹੁੰਦੇ ਹਨ, ਜਿਸ ਨੂੰ ਅਸੀਂ ਭਾਰਤੀ ਸਰਕਾਰ ਵੱਲੋਂ ਘੱਟ ਗਿਣਤੀਆਂ ਦਾ ਸਾਜ਼ਿਸ਼ੀ ਕਤਲ ਮੰਨਦੇ ਹਾਂ। ਜਦੋਂ ਵੀ ਕੋਈ ਘੱਟ ਗਿਣਤੀਆਂ ਦਾ ਨੌਜਵਾਨ ਸ਼ਹੀਦ ਹੁੰਦਾ ਹੈ ਤਾਂ ਉਸ ਦੇ ਪਰਿਵਾਰ ਨੂੰ ਕੁੱਝ ਨਹੀਂ ਮਿਲਦਾ ਸਗੋਂ ਖੱਜਲ ਖੁਆਰ ਹੁੰਦਾ ਹੈ। ਉਨਾਂ ਕਿਹਾ ਕਿ ਆਰਐਸਐਸ ਦਾ ਮੁਖੀ ਘੱਟ ਗਿਣਤੀਆਂ ਨੂੰ ਧਮਕਾਉਣ ਦੀਆਂ ਅਜਿਹੀਆਂ ਗਿੱਦੜ ਭਬਕੀਆਂ ਮਾਰਨੀਆਂ ਬੰਦ ਕਰੇ, ਹਿੰਦੂ ਧਰਮ ਨੂੰ ਬਚਾਉਣ ਲਈ ਸਿੱਖ ਗੁਰੂਆਂ ਦੀਆਂ ਕੁਰਬਾਨੀਆਂ ਹੀ ਹਨ, ਨਹੀਂ ਤਾਂ ਹਿੰਦੁਸਤਾਨ ਵਿਚ ਹਿੰਦੂਤਵ ਦਾ ਨਾਮੋ ਨਿਸ਼ਾਨ ਮਿਟ ਜਾਣਾ ਸੀ। ਉਨਾਂ ਕਿਹਾ ਕਿ ਆਰਐਸਐਸ ਵੱਲੋਂ ਸਿੱਖ ਗੁਰੂ ਸਾਹਿਬਾਨਾ ਪ੍ਰਤੀ ਭੱਦੀ ਸ਼ਬਦਾਵਲੀ ਵਰਤੀ ਜਾਂਦੀ ਹੈ ਜੋ ਬਰਦਾਸ਼ਤ ਨਹੀਂ ਹੁੰਦੀ, ਹੁਣ ਆਰਐਸਐਸ ਮੁਖੀ ਦਾ ਅਜਿਹਾ ਬਿਆਨ ਵੀ ਘੱਟ ਗਿਣਤੀਆਂ ਨੂੰ ਦਬਕਾਉਣ ਦਾ ਕੋਝਾ ਕਾਰਨਾਮਾ ਹੈ, ਜੋ ਬਰਦਾਸ਼ਤ ਤੋਂ ਬਾਹਰ ਹੈ।

*ਭਗਵੇਂ ਅੱਤਵਾਦੀਆਂ ਦਾ ਭੜਕਾਊ ਐਲਾਨ*

## "ਗਊ ਹੱਤਿਆ ਕਰਨ ਵਾਲਿਆਂ ਨੂੰ ਸ਼ਰੇਆਮ ਮਰਾਂਗੇ ਗੋਲੀ"

**ਨਵੀਂ ਦਿੱਲੀ/ਬਿਊਰੋ ਨਿਊਜ਼:** ਨਵੀਂ ਦਿੱਲੀ ਦੇ ਰਾਮਲੀਲ੍ਹਾ ਮੈਦਾਨ ਵਿਚ ਚੱਲ ਰਹੇ ਗਊ ਮਾਤਾ ਪ੍ਰਤਿਸ਼ਠਾ ਅੰਦੋਲਨ ਵਿਚ ਸ਼ਾਮਲ ਰਾਜਸਥਾਨ ਗਊ ਰਕਸ਼ਾ ਕਮਾਂਡੋ ਫੋਰਸ ਦੇ ਪ੍ਰਧਾਨ ਐੱਸ ਐੱਸ ਟਾਈਗਰ ਨੇ ਮੰਚ ਤੋਂ ਕਿਹਾ ਕਿ ਜਿੱਥੇ ਵੀ ਗਊ ਦੀ ਹੱਤਿਆ ਹੁੰਦੀ ਦੇਖਾਂਗੇ, ਉਥੇ ਹੀ ਸਰੇਆਮ ਗੋਲੀ ਮਾਰ ਦਿਆਂਗੇ। ਉਸ ਨੇ ਕਿਹਾ ਕਿ ਸਾਨੂੰ ਕਿਸੇ ਕਾਨੂੰਨ ਜਾਂ ਸੰਵਿਧਾਨ ਦੀ ਪਰਵਾਹ ਨਹੀਂ ਹੈ, ਜਿੱਥੇ ਗਾਂ ਵੱਢੀ ਜਾਵੇਗੀ, ਉੱਥੇ ਹੀ ਕਸਾਈ ਵੀ ਵੱਢਿਆ ਜਾਵੇਗਾ। ਟਾਈਗਰ ਨੇ ਕਿਹਾ, "ਤੁਹਾਨੂੰ ਲੋਕਾਂ ਨੂੰ ਇਹ ਨਹੀਂ ਦਿਖਾਈ ਦਿੰਦਾ ਕਿ ਗਊਆਂ ਦੀ ਹੱਤਿਆ ਹੋ ਰਹੀ ਹੈ, ਮੰਤਰੀ ਤੇ ਨੇਤਾ ਗੂੰਗੇ ਹੋ ਸਕਦੇ ਹਨ, ਪਰ ਅਸੀਂ ਕੀ ਕਰਾਂਗੇ, ਜੇ ਕੋਈ ਸਾਡੀ ਮਾਂ ਦੇ ਨਾਲ ਅੱਤਿਆਚਾਰ ਕਰੇਗਾ, ਕੀ ਅਸੀਂ ਬਰਦਾਸ਼ਤ ਕਰਾਂਗੇ ?" ਉਸ ਨੇ ਕਿਹਾ ਕਿ ਸਾਡੀ ਮਾਂ (ਗਾਂ) ਨੂੰ ਕੋਈ ਵੱਢੇਗਾ ਤਾਂ ਅਸੀਂ ਉਸ ਨੂੰ ਨਹੀਂ ਛੱਡਾਂਗੇ, ਅਸੀਂ ਸੰਤਾਂ ਦੇ ਆਦੇਸ਼ ਦਾ ਇੰਤਜ਼ਾਰ ਕਰ ਰਹੇ ਹਾਂ। ਆਪਣਾ ਬੇਹੱਦ ਭੜਕਾਊ ਭਾਸ਼ਣ ਜਾਰੀ ਰੱਖਦਿਆਂ ਇਸ ਕਥਿਤ ਗਊ ਰਾਖੇ ਨੇ ਕਿਹਾ, "ਜੇ ਮੋਦੀ ਜੀ ਨੇ ਗਊ ਮਾਤਾ ਨੂੰ ਰਾਸ਼ਟਰੀ ਮਾਤਾ ਨਹੀਂ ਬਣਾਇਆ ਅਤੇ ਗਊ ਹੱਤਿਆ ਤੇ ਮੁਕੰਮਲ ਪਾਬੰਦੀ ਨਹੀਂ ਲਗਾਈ ਤਾਂ ਅੱਜ ਤੋਂ ਬਾਅਦ ਨਾ ਅੰਦੋਲਨ ਕਰਾਂਗੇ, ਨਾ ਧਰਨਾ ਦੇਵਾਂਗੇ, ਜਿੱਥੇ ਵੀ ਗਊ ਹੱਤਿਆ ਦੇਖਾਂਗੇ, ਸਰੇਆਮ ਗੋਲੀ ਮਾਰ ਦਿਆਂਗੇ। ਅਸੀਂ ਸਾਫ ਕਹਿ ਰਹੇ ਹਾਂ, ਦੇਸ਼ ਦਾ ਕਾਨੂੰਨ ਚਾਹੇ ਕੁਝ ਵੀ ਕਰੇ, ਸਾਨੂੰ ਫਾਂਸੀ ਤੇ ਚੜ੍ਹਾ ਦੇਵੇ, ਜੇਲ੍ਹ ਵਿਚ ਸੁੱਟ ਦੇਵੇ, ਸਾਨੂੰ ਇਹ ਮਨਜ਼ੂਰ ਹੈ ਸਭ ਕੁਝ, ਪਰ ਗਊ ਮਾਤਾ ਦੀ ਹੱਤਿਆ ਬਰਦਾਸ਼ਤ ਨਹੀਂ ਕਰਾਂਗੇ।"



WHITE HAWK TRUCKING INC

*Need Drivers & Owner Operators*

Dedicated Load (ਪੱਕੇ ਲੋਡ)

Immediate Payment Option

West Coast I-5 Route




• ਸਾਡੇ ਸਾਰੇ ਟਰੱਕ ਨਵੇਂ ਹਨ • ਪੇਪਰ ਦਿਓ ਪੈਸੇ ਲਓ • Home Time ਵੀ ਦਿੰਦੇ ਹਾਂ

• ਡਰਾਇਵਰਾਂ ਦਾ ਕੋਈ ਵੀ ਪੈਸਾ ਥੱਲੇ ਨਹੀਂ ਰੱਖਿਆ ਜਾਂਦਾ • We Sell New & Used Tires

• Minor to Major Repair • Rebuild Engine Transmission DEF, DPF Cleaning

• Any kind of Road Service • Computer Diagnose

*Call for more Info:*

Phone: (209) 242-9569, (209) 564-8899, (209) 345-6968

2101 MARTIN LUTHER KING JR WAY STOCKTON, CA 95205

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ Weekly Punjabi Newspaper

Corporate Office
4127 Bay Street, Suite 8
Fremont, CA 94538
Email: asrtimes@gmail.com

ਵਧੇਰੇ ਜਾਣਕਾਰੀ ਤੇ ਖ਼ਬਰਾਂ ਲਈ ਸੰਪਰਕ
Tel: (510) 240-5949 • Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157 • (510) 677-2777 Jai Singh

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

# ਭਾਰਤ ਦੇ ਮੀਡੀਆ ਅਦਾਰਿਆਂ ਦਾ ਮੁਨਾਫਾ ਵਧਿਆ ਪਰ ਪ੍ਰੈਸ ਦੀ ਅਜ਼ਾਦੀ ਦਾ ਦਾਇਰਾ ਸੁੰਗੜਿਆ: ਵਾਸਿੰਗਟਨ ਪੋਸਟ

**ਚੰਡੀਗੜ੍ਹ/ਸਿੱਖ ਸਿਆਸਤ ਬਿਊਰੋ:** ਅਮਰੀਕਾ ਦੇ ਉੱਘੇ ਅਖ਼ਬਾਰ 'ਵਾਸ਼ਿੰਗਟਨ ਪੋਸਟ' ਨੇ ਆਪਣੀ ਇਕ ਰਿਪੋਰਟ/ਵੀਡੀਓ ਖਬਰ ਵਿਚ ਖੁਲਾਸਾ ਕੀਤਾ ਹੈ ਕਿ ਭਾਰਤ ਵਿੱਚ ਮੀਡੀਆ ਅਦਾਰਿਆਂ ਦਾ ਮੁਨਾਫਾ ਵਧ ਰਿਹਾ ਹੈ ਜਦੋਂਕਿ ਪ੍ਰੈਸ ਦੀ ਅਜ਼ਾਦੀ ਦਾ ਦਾਇਰਾ ਸੁੰਗੜ ਰਿਹਾ ਹੈ। ਰਿਪੋਰਟ ਦੀ ਸ਼ੁਰੂਆਤ ਵਿੱਚ ਪੱਤਰਕਾਰ ਰਚਨਾ ਖਹਿਰਾ ਦਾ ਹਵਾਲਾ ਦਿੱਤਾ ਹੈ ਜਿਸ "ਦਾ ਟ੍ਰਿਬਿਊਨ" ਅਖਬਾਰ ਵਿਚ ਅਧਾਰ ਕਾਰਡਾਂ ਬਾਰੇ ਖੁਲਾਸਾ ਕੀਤਾ ਸੀ ਕਿ ਕਿਵੇਂ ਅਧਾਰ ਨਾਲ ਜੁੜੇ ਲੋਕ 500/- ਰੁਪਏ ਬਦਲੇ ਸਾਰਾ ਅਧਾਰ ਡਾਟਾ ਵੇਚ ਰਹੇ ਹਨ। ਇਸ ਰਿਪੋਰਟ ਤੋਂ ਬਾਅਦ ਰਚਨਾ ਖਹਿਰਾ 'ਤੇ ਪੁਲਿਸ ਕੇਸ ਦਰਜ਼ ਕਰ ਦਿੱਤਾ ਗਿਆ ਸੀ। 'ਵਾਸ਼ਿੰਗਟਨ ਪੋਸਟ' ਦੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਮੋਦੀ ਸਰਕਾਰ' ਦੇ ਰਾਜ ਅੰਦਰ ਪ੍ਰੈਸ ਦੀ ਅਜ਼ਾਦੀ ਦਾ ਦਾਇਰਾ ਘਟ ਰਿਹਾ ਹੈ ਤੇ ਪੱਤਰਕਾਰਾਂ 'ਤੇ ਹਮਲਿਆਂ ਦੀਆਂ ਘਟਨਾਵਾਂ ਵਧੀਆਂ ਹਨ।




ਪ੍ਰੈਸ ਦੀ ਅਜ਼ਾਦੀ ਦੇ ਮਾਮਲੇ ਵਿੱਚ ਸੰਸਾਰ ਭਰ ਦੇ ਦੇਸ਼ਾਂ ਦੀ ਸੂਚੀ ਵਿੱਚ ਭਾਰਤ 136ਵੀਂ ਥਾਂ 'ਤੇ ਹੈ। ਰਿਪੋਰਟ ਵਿੱਚ ਦੱਸਿਆ ਗਿਆ ਹੈ ਕਿ ਪ੍ਰੈਸ ਦੀ ਅਜ਼ਾਦੀ ਦੇ ਮਾਮਲੇ ਵਿੱਚ ਭਾਰਤ ਅਫਗਾਨਿਸਤਾਨ ਤੇ ਬਰਮਾ ਤੋਂ ਵੀ ਪਿੱਛੇ ਹੈ।

'ਵਾਸ਼ਿੰਗਟਨ ਪੋਸਟ' ਨੇ ਕਿਹਾ ਹੈ ਕਿ ਪੱਤਰਕਾਰਾਂ ਤੇ ਸੰਪਾਦਕਾਂ ਨੇ ਗੱਲਬਾਤ ਦੌਰਾਨ ਦੱਸਿਆ ਕਿ ਹਿੰਦੂ ਰਾਂਸ਼ਟਰਵਾਦੀ ਪ੍ਰਧਾਨ ਮੰਤਰੀ ਦੀ ਸਰਕਾਰ ਹੁੰਦਿਆਂ ਉਨ੍ਹਾਂ ਨੂੰ ਕਈ ਤਰ੍ਹਾਂ ਦੀਆਂ ਚਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਤੇ ਉਹ ਭੈਅ ਦੇ ਮਹੌਲ ਵਿੱਚ ਕੰਮ ਕਰ ਰਹੇ ਹਨ।

"ਟ੍ਰਿਬਿਊਨ" ਦੇ ਸੰਪਾਦਕ ਹਰੀਸ਼ ਖਰੇ ਨੇ 'ਵਾਸ਼ਿੰਗਟਨ ਪੋਸਟ' ਨਾਲ ਗੱਲਬਾਤ ਦੌਰਾਨ ਕਿਹਾ ਕਿ: ਇਹ ਸਰਕਾਰ ਬਿਰਤਾਂਤ ਨੂੰ ਆਪਣੀ ਸਮਰੱਥਾ ਦੀ ਹੱਦ ਤੱਕ ਕਾਬੂ ਹੇਠ ਰੱਖਣ ਲਈ ਪੂਰੀ ਤਰ੍ਹਾਂ ਸਤਰਕ ਹੈ। ਅਜਿਹਾ ਪਹਿਲੀ ਵਾਰ ਵਾਪਰ ਰਿਹਾ ਹੈ ਤੇ ਪਹਿਲਾਂ ਅਜਿਹਾ ਕਦੇ ਨਹੀਂ ਸੀ ਹੋਇਆ ਕਿ ਆਪਣੇ ਗੱਲ ਨੂੰ ਆਖਰੀ ਗੱਲ ਸਥਾਪਤ ਕਰਨ ਲਈ ਏਨੀ ਜਿਆਦਾ ਤਾਕਤ ਤੇ ਸਾਧਨ ਝੋਕ ਦਿੱਤੇ ਜਾਣ'।

ਮੋਦੀ ਸਰਕਾਰ ਦਾ ਪੱਖ ਲੈਂਦਿਆਂ ਪਾਰਲੀਮੈਂਟ ਮੈਂਬਰ ਚੰਦਰ ਸ਼ੇਖਰ ਨੇ ਕਿਹਾ ਕਿ ਭਾਵੇਂ ਕਿ ਇਸ ਤਰ੍ਹਾਂ ਦਾ ਪ੍ਰਭਾਵ ਬਣਾਉਣ ਲਈ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਮੀਡੀਆ ਦੀ ਅਜ਼ਾਦੀ ਮੋਦੀ ਸਰਕਾਰ ਦੇ ਰਾਜ ਹੇਠ ਦਬਾਅ ਹੇਠ ਆਈ ਹੈ ਪਰ ਇਹ ਗੱਲ ਸੱਚ ਨਹੀਂ ਹੈ। ਉਸਨੇ ਕਿਹਾ ਕਿ ਭਾਰਤ ਵਿੱਚ ਮੀਡੀਆ ਹਮੇਸ਼ਾ ਹੀ ਚੰਗੇ ਤੇ ਬਹੁਤ ਮਾੜੇ ਦਾ ਮਿਸ਼ਰਣ ਰਿਹਾ ਹੈ। ਉਸਨੇ ਕਿਹਾ ਕਿ ਮੀਡੀਆ ਹਮਲੇ ਹੇਠ ਨਹੀਂ ਹੈ ਬੱਸ ਫਰਕ ਸਿਰਫ ਏਨਾ ਹੈ ਕਿ ਕਿ ਪ੍ਰਧਾਨ ਮੰਤਰੀ ਮੋਦੀ ਟਵਿੱਟਰ ਤੇ ਫੇਸਬੁੱਕ ਰਾਹੀਂ ਲੋਕਾਂ ਨਾਲ ਸਿੱਧਾ ਰਾਬਤਾ ਬਣਾ ਰਿਹਾ ਹੈ। ਮੀਡੀਆ ਅਲੋਚਕ ਸੇਵਾਂਤੀ ਨੀਨਾਂ ਨੇ ਕਿਹਾ ਕਿ ਬਿਨਾ ਸ਼ੱਕ ਭਾਰਤ ਵਿੱਚ ਮੀਡੀਆ ਸਾਹਮਣੇ ਚੁਣੌਤੀਆਂ ਹਨ ਪਰ ਜਦੋਂ ਵੀ ਪ੍ਰੈਸ ਦੀ ਅਜ਼ਾਦੀ ਦੇ ਮਾਮਲੇ ਅਦਾਲਤਾਂ ਵਿੱਚ ਗਏ ਹਨ ਤਾਂ ਅਦਾਲਤਾਂ ਨੇ ਆਮ ਤੌਰ 'ਤੇ ਪ੍ਰੈਸ ਦੀ ਅਜ਼ਾਦੀ ਦੀ ਹਾਮੀ ਭਰੀ ਹੈ।

ਵਾਸ਼ਿੰਗਟਨ ਪੋਸਟ ਦੀ ਵੀਡੀਓ ਰਿਪੋਰਟ ਵੇਖੋ :
https://www.washingtonpost.com/video/world/in-india-newspapers-see-growing-profits-as-press-freedom-shrinks/2018/02/13/49b89e22-0dd7-11e8-998c-96deb18cca19_video.html?p9w22b2p=b2p22p9w00098&utm_term=.7cdd79f916b6

## ਅਦਾਲਤ ਨੇ ਟਾਈਟਲਰ ਮਾਮਲੇ ਵਿੱਚ ਸੀਬੀਆਈ ਨੂੰ ਪਾਈ ਝਾੜ

**ਨਵੀਂ ਦਿੱਲੀ/ਬਿਊਰੋ ਨਿਊਜ਼:** ਸਿੱਖ ਕਤਲੇਆਮ ਦੇ ਮਾਮਲੇ 'ਚ ਕਾਂਗਰਸ ਆਗੂ ਜਗਦੀਸ਼ ਟਾਈਟਲਰ ਖਿਲਾਫ਼ ਚੱਲ ਰਹੇ ਕੇਸ ਦੀ ਸੁਣਵਾਈ ਦੌਰਾਨ ਅਦਾਲਤ ਨੇ ਸੀਬੀਆਈ ਨੂੰ ਦਿੱਲੀ ਕਮੇਟੀ ਵੱਲੋਂ ਪੇਸ਼ ਦੋ ਸੀਡੀਜ਼ ਦੇ ਆਧਾਰ 'ਤੇ ਜਾਂਚ ਕਰਨ ਦੇ ਹੁਕਮ ਦਿੱਤੇ ਹਨ। ਟਾਈਟਲਰ ਨਾਲ ਜੁੜੇ ਇਸ ਮੁਕੱਦਮੇ ਵਿੱਚ ਢਿੱਲੀ ਕਾਰਗੁਜ਼ਾਰੀ 'ਤੇ ਦੋ ਸਾਲ ਦੀ ਜਾਂਚ ਮਗਰੋਂ ਵੀ ਸਟੇਟਸ ਰਿਪੋਰਟ ਨਾ ਪੇਸ਼ ਕਰਨ ਲਈ ਜੱਜ ਨੇ ਸੀਬੀਆਈ ਦੀ ਝਾੜ-ਝੰਬ ਕੀਤੀ। ਉਨ੍ਹਾਂ ਜਾਂਚ ਏਜੰਸੀ ਦੇ ਐਸਪੀ ਪੱਧਰ ਦੇ ਅਧਿਕਾਰੀ ਨੂੰ 24 ਫਰਵਰੀ ਨੂੰ ਕੇਸ ਦੀ ਅਗਲੀ ਸੁਣਵਾਈ ਦੌਰਾਨ ਪ੍ਰਗਤੀ ਰਿਪੋਰਟ ਪੇਸ਼ ਕਰਨ ਦੀ ਹਦਾਇਤ ਕੀਤੀ ਹੈ। ਵਧੀਕ ਸਿਟੀ ਮੈਟਰੋਪੋਲਿਟਨ ਮੈਜਿਸਟਰੇਟ ਅਮਿਤ ਅਰੋੜਾ ਦੀ ਅਦਾਲਤ ਨੇ ਸੀਬੀਆਈ ਨੂੰ ਟਾਈਟਲਰ ਦੇ ਪੋਲੀਗ੍ਰਾਫ਼ ਟੈਸਟ ਲਈ ਫ਼ੌਜ ਦੀ ਮਸ਼ੀਨ ਇਸਤੇਮਾਲ ਕਰਨ ਦੀਆਂ ਸੰਭਾਵਨਾਵਾਂ ਤਲਾਸ਼ਣ ਲਈ ਕਿਹਾ। ਸੀਬੀਆਈ ਦੇ ਵਕੀਲ ਨੇ ਦਲੀਲ ਦਿੱਤੀ ਸੀ ਕਿ ਦਿੱਲੀ ਸਰਕਾਰ ਦੀ ਝੂਠ ਫੜਨ ਵਾਲੀ ਮਸ਼ੀਨ ਦੀ ਅਜੇ ਤਕ ਮੁਰੰਮਤ ਨਹੀਂ ਹੋਈ ਹੈ। ਅਭਿਸ਼ੇਕ ਵਰਮਾ ਦੇ ਵਕੀਲ ਨੇ ਅਦਾਲਤ ਨੂੰ ਦੱਸਿਆ ਕਿ ਫ਼ੌਜ ਦੇ ਧੌਲਾ ਕੂੰਆਂ ਕੈਂਪ ਵਿਖੇ ਪੋਲੀਗ੍ਰਾਫ਼ ਮਸ਼ੀਨ ਪਈ ਹੈ ਅਤੇ ਵਰਮਾ ਨੂੰ ਉੱਥੇ ਜਾਂਚ ਕਰਵਾਉਣ 'ਤੇ ਕੋਈ ਇਤਰਾਜ਼ ਨਹੀਂ ਹੈ। ਦਿੱਲੀ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੇ ਵਕੀਲ ਵੱਲੋਂ ਦੋ ਸੀਡੀਜ਼ ਅਦਾਲਤ ਵਿੱਚ ਅਰਜ਼ੀ ਨਾਲ ਪੇਸ਼ ਕਰਕੇ ਮੰਗ ਕੀਤੀ ਗਈ ਸੀ ਕਿ ਟਾਈਟਲਰ ਬਾਰੇ ਹੋਏ ਨਵੇਂ ਖ਼ੁਲਾਸਿਆਂ ਦੀ ਜਾਂਚ ਸੀਬੀਆਈ ਕਰੇ।



## ਪੀਐਨਬੀ ਘੁਟਾਲਾ ਪੁੱਜਿਆ ਸੁਪਰੀਮ ਕੋਰਟ

**ਨਵੀਂ ਦਿੱਲੀ/ਬਿਊਰੋ ਨਿਊਜ਼,** ਹੀਰੇ ਜਵਾਹਰਾਤ ਦੇ ਵਪਾਰੀ ਨੀਰਵ ਮੋਦੀ ਵੱਲੋਂ ਪੰਜਾਬ ਨੈਸ਼ਨਲ ਬੈਂਕ ਨਾਲ 11000 ਕਰੋੜ ਰੁਪਏ ਦਾ ਘਪਲਾ ਕਰ ਕੇ ਅਮਰੀਕਾ ਨੱਸ ਜਾਣ ਦੇ ਮਾਮਲੇ ਦੀ ਵਿਸ਼ੇਸ਼ ਜਾਂਚ ਟੀਮ ਕਾਇਮ ਕਰਨ ਦੀ ਮੰਗ ਨੂੰ ਲੈ ਕੇ ਦਾਇਰ ਕੀਤੀ ਅਰਜ਼ੀ ਉਪਰ ਸੁਪਰੀਮ ਕੋਰਟ ਬੁੱਧਵਾਰ ਨੂੰ ਸੁਣਵਾਈ ਸ਼ੁਰੂ ਕੀਤੀ। ਚੀਫ਼ ਜਸਟਿਸ ਦੀਪਕ ਮਿਸ਼ਰਾ ਅਤੇ ਜਸਟਿਸ ਏਐਮ ਖਾਨਵਿਲਕਰ ਤੇ ਡੀਵਾਈ ਚੰਦਰਚੂੜ ਦੇ ਬੈਂਚ ਨੇ ਜੇਪੀ ਢਾਂਡਾ ਦੀ ਅਰਜ਼ੀ 'ਤੇ ਗੌਰ ਕੀਤੀ ਜਿਸ ਵਿੱਚ ਕਿਹਾ ਗਿਆ ਸੀ ਕਿ ਇਹ ਬਹੁਤ ਵੱਡਾ ਘੁਟਾਲਾ ਹੈ ਅਤੇ ਇਸ 'ਤੇ ਫੌਰੀ ਸੁਣਵਾਈ ਕੀਤੀ ਜਾਵੇ। ਇਸ ਦੌਰਾਨ, ਵਿੱਤ ਮੰਤਰੀ ਅਰੁਣ ਜੇਤਲੀ ਨੇ ਇਸ ਮਹਾਂਘੁਟਾਲਾ ਬਾਰੇ ਚੁੱਪ ਤੋੜਦਿਆਂ ਆਖਿਆ ਕਿ ਸਰਕਾਰ ਬੈਂਕਾਂ ਨੂੰ ਚੂਨਾ ਲਾਉਣ ਵਾਲਿਆਂ ਦਾ ਖੁਰਾ ਨੱਪ ਲਵੇਗੀ। ਹਾਲਾਂਕਿ ਉਨ੍ਹਾਂ ਨੀਰਵ ਮੋਦੀ ਦਾ ਨਾਂ ਨਹੀਂ ਲਿਆ ਪਰ ਇੰਨਾ ਕਿਹਾ ਕਿ ਬੈਂਕ ਦੇ ਪ੍ਰਬੰਧਕ ਆਸਾਂ 'ਤੇ ਪੂਰੇ ਨਹੀਂ ਉੱਤਰ ਸਕੇ ਤੇ ਉਹ ਘੁਟਾਲੇ ਦਾ ਸਮੇਂ ਸਿਰ ਪਤਾ ਨਹੀਂ ਲਾ ਸਕੇ। ਉਨ੍ਹਾਂ ਕਿਹਾ ਕਿ ਆਡੀਟਰ ਅਤੇ ਨਿਗਰਾਨ ਏਜੰਸੀਆਂ ਵੀ ਖ਼ਤਰੇ ਦੀ ਟੋਹ ਨਾ ਲਾ ਸਕੀਆਂ। ਉਧਰ, ਮੁੰਬਈ ਵਿੱਚ ਵਿਸ਼ੇਸ਼ ਸੀਬੀਆਈ ਅਦਾਲਤ ਨੇ ਘੁਟਾਲੇ ਸਬੰਧੀ ਗ੍ਰਿਫ਼ਤਾਰ ਕੀਤੇ ਪੀਐਨਬੀ ਦੇ ਤਿੰਨ ਅਫ਼ਸਰਾਂ ਨੂੰ 3 ਮਾਰਚ ਤੱਕ ਸੀਬੀਆਈ ਹਿਰਾਸਤ ਵਿੱਚ ਭੇਜ ਦਿੱਤਾ ਹੈ। ਇਨ੍ਹਾਂ ਵਿੱਚ ਪੀਐਨਬੀ ਦੀ ਬ੍ਰੈਡੀ ਹਾਊਸ ਬ੍ਰਾਂਚ ਦੇ ਫੌਰੈਕਸ ਵਿਭਾਗ ਦੇ ਤਤਕਾਲੀ ਚੀਫ ਮੈਨੇਜਰ



**ਐਨਫੋਰਸਮੈਂਟ ਡਾਇਰੈਕਟੋਰੇਟ ਦੇ ਅਧਿਕਾਰੀ ਥਾਨੇ 'ਚ ਪੜਤਾਲ ਕਰਦੇ ਹੋਏ।**

ਬੱਚੂ ਤਿਵਾੜੀ, ਸਕੇਲ-2 ਮੈਨੇਜਰ ਯਸ਼ਵੰਤ ਜੋਸ਼ੀ ਅਤੇ ਬਰਾਮਦੀ ਸੈਕਸ਼ਨ ਦੇ ਸਕੇਲ-1 ਅਫ਼ਸਰ ਪ੍ਰਫੁਲ ਸਾਵੰਤ ਸ਼ਾਮਲ ਹਨ। ਇਨ੍ਹਾਂ ਤੋਂ ਇਲਾਵਾ ਰਿਲਾਇੰਸ ਗਰੁੱਪ ਦੇ ਮੁਖੀ ਦੇ ਇਕ ਰਿਸ਼ਤੇਦਾਰ ਵਿਪੁਲ ਅੰਬਾਨੀ ਤੇ ਚਾਰ ਹੋਰਾਂ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ ਹੈ। ਆਮਦਨ ਕਰ ਵਿਭਾਗ ਨੇ ਨੀਰਵ ਮੋਦੀ ਖ਼ਿਲਾਫ਼ ਕਾਲੇ ਧਨ ਵਿਰੋਧੀ ਕਾਨੂੰਨ ਤਹਿਤ ਹੋਰ ਧਾਰਾਵਾਂ ਆਇਦ ਕੀਤੀਆਂ ਹਨ ਅਤੇ ਕਾਂਗਰਸ ਆਗੂ ਅਭਿਸ਼ੇਕ ਮਨੂੰ ਸਿੰਘਵੀ ਦੀ ਪਤਨੀ ਅਨੀਤਾ ਸਿੰਘਵੀ ਵੱਲੋਂ

**ਬਾਕੀ ਸਫ਼ਾ 28 'ਤੇ**


# A-ONE EXPRESS

## ਸਾਨੂੰ ਤਜ਼ਰਬੇਕਾਰ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨਾਰਥ-ਈਸਟ, ਸਾਊਥ-ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖ਼ਾਹ ਸਮੇਂ ਸਿਰ
- 50% ਹੁੱਕ ਡਰਾਪ
- ਨਵੇਂ 2015, 2016 ਅਤੇ 2017 ਮਾਡਲ ਦੇ ਟਰੱਕ ਚਲਾਓ, ਬਰੇਕ ਡਾਊਨ ਤੋਂ ਬਚੋ ਤੇ ਚੰਗੇ ਪੈਸੇ ਕਮਾਓ
- Excellent Payment
- Easy Aboard ELD Logbook



MC NO. # 464630

**6120 Faith Home Rd Ceres, CA 95307**

TAX ID #32-0065398

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ

TOLL FREE 888.725.7441 OFFICE : 209.537.0975 FAX : 209.537.0375

# ‘ਮੌੜ ਮੰਡੀ ਧਮਾਕੇ ਦੀ ਸੀਬੀਆਈ ਜਾਂਚ ਹੋਵੇ’

## ਫੌਜੀ ਕੀਰਤਨ ਸਿੰਘ ਦੇ ਦਿਲ ਦੀ ਕੂਕ

**ਬਠਿੰਡਾ/ਬਿਊਰੋ ਨਿਊਜ਼:**
ਮੌੜ ਮੰਡੀ ਧਮਾਕੇ ਵਿਚ ਆਪਣੇ ਪੁੱਤਰ ਨੂੰ ਖੋ ਦੇਣ ਵਾਲੇ ਫ਼ੌਜੀ ਕੀਰਤਨ ਸਿੰਘ ਨੇ ਬੀਤੇ ਦਿਨੀਂ ਦੋਸ਼ ਲਗਾਇਆ ਕਿ ਜੱਸੀ ਨੇ ਗੰਦੀ ਰਾਜਨੀਤੀ ਦੇ ਤਹਿਤ ਡੇਰਾ ਮੁਖੀ ਨਾਲ ਮਿਲ ਕੇ ਆਪਣੀ ਰੈਲੀ ਦੇ ਨੇੜੇ ਧਮਾਕਾ ਕਰਵਾਇਆ ਸੀ।

ਜੇਕਰ ਪੁਲੀਸ ਕਾਂਗਰਸੀ ਨੇਤਾ ਜੱਸੀ ਨੂੰ ਹਿਰਾਸਤ ਵਿਚ ਲੈ ਕੇ ਬਿਨਾਂ ਦਬਾਅ ਦੇ ਪੁੱਛਗਿੱਛ ਕਰੇ, ਤਾਂ ਧਮਾਕੇ ਦਾ ਪੂਰਾ ਸੱਚ ਲੋਕਾਂ ਦੇ ਸਾਹਮਣੇ ਆ ਜਾਵੇਗਾ ਤੇ ਪੀੜਤ ਪਰਿਵਾਰਾਂ ਨੂੰ ਇਨਸਾਫ਼ ਨਹੀਂ ਮਿਲੇਗਾ।

ਵਿਸ਼ੇਸ਼ ਗੱਲਬਾਤ ਵਿਚ ਕੀਰਤਨ ਸਿੰਘ ਨੇ ਦੋਸ਼ ਲਗਾਇਆ ਕਿ ਧਮਾਕੇ ਤੋਂ ਬਾਅਦ ਜੱਸੀ ਨੇ ਕਦੇ ਪੀੜਤ ਪਰਿਵਾਰਾਂ ਦੀ ਸਾਰ ਨਹੀਂ ਲਈ ਤੇ ਨਾ ਹੀ ਕਦੇ ਜੱਸੀ ਉਨ੍ਹਾਂ ਦੇ ਨਾਲ ਕਿਤੇ ਗਏ। ਉਹ ਪੰਜ ਵਾਰ ਜੱਸੀ ਨਾਲ ਮਿਲ ਕੇ ਕਹਿ ਚੁੱਕੇ ਹਨ ਕਿ ਧਮਾਕੇ ਦੀ ਸੀਬੀਆਈ ਜਾਂਚ ਕਰਵਾਉਣ ਸਬੰਧੀ ਮੀਡੀਆ ਵਿਚ ਬਿਆਨ ਜਾਰੀ ਕਰੇ, ਪਰ ਜੱਸੀ ਨੇ ਉਨ੍ਹਾਂ ਨੂੰ ਇਹ ਕਹਿੰਦੇ ਹੋਏ ਵਾਪਸ ਭੇਜ ਦਿੱਤਾ ਕਿ ਮੈਂ ਕੋਈ ਬਿਆਨ ਦਿਆਂਗਾ ਤਾਂ ਦੋਸ਼ੀ ਸਚੇਤ ਹੋ ਜਾਣਗੇ। ਇਸ ਤੋਂ ਬਾਅਦ ਉਹ ਮਨਪ੍ਰੀਤ ਬਾਦਲ ਨਾਲ ਮਿਲਣ ਚੰਡੀਗੜ੍ਹ ਗਏ, ਤਾਂ ਉਨ੍ਹਾਂ ਨੇ ਵੀ ਇਹ ਕਹਿੰਦੇ ਹੋਏ ਵਾਪਸ ਭੇਜ ਦਿੱਤਾ ਕਿ ਕੈਪਟਨ ਸਾਹਿਬ ਦੀ ਕੋਠੀ ਜਾਓ। ਮੈਂ ਤੁਹਾਨੂੰ ਨਹੀਂ ਬੁਲਾਇਆ ਹੈ।

ਪੀੜਤ ਪਰਿਵਾਰਾਂ ਨੂੰ ਮੁਆਵਜ਼ੇ ਦੀ ਮੰਗ ਨੂੰ ਲੈ ਕੇ ਡੀਸੀ ਬਠਿੰਡਾ ਨਾਲ ਮਿਲੇ, ਤਾਂ ਉਨ੍ਹਾਂ ਦਾ ਵੀ ਇਹ ਸਾਫ਼ ਕਹਿਣਾ ਸੀ ਕਿ ਧਮਾਕੇ ਵਿਚ ਜਿਹੜੇ ਮਰੇ ਹਨ, ਉਹ ਬੱਚੇ ਹਨ, ਉਨ੍ਹਾਂ ਦੇ ਸਿਰ ’ਤੇ ਕਿਹੜਾ ਘਰ ਚੱਲਦਾ ਸੀ।

ਧਮਾਕੇ ਲਈ ਕਾਰ ਤਿਆਰ ਕਰਨ ਵਾਲੇ ਮਕੈਨਿਕ ਗੁਰਤੇਜ ਸਿੰਘ ਕਾਲਾ ਦੀ ਗ੍ਰਿਫ਼ਤਾਰੀ ਲਈ ਐੱਸਆਈਟੀ ਨੇ ਤਿੰਨ ਸੂਬਿਆਂ ਵਿਚ ਛਾਪੇਮਾਰੀ ਕੀਤੀ ਹੈ, ਪਰ ਹੁਣ ਤੱਕ ਉਹ ਪੁਲੀਸ ਦੇ ਹੱਥ ਨਹੀਂ ਲੱਗਾ ਹੈ।



### ਮ੍ਰਿਤਕਾਂ ਦੇ ਪਰਿਵਾਰ ਉਡੀਕ ਰਹੇ ਨੇ ਨੌਕਰੀਆਂ

ਮੌੜ ਮੰਡੀ ਬੰਬ ਧਮਾਕੇ ਨੂੰ ਇਕ ਸਾਲ ਹੋ ਜਾਣ ਦੇ ਬਾਵਜੂਦ ਪੁਲੀਸ ਸੱਚਾਈ ਸਾਹਮਣੇ ਨਹੀਂ ਲਿਆ ਸਕੀ। ਨਾਲ ਹੀ ਧਮਾਕੇ ਵਿਚ ਜ਼ਖ਼ਮੀ ਹੋਏ ਲੋਕਾਂ ਨੂੰ ਮੁਆਵਜ਼ੇ ਦੀ ਉਡੀਕ ਹੈ, ਤਾਂ ਉੱਥੇ ਮ੍ਰਿਤਕਾਂ ਦੇ ਪਰਿਵਾਰਾਂ ਨੂੰ ਸਰਕਾਰੀ ਨੌਕਰੀ ਮਿਲਣ ਦੀ ਉਡੀਕ ਹੈ। 30 ਜਨਵਰੀ 2017 ਨੂੰ ਦੇਰ ਰਾਤ ਸਾਢੇ ਅੱਠ ਵਜੇ ਤਕਰੀਬਨ ਮੌੜ ਮੰਡੀ ਵਿਚ ਕਾਂਗਰਸੀ ਉਮੀਦਵਾਰ ਹਰਮੰਦਰ ਜੱਸੀ ਦੀ ਜਨ ਸਭਾ ਦੇ ਨੇੜੇ ਇਕ ਕਾਰ ਵਿਚ ਧਮਾਕਾ ਹੋਇਆ, ਜਿਸ ਵਿਚ ਬੱਚੇ ਸੌਰਵ ਸਿੰਗਲਾ, ਅੰਕੁਸ਼, ਵਰਖਾ ਰਾਣੀ, ਜਪਸਿਮਰਨ ਸਿੰਘ, ਰਿਪਨਦੀਪ ਸਿੰਘ ਤੇ ਹਰਪਾਲ ਸਿੰਘ ਤੇ ਅਸ਼ੋਕ ਦੀ ਮੌਤ ਹੋ ਗਈ ਸੀ ਤੇ 30 ਦੇ ਕਰੀਬ ਲੋਕ ਜ਼ਖ਼ਮੀ ਹੋ ਗਏ ਸਨ। ਮ੍ਰਿਤਕਾਂ ਦੇ ਪਰਿਵਾਰਾਂ ਨੂੰ ਸਰਕਾਰ ਵੱਲੋਂ ਫਰਵਰੀ 2017 ਵਿਚ ਪੰਜ ਲੱਖ ਰੁਪਏ ਮੁਆਵਜ਼ਾ ਦੇ ਦਿੱਤਾ ਗਿਆ ਸੀ, ਪਰ ਸਰਕਾਰੀ ਨੌਕਰੀ ਨਹੀਂ ਦਿੱਤੀ ਸੀ। 17 ਲੋਕਾਂ ਨੂੰ 50-50 ਹਜ਼ਾਰ ਮੁਆਵਜ਼ਾ ਦਿੱਤਾ ਸੀ, 13 ਲੋਕਾਂ ਨੂੰ ਹਾਲੇ ਤੱਕ ਮੁਆਵਜ਼ੇ ਦੀ ਉਡੀਕ ਹੈ।

### ਹਾਈ ਕੋਰਟ ’ਚ ਰਿੱਟ ਦਾਖ਼ਲ

ਕੀਰਤਨ ਸਿੰਘ ਨੇ ਕਿਹਾ ਕਿ ਧਮਾਕੇ ਦੇ ਮਾਮਲੇ ਦੀਆਂ ਸੀਬੀਆਈ ਤੋਂ ਜਾਂਚ ਕਰਵਾਉਣ ਲਈ ਉਨ੍ਹਾਂ ਦੇ ਸਮੇਤ ਸਾਰੇ ਪੀੜਤ ਪਰਿਵਾਰ ਹਾਈ ਕੋਰਟ ਦੀ ਸ਼ਰਨ ਵਿਚ ਗਏ ਹਨ ਤੇ ਆਪਣੀ ਸੁਰੱਖਿਆ ਦੀ ਮੰਗ ਵੀ ਕੀਤੀ ਹੈ, ਜਿਨ੍ਹਾਂ ਦੇ ਬੱਚੇ ਧਮਾਕੇ ਵਿਚ ਮਰ ਗਏ, ਉਨ੍ਹਾਂ ਨੂੰ ਕੋਈ ਸੁਰੱਖਿਆ ਨਹੀਂ ਦਿੱਤੀ ਗਈ, ਜਦ ਕਿ ਜੋ ਜਿੰਦਾ ਬਚਿਆ ਹੈ, ਉਸ ਨੂੰ ਜ਼ੈੱਡ ਪਲੱਸ ਸੁਰੱਖਿਆ ਦੇ ਦਿੱਤੀ ਗਈ ਹੈ।

# ਬੰਬ ਧਮਾਕਾ ਮੈਨੂੰ ਖ਼ਤਮ ਕਰਨ ਦੀ ਸਾਜ਼ਿਸ਼ ਸੀ : ਜੱਸੀ

**ਬਠਿੰਡਾ/ਬਿਊਰੋ ਨਿਊਜ਼:** ਸਾਬਕਾ ਮੰਤਰੀ ਹਰਮਿੰਦਰ ਜੱਸੀ ਨੇ ਮੌੜ ਬੰਬ ਧਮਾਕੇ ਦੇ ਮਾਮਲੇ ਵਿੱਚ ਭੁਪਿੰਦਰ ਗੋਰਾ ਨੂੰ ਕਟਹਿਰੇ ਵਿੱਚ ਖੜ੍ਹਾ ਕੀਤਾ ਹੈ। ਉਨ੍ਹਾਂ ਆਖਿਆ ਕਿ ਜਦੋਂ 31 ਜਨਵਰੀ ਨੂੰ ਮੌੜ ਵਿੱਚ ਬੰਬ ਧਮਾਕਾ ਹੋਇਆ ਤਾਂ ਉਦੋਂ ਭੁਪਿੰਦਰ ਗੋਰਾ ਦਾ ਗੰਨਮੈਨ ਮੌਕੇ ‘ਤੇ ਮੌਜੂਦ ਸੀ ਅਤੇ ਧਮਾਕਾ ਹੋਣ ਮਗਰੋਂ ਗੋਰਾ ਵੀ ਉਸੇ ਥਾਂ ‘ਤੇ ਦੇਖਿਆ ਗਿਆ।

ਇੱਥੇ ਪ੍ਰੈਸ ਕਾਨਫਰੰਸ ਦੌਰਾਨ ਸ੍ਰੀ ਜੱਸੀ ਨੇ ਭੁਪਿੰਦਰ ਗੋਰਾ ਨੂੰ ਸਵਾਲ ਕੀਤਾ ਕਿ ਉਹ ਕਿਸੇ ਹੈਸੀਅਤ ਵਿੱਚ ਉਥੇ ਗਿਆ ਸੀ ਜਦਕਿ ਗੋਰਾ ਮੌੜ ਹਲਕੇ ਤੋਂ ਉਮੀਦਵਾਰ ਵੀ ਨਹੀਂ ਸੀ। ਉਨ੍ਹਾਂ ਆਖਿਆ ਕਿ ਗੋਰਾ ਦੀ ਧਮਾਕੇ ਮੌਕੇ ਮੌਜੂਦਗੀ ਕਈ ਸ਼ੱਕ ਜ਼ਾਹਰ ਕਰਦੀ ਹੈ, ਜਿਸ ਕਰਕੇ ਮਾਮਲੇ ਦੀ ਉੱਚ ਪੱਧਰੀ ਜਾਂਚ ਹੋਣੀ ਚਾਹੀਦੀ ਹੈ। ਦੱਸਣਯੋਗ ਹੈ ਕਿ ਕਾਂਗਰਸੀ ਨੇਤਾ ਰਹੇ ਭੁਪਿੰਦਰ ਗੋਰਾ ਵੱਲੋਂ ਪਿਛਲੇ ਸਮੇਂ ਦੌਰਾਨ ਹਰਮਿੰਦਰ ਜੱਸੀ ਨੂੰ ਨਿਸ਼ਾਨਾ ਬਣਾਇਆ ਗਿਆ ਹੈ ਅਤੇ ਡੇਰਾ ਸਿਰਸਾ ਮਾਮਲੇ ਵਿੱਚ ਉਂਗਲ ਉਠਾਈ ਗਈ ਹੈ। ਗੋਰਾ ਨੇ ਬੰਬ ਧਮਾਕੇ ਨੂੰ ਇੱਕ ਸਿਆਸੀ ਚਾਲ ਵੀ ਦੱਸਿਆ ਸੀ। ਚੋਣਾਂ ਦੌਰਾਨ ਗੋਰਾ ‘ਆਪ’ ਵਿੱਚ ਸ਼ਾਮਲ ਹੋ ਗਏ ਸਨ। ਪਹਿਲੀ ਵਾਰ ਜੱਸੀ ਨੇ ਗੋਰਾ ਖ਼ਿਲਾਫ਼ ਅਵਾਜ਼ ਉਠਾਈ ਹੈ।



ਉਨ੍ਹਾਂ ਆਖਿਆ ਕਿ ਮੌੜ ਧਮਾਕੇ ਬਾਰੇ ਗੋਰਾ ਵੱਲੋਂ ਕੀਤੀ ਜਾ ਰਹੀ ਬਿਆਨਬਾਜ਼ੀ ਉਸ ਦੀ ਮਾੜੀ ਸੋਚ ਦੀ ਉਪਜ ਹੈ। ਅਜਿਹਾ ਕਰਕੇ ਗੋਰਾ ਉਸ ਦੀ ਛਵੀ ਨੂੰ ਖ਼ਰਾਬ ਕਰਨਾ ਚਾਹੁੰਦਾ ਹੈ ਅਤੇ ਪੁਲੀਸ ਜਾਂਚ ਨੂੰ ਭੜਕਾਉਣਾ ਚਾਹੁੰਦਾ ਹੈ। ਸ੍ਰੀ ਜੱਸੀ ਨੇ ਆਖਿਆ ਕਿ ਜਦੋਂ ਵਿਧਾਨ ਸਭਾ ਵਿੱਚ ਗੋਰਾ ਨੂੰ ਟਿਕਟ ਨਾ ਮਿਲੀ ਤਾਂ ਉਸ ਨੇ ਉਸ ਦੇ ਘਰ ਅੱਗੇ ਧਰਨਾ ਦੇ ਕੇ ਹੰਗਾਮਾ ਕੀਤਾ। ਉਸ ਦੇ ਚੋਣ ਪ੍ਰਚਾਰ ਵਿੱਚ ਵੀ ਗੋਰੇ ਨੇ ਵਿਘਨ ਪਾਇਆ ਅਤੇ ਉਸ ਨੂੰ ਨਿਸ਼ਾਨਾ ਬਣਾ ਕੇ ਬੰਬ ਧਮਾਕਾ ਕੀਤਾ ਗਿਆ, ਜਿਸ ਵਿੱਚ ਉਸ ਦੇ ਚੋਣ ਇੰਚਾਰਜ ਹਰਪਾਲ ਪਾਲੀ ਸਮੇਤ ਸੱਤ ਜਾਨਾਂ ਚਲੀਆਂ ਗਈਆਂ। ਉਨ੍ਹਾਂ ਪੁਲੀਸ ਜਾਂਚ ‘ਤੇ ਭਰੋਸਾ ਜ਼ਾਹਰ ਕੀਤਾ।

ਸ੍ਰੀ ਜੱਸੀ ਨੇ ਸਪੱਸ਼ਟ ਕੀਤਾ ਕਿ ਭੁਪਿੰਦਰ ਗੋਰਾ ਖੁਦ ਨੂੰ ਡੇਰਾ ਸਿਰਸਾ ਦੇ ਮੁਖੀ ਦਾ ਰਿਸ਼ਤੇਦਾਰ ਦੱਸ ਰਿਹਾ ਹੈ ਜਦੋਂਕਿ ਉਸ ਦੀ ਕੋਈ ਰਿਸ਼ਤੇਦਾਰੀ ਨਹੀਂ ਹੈ। ਜੱਸੀ ਨੇ ਆਖਿਆ ਕਿ ਡੇਰਾ ਸਿਰਸਾ ਦੇ ਮੁਖੀ ਦੇ ਪਰਿਵਾਰ ਨਾਲ ਉਨ੍ਹਾਂ ਦੀ ਰਿਸ਼ਤੇਦਾਰੀ ਹੈ, ਜਿਸ ਦੇ ਨਾਤੇ ਉਹ ਆਉਂਦਾ-ਜਾਂਦਾ ਹੈ ਪ੍ਰੰਤੂ ਡੇਰੇ ਦੇ ਪ੍ਰਬੰਧ ਵਿੱਚ ਉਸ ਦਾ ਕੋਈ ਦਖ਼ਲ ਨਹੀਂ ਹੈ।

### ਇੱਕ ਸਾਲ ਕਿਉਂ ਨਹੀਂ ਬੋਲਿਆ ਜੱਸੀ: ਗੋਰੇ ਨੇ ਉਲਟਾ ਕੀਤਾ ਸਵਾਲ

ਭੁਪਿੰਦਰ ਗੋਰਾ ਦਾ ਕਹਿਣਾ ਹੈ ਕਿ ਜੱਸੀ ਇੱਕ ਸਾਲ ਮਗਰੋਂ ਕਿਉਂ ਬੋਲੇ ਹਨ ਤੇ ਉਹ ਪਹਿਲਾਂ ਚੁੱਪ ਕਿਉਂ ਰਹੇ। ਧਮਾਕੇ ਸਮੇਂ ‘ਆਪ’ ਦੀ ਮੌੜ ਵਿੱਚ ਰੈਲੀ ਸੀ, ਜਿੱਥੋਂ ਉਹ ਪਤਾ ਲੱਗਣ ਮਗਰੋਂ ਸਾਰੇ ਹੀ ਕਾਫਲੇ ਦੇ ਰੂਪ ਵਿੱਚ ਧਮਾਕੇ ਵਾਲੀ ਥਾਂ ‘ਤੇ ਗਏ ਸਨ। ਉਹ ਖੁਦ ਸੀਬੀਆਈ ਜਾਂਚ ਦੀ ਮੰਗ ਕਰਦੇ ਹਨ, ਜਿਸ ਵਿੱਚ ਸਭ ਕੁਝ ਸਾਫ ਹੋ ਜਾਵੇਗਾ। ਉਨ੍ਹਾਂ ਆਖਿਆ ਕਿ ਪੁਲੀਸ ਜਾਂਚ ਵਿੱਚ ਧਮਾਕੇ ਲਈ ਡੇਰੇ ਦੀ ਭੂਮਿਕਾ ਜੱਗ ਜ਼ਾਹਰ ਹੋ ਗਈ ਹੈ ਅਤੇ ਰਿਸ਼ਤੇਦਾਰੀ ਵੀ ਕਿਸੇ ਤੋਂ ਲੁਕੀ ਨਹੀਂ ਹੈ।

# ਲੋਕ ਇਨਸਾਫ਼ ਪਾਰਟੀ ਅਤੇ ਕਾਂਗਰਸ ਦੇ ਹਮਾਇਤੀਆਂ ਵਿਚਾਲੇ ਲੜਾਈ

**ਲੁਧਿਆਣਾ/ਬਿਊਰੋ ਨਿਊਜ਼**
ਨਗਰ ਨਿਗਮ ਲੁਧਿਆਣਾ ਦੀਆਂ ਚੋਣਾਂ ਨੂੰ ਵਕਾਰ ਦਾ ਸਵਾਲ ਬਣਾ ਕੇ ਚੋਣ ਪ੍ਰਚਾਰ ਕਰ ਰਹੇ ਲੋਕ ਇਨਸਾਫ਼ ਪਾਰਟੀ ਦੇ ਵਿਧਾਇਕ ਸਿਮਰਜੀਤ ਸਿੰਘ ਬੈਂਸ ਅਤੇ ਕਾਂਗਰਸੀ ਆਗੂ ਕਮਲਜੀਤ ਸਿੰਘ ਕੜਵਲ ਦੇ ਹਮਾਇਤੀਆਂ ਵਿਚਾਲੇ ਐਤਵਾਰ ਬਾਅਦ ਦੁਪਹਿਰ ਮਾਡਲ ਟਾਊਨ ਇਲਾਕੇ ਵਿੱਚ ਝੜੱਪ ਹੋ ਗਈ। ਲੋਕ ਇਨਸਾਫ਼ ਪਾਰਟੀ ਦੇ ਮੁਖੀ ਸਿਮਰਜੀਤ ਸਿੰਘ ਬੈਂਸ ਨੇ ਕਮਲਜੀਤ ਸਿੰਘ ਕੜਵਲ ਦੇ ਸਾਥੀਆਂ ’ਤੇ ਕਾਤਲਾਨਾ ਹਮਲਾ ਕਰਨ ਦੇ ਦੋਸ਼ ਲਗਾਏ। ਉਧਰ ਪੁਲੀਸ ਨੇ ਕਿਸੇ ਅਣਸੁਖਾਵੀਂ ਘਟਨਾ ਦੇ ਮੱਦੇਨਜ਼ਰ ਮਾਡਲ ਟਾਊਨ ਇਲਾਕੇ ਨੂੰ ਪੁਲੀਸ ਛਾਉਣੀ ’ਚ ਤਬਦੀਲ ਕਰ ਦਿੱਤਾ ਹੈ। ਇਸ ਦੌਰਾਨ ਪੰਜਾਬ ਵਿਧਾਨ ਸਭਾ ’ਚ ਵਿਰੋਧੀ ਧਿਰ ਦੇ ਆਗੂ ਸੁਖਪਾਲ ਸਿੰਘ ਖਹਿਰਾ ਨੇ ਚੇਤਾਵਨੀ ਦਿੰਦਿਆਂ ਕਿਹਾ ਕਿ ਪੁਲੀਸ ਨੇ ਜੇਕਰ ਕਾਂਗਰਸੀ ਆਗੂ ਤੇ ਉਸ ਦੇ ਸਾਥੀਆਂ ਖ਼ਿਲਾਫ਼ ਐਫਆਈਆਰ ਦਰਜ ਨਾ ਕੀਤੀ ਤਾਂ ਉਹ ਪਾਰਟੀ ਵਰਕਰਾਂ ਨਾਲ ਮਿਲ ਕੇ ਧਰਨਾ ਦੇਣਗੇ।



ਲੁਧਿਆਣਾ ’ਚ ਪਾਰਟੀ ਦਫ਼ਤਰ ਬਾਹਰ ਆਪਣੇ ਹਮਾਇਤੀਆਂ ਨਾਲ ਕਾਂਗਰਸ ਆਗੂ ਕਮਲਜੀਤ ਕੜਵਲ।

ਲੋਕ ਇਨਸਾਫ਼ ਪਾਰਟੀ ਦੇ ਮੁਖੀ ਤੇ ਵਿਧਾਇਕ ਸਿਮਰਜੀਤ ਸਿੰਘ ਬੈਂਸ ਨੇ ਦੱਸਿਆ ਕਿ ਉਹ ਵਾਰਡ ਨੰ. 49 ਅਧੀਨ ਆਉਂਦੇ ਇਲਾਕੇ ਮਾਡਲ ਟਾਊਨ ਐਕਸਟੈਨਸ਼ਨ ’ਚ ਪਾਰਟੀ ਉਮੀਦਵਾਰ ਅਨੀਤਾ ਗਰਗ ਦੀ ਹਮਾਇਤ ’ਚ ਅਸ਼ੋਕ ਸਿੰਗਲਾ ਦੀ ਕੋਠੀ ਨੰਬਰ 245 ਵਿੱਚ ਮੀਟਿੰਗ ਕਰ ਰਹੇ ਸਨ। ਇਸੇ ਦੌਰਾਨ ਕਾਂਗਰਸੀ ਉਮੀਦਵਾਰ ਬੀਬੀ ਰਜਿੰਦਰ ਕੌਰ ਦਾ ਲੜਕਾ ਗੁਰਪ੍ਰੀਤ ਗ਼ੋਪੀ ਤੇ ਕਮਲਜੀਤ ਸਿੰਘ ਕੜਵਲ ਉਥੇ ਆਏ ਤੇ ਉਨ੍ਹਾਂ ਨੂੰ ਉਥੋਂ ਜਾਣ ਲਈ ਕਿਹਾ। ਅਸ਼ੋਕ ਸਿੰਗਲਾ ਨੇ ਹਾਲਾਂਕਿ ਕਾਂਗਰਸੀ ਆਗੂ ਕੜਵਲ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ, ਪਰ ਉਹ ਹਥਿਆਰਾਂ ਨਾਲ ਲੈਸ ਆਪਣੇ ਵੱਡੀ ਗਿਣਤੀ ਸਮਰਥਕਾਂ ਨਾਲ ਕੋਠੀ ਅੰਦਰ ਦਾਖ਼ਲ ਹੋ ਗਿਆ ਤੇ ਤੋੜ ਫੋੜ ਸ਼ੁਰੂ ਕਰ ਦਿੱਤੀ। ਬੈਂਸ ਤੇ ਕੜਵਲ ਦੇ ਹਮਾਇਤੀਆਂ ’ਚ ਝੜੱਪ ਦੀ ਖ਼ਬਰ ਪੂਰੇ ਸ਼ਹਿਰ ’ਚ ਫੈਲਦਿਆਂ ਹੀ ਕਾਂਗਰਸ ਤੇ ਲੋਕ ਇਨਸਾਫ਼ ਪਾਰਟੀ ਸਮੇਤ ਆਮ ਆਦਮੀ ਪਾਰਟੀ ਦੇ ਵੱਡੀ ਗਿਣਤੀ ਸਮਰਥਕ ਇਕੱਠੇ ਹੋ ਗਏ ਤੇ ਪੂਰਾ ਇਲਾਕਾ ਛਾਉਣੀ ’ਚ ਤਬਦੀਲ ਹੋ ਗਿਆ। ਬੈਂਸ ਨੇ ਦਾਅਵਾ ਕੀਤਾ ਕਿ ਹਮਲੇ ’ਚ ਉਨ੍ਹਾਂ ਦੇ ਵੀ ਹਲਕੀ ਸੱਟ ਲੱਗੀ, ਜਦੋਂ ਕਿ ਉਨ੍ਹਾਂ ਦਾ ਪੀਏ ਧਰਮਿੰਦਰ ਗੰਭੀਰ ਜ਼ਖ਼ਮੀ ਹੋ ਗਿਆ। ਉਨ੍ਹਾਂ ਤੁਰੰਤ ਡੀਜੀਪੀ ਸੁਰੇਸ਼ ਅਰੋੜਾ ਤੇ ਚੋਣ ਕਮਿਸ਼ਨਰ ਨੂੰ ਇਸ ਦੀ ਜਾਣਕਾਰੀ ਦਿੱਤੀ। ਸ੍ਰੀ ਬੈਂਸ ਨੇ ਮਗਰੋਂ ਕਿਹਾ ਕਿ ਉਹ ਇਸ ਧੱਕੇਸ਼ਾਹੀ ਖ਼ਿਲਾਫ਼ ਚੋਣ ਕਮਿਸ਼ਨਰ ਦਫ਼ਤਰ ਦੇ ਬਾਹਰ ਧਰਨਾ ਦੇਣ ਤੋਂ ਇਲਾਵਾ ਹਾਈ ਕੋਰਟ ’ਚ ਰਿੱਟ ਦਾਇਰ ਕਰਕੇ ਨਗਰ ਨਿਗਮ ਚੋਣਾਂ ’ਚ ਚੋਣ ਅਬਜ਼ਰਵਰ ਚੰਡੀਗੜ੍ਹ ਜਾਂ ਹਰਿਆਣਾ ਤੋਂ ਲਾਏ ਜਾਣ ਦੀ ਮੰਗ ਕਰਨਗੇ। ਉਨ੍ਹਾਂ ਕਿਹਾ ਕਿ ਪੁਲੀਸ ਨੇ ਜੇਕਰ ਹਮਲਾਵਰਾਂ ਖ਼ਿਲਾਫ਼ ਕੋਈ ਕਾਰਵਾਈ ਨਾ ਕੀਤੀ ਤਾਂ ਉਹ ਧਰਨਾ ਪ੍ਰਦਰਸ਼ਨ ਵੀ ਕਰਨਗੇ। ਇਸ ਦੌਰਾਨ ਵਿਰੋਧੀ ਧਿਰ ਦੇ ਨੇਤਾ ਸੁਖਪਾਲ ਸਿੰਘ ਖਹਿਰਾ ਨੇ ਕਿਹਾ ਕਿ ਲੁਧਿਆਣਾ ਵਿੱਚ ਜੇਕਰ ਕੋਈ ਵਿਧਾਇਕ ਸੁਰੱਖਿਅਤ ਨਹੀਂ ਹੈ ਤਾਂ ਆਮ ਲੋਕ ਕਿਵੇਂ ਸੁਰੱਖਿਅਤ ਹੋ ਸਕਦੇ ਹਨ। ਉਧਰ ਆਤਮ ਨਗਰ ਤੋਂ ਕਾਂਗਰਸ ਦੇ ਹਲਕਾ ਇੰਚਾਰਜ ਕਮਲਜੀਤ ਸਿੰਘ ਕੜਵਲ ਨੇ ਦੱਸਿਆ ਕਿ ਮਾਡਲ ਟਾਊਨ ਐਕਸਟੈਨਸ਼ਨ ’ਚ ਉਪਰੋਕਤ ਸਥਾਨ ’ਤੇ ਕਾਂਗਰਸ ਪਾਰਟੀ ਦੀ ਉਮੀਦਬਾਰ ਬੀਬੀ ਰਾਜਿੰਦਰ ਕੌਰ ਦੀ ਮੀਟਿੰਗ ਚੱਲ ਰਹੀ ਸੀ। ਇਸੇ ਦੌਰਾਨ ਵਿਧਾਇਕ ਬੈਂਸ ਆਪਣੇ ਹਮਾਇਤੀਆਂ ਸਮੇਤ ਮੌਕੇ ’ਤੇ ਪੁੱਜਿਆ, ਪਰ ਉਥੇ ਕੋਈ ਲੜਾਈ ਨਹੀਂ ਹੋਈ। ਉਨ੍ਹਾਂ ਕਿਹਾ ਕਿ ਬੈਂਸ ਭਰਾ ਨਿਗਮ ਚੋਣਾਂ ਹਾਰ ਰਹੇ ਹਨ, ਜਿਸ ਕਾਰਨ ਉਹ ਅਜਿਹੇ ਦੋਸ਼ ਲਾ ਰਹੇ ਹਨ।

# ਆਮਦਨ ਟੈਕਸ ਵਿਭਾਗ ਨੇ ਸਾਬਕਾ ਮੰਤਰੀ ਗੁਰਜੀਤ ਰਾਣਾ ਵਿਰੁਧ ਸਿਕੰਜਾ ਕਸਿਆ

## ਰਾਣਾ ਪਰਿਵਾਰ ਦੀਆਂ ਕੰਪਨੀਆਂ ਉੱਤੇ ਮਾਰੇ ਛਾਪੇ, ਜਾਂਚ ਪੜਤਾਲ ਸ਼ੁਰੂ

**ਚੰਡੀਗੜ੍ਹ/ਬਿਊਰੋ ਨਿਊਜ਼:** ਆਮਦਨ ਟੈਕਸ ਵਿਭਾਗ ਦੀਆਂ ਟੀਮਾਂ ਨੇ ਵਿਵਾਦਾਂ ‘ਚ ਘਿਰੇ ਸਾਬਕਾ ਮੰਤਰੀ ਰਾਣਾ ਗੁਰਜੀਤ ਸਿੰਘ ਦੇ ਪਰਿਵਾਰ ਦੀਆਂ ਕੰਪਨੀਆਂ, ਉਨ੍ਹਾਂ ਦੇ ਚਾਰਟਰਡ ਅਕਾਊਂਟੈਂਟ ਅਤੇ ਭਾਈਵਾਲ ਕੈਪਟਨ ਜੇ.ਐਸ.ਰੰਧਾਵਾ ਦੀਆਂ ਕੰਪਨੀਆਂ ‘ਤੇ ਸ਼ੁਕਰਵਾਰ ਸਵੇਰੇ ਛਾਪੇ ਮਾਰੇ ਤੇ ਜਾਂਚ ਪੜਤਾਲ ਕੀਤੀ ਜੋ ਰਾਤ ਤਕ ਜਾਰੀ ਰਹੀ। ਟੀਮਾਂ ਨੇ ਸਵੇਰੇ ਤਕਰੀਬਨ ਸਾਢੇ ਨੌਂ ਵਜੇ ਰਾਣਾ ਗਰੁੱਪ ਦੀਆਂ ਕੰਪਨੀਆਂ ਦੇ ਸੈਕਟਰ ਅੱਠ ਵਿਚਲੇ ਦਫ਼ਤਰਾਂ ‘ਤੇ ਛਾਪੇ ਮਾਰੇ। ਇਨ੍ਹਾਂ ਕੰਪਨੀਆਂ ਵਿੱਚ ਰਾਣਾ ਸ਼ੂਗਰ, ਰਾਣਾ ਪੋਲੀਕੋਟ, ਰਾਣਾ ਡਿਸਟਿਲਰੀਜ਼ ਅਤੇ ਰਾਣਾ ਇਨਫਾਰਮੈਟਿਕਸ ਸ਼ਾਮਲ ਹਨ। ਇਨ੍ਹਾਂ ਟੀਮਾਂ ਦੀ ਅਗਵਾਈ ਆਈਟੀ ਵਿਭਾਗ ਦੇ ਵਧੀਕ ਕਮਿਸ਼ਨਰ ਇਨਵੈਸਟੀਗੇਸ਼ਨ ਮਹੇਸ਼ ਸਰੀਨ ਨੇ ਕੀਤੀ। ਟੀਮਾਂ ਨੇ ਛਾਪੇ ਮਾਰਨ ਤੋਂ ਬਾਅਦ ਕੰਪਨੀਆਂ ਦੇ ਮੁਲਾਜ਼ਮਾਂ ਨੂੰ ਦਫ਼ਤਰਾਂ ਦੇ ਅੰਦਰ ਨਹੀਂ ਜਾਣ ਦਿੱਤਾ। ਇਸ ਮੌਕੇ ਚੰਡੀਗੜ੍ਹ ਪੁਲੀਸ ਵੀ ਮੌਜੂਦ ਸੀ। ਛਾਪਿਆਂ ਦੀ ਜਾਣਕਾਰੀ ਮਿਲਣ ਤੋਂ ਬਾਅਦ ਸਾਬਕਾ ਮੰਤਰੀ ਦਾ ਪੁੱਤਰ ਤੇ ਕੰਪਨੀਆਂ ਦਾ ਐਮ.ਡੀ. ਰਾਣਾ ਇੰਦਰ ਪ੍ਰਤਾਪ ਸਿੰਘ ਵੀ ਮੌਕੇ ‘ਤੇ ਪਹੁੰਚ ਗਿਆ। ਪਤਾ ਲੱਗਾ ਹੈ ਕਿ ਟੀਮ ਨੇ ਸਾਬਕਾ ਮੰਤਰੀ ਦੇ ਸੈਕਟਰ ਚਾਰ ਵਿਚਲੇ ਘਰ ਦੀ ਵੀ ਤਲਾਸ਼ੀ ਲੈਣ ਦੇ ਨਾਲ ਨਾਲ ਉਨ੍ਹਾਂ ਦੇ ਚਰਟਰਡ ਅਕਾਊਂਟੈਂਟ ਤ੍ਰਿਲੋਕੀ ਨਾਥ ਸਿੰਘਲ ਦੇ ਘਰ ਅਤੇ ਭਾਈਵਾਲ ਕੈਪਟਨ ਜੇ.ਐਸ.ਰੰਧਾਵਾ ਦੀਆਂ ਕੰਪਨੀਆਂ ਦੇ ਸੈਕਟਰ 8 ਵਿਚ ਸਥਿਤ ਦਫ਼ਤਰਾਂ ਦੀ ਤਲਾਸ਼ੀ ਲਈ। ਇਹ ਵੀ ਪਤਾ ਲੱਗਾ ਹੈ ਕਿ ਚੰਡੀਗੜ੍ਹ ਤੋਂ ਇਲਾਵਾ ਰਾਣਾ ਦੇ ਅੰਮ੍ਰਿਤਸਰ ਅਤੇ ਕਪੂਰਥਲਾ ਵਿਚਲੀਆਂ ਕਾਰੋਬਾਰੀ ਥਾਵਾਂ ‘ਤੇ ਵੀ ਛਾਪੇ ਮਾਰੇ ਗਏ। ਆਮ ਆਦਮੀ ਪਾਰਟੀ ਦੇ ਆਗੂ ਸੁਖਪਾਲ ਖਹਿਰਾ ਨੇ ਕਿਹਾ ਕਿ ਉਨ੍ਹਾਂ ਨੇ ਵੀ ਰਾਣਾ ਦੇ ਖ਼ਿਲਾਫ਼ ਆਈ ਟੀ ਕੋਲ ਸ਼ਿਕਾਇਤ ਕੀਤੀ ਸੀ ਪਰ ਇਹ ਛਾਪੇ ਕਿਸ ਦੀ ਸ਼ਿਕਾਇਤ ਜਾਂ ਕਾਰਨ ਮਾਰੇ ਗਏ ਹਨ ਇਸ ਦੀ ਉਨ੍ਹਾਂ ਨੂੰ ਕੋਈ ਜਾਣਕਾਰੀ ਨਹੀਂ ਹੈ।

ACURA

AutoNation Acura Stevens Creek

4747 Stevens Creek Bl.
Santa Clara, CA 95051

ਹਰ ਤਰ੍ਹਾਂ ਦੀ ਨਵੀਂ Acura RDX SUV, Acura MDX SUV, Acura TLX Sedan, Acura ILX Sedan, Acura RLX Sedan & Acura NSX Sports ਖ਼ਰੀਦਣ ਲਈ AutoNation Acura Stevens Creek ’ਤੇ ਦਰਸ਼ਨ ਦਿਓ ਜੀ, ਜੋ ਕਿ Santa Clara ਵਿੱਚ ਬਹੁਤ ਹੀ ਸੋਹਣੀ ਜਗ੍ਹਾ ’ਤੇ ਫਰੀਵੇ 280 ਅਤੇ 880 ਦੇ ਨਜ਼ਦੀਕ ਸਥਿਤ ਹੈ। ਸਾਡੇ ਕੋਲ ਹਰ ਤਰ੍ਹਾਂ ਦੀ ਕਾਰ, ਹਰ ਰੰਗ ਵਿਚ ਉਪਲਬਧ ਹੈ। ਅਸੀਂ ਹਰ ਤਰ੍ਹਾਂ ਦੀ ਕੀਮਤ ਮੈਚ ਜਾਂ ਬੀਟ ਕਰਦੇ ਹਾਂ। ਸਾਡੇ ਕੋਲੋਂ ਹਰ ਤਰ੍ਹਾਂ ਦੀ New & Used ਕਾਰ ਠੀਕ ਕੀਮਤ ’ਤੇ ਲੈ ਸਕਦੇ ਹੋ।

*ਤੁਸੀ ਜੇ ਹੁਣੇ ਹੁਣੇ ਅਮਰੀਕਾ ਆਏ ਹੋ, ਤੁਹਾਡਾ ਨਵਾਂ, ਪੁਰਾਣਾ ਜਾਂ ਬੈਡ ਕਰੈਡਿਟ ਹੈ, ਅਸੀਂ ਤੁਹਾਡੀ ਪੂਰੀ ਤਰ੍ਹਾਂ ਨਾਲ ਮਦਦ ਕਰਾਂਗੇ।*

ਵਧੀਆ ਤੋਂ ਵਧੀਆ ਡੀਲ ਲੈਣ ਲਈ ਤੁਸੀਂ ਤੁਹਾਡੇ ਆਪਣੇ ਮਿੱਤਰ ਨੂੰ ਸੰਪਰਕ ਕਰ ਸਕਦੇ ਹੋ ਜੋ ਕਿ ਪਿਛਲੇ 15 ਸਾਲਾਂ ਤੋਂ ਬੇ ਏਰੀਆਂ ਅਤੇ ਸੈਂਟਾ ਕਲਾਰਾ ਵਿੱਚ ਤੁਹਾਡੀ ਸੇਵਾ ਕਰਦਾ ਆ ਰਿਹਾ ਹੈ।

Rashpal Singh Aulakh
Sales Manager
AutoNation Acura Stevens Creek
Santa Clara, CA 95051

ਕਾਲ ਕਰੋ ਜਾਂ ਆ ਕੇ ਮਿਲੋ

Cell : 510.299.4326

Email : aulakhr1@autonation.com



# 'ਆਪ' ਦੀ ਸਰਕਾਰ ਦੇ ਮੁੱਖ ਸਕੱਤਰ ਨੇ ਲਾਏ ਕੁੱਟਮਾਰ ਦੇ ਦੋਸ਼

## *ਦਿੱਲੀ ਪੁਲੀਸ ਵਲੋਂ ਦੋ ਵਿਧਾਇਕਾਂ ਖਿਲਾਫ਼ ਕਾਰਵਾਈ*

**ਨਵੀਂ ਦਿੱਲੀ/ਬਿਊਰੋ ਨਿਊਜ਼,** ਦਿੱਲੀ 'ਚ ਆਪ' ਦੀ ਸਰਕਾਰ ਅਤੇ ਮੁੱਖ ਸਕੱਤਰ ਅੰਸ਼ੂ ਪ੍ਰਕਾਸ਼ ਦਰਮਿਆਨ ਭਿਆਨਕ ਵਿਵਾਦ ਖੜ੍ਹਾ ਹੋ ਗਿਆ। ਸ੍ਰੀ ਪ੍ਰਕਾਸ਼ ਨੇ ਦੋਸ਼ ਲਾਇਆ ਕਿ ਸੋਮਵਾਰ ਦੇਰ ਰਾਤ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਰਿਹਾਇਸ਼ ਉਤੇ ਆਪ' ਵਿਧਾਇਕਾਂ ਨੇ ਸ੍ਰੀ ਕੇਜਰੀਵਾਲ ਤੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਦੀ ਹਾਜ਼ਰੀ ਵਿੱਚ ਉਨ੍ਹਾਂ ਦੀ ਕੁੱਟਮਾਰ ਕੀਤੀ। ਸ੍ਰੀ ਪ੍ਰਕਾਸ਼ ਨੇ ਮੰਲਗਵਾਰ ਨੂੰ ਇਸ ਮਾਮਲੇ 'ਤੇ ਉਪ ਰਾਜਪਾਲ ਅਨਿਲ ਬੈਜਲ ਤੇ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨਾਲ ਮੁਲਾਕਾਤ ਕੀਤੀ। ਦਿੱਲੀ ਪੁਲੀਸ ਨੇ ਉਨ੍ਹਾਂ ਦੀ ਸ਼ਿਕਾਇਤ 'ਤੇ ਕੇਸ ਦਰਜ ਕਰਕੇ ਦੇਰ ਰਾਤ ਦੇਵਲੀ ਹਲਕੇ ਤੋਂ ਆਪ ਦੇ ਦੋ ਵਿਧਾਇਕ ਪ੍ਰਕਾਸ਼ ਜਾਰਵਾਲ ਨੂੰ ਗ੍ਰਿਫਤਾਰ ਕਰ ਲਿਆ। ਜਦੋਂ ਕਿ ਦੂਸਰੇ ਵਿਧਾਇਕ ਅਮਾਨਉੱਲਾ ਖ਼ਾਨ ਨੇ ਕਿਸੇ ਕਿਸਮ ਦੀ ਖਿੱਚ ਧੂਅ ਜਾਂ ਕੁੱਟਮਾਰ ਦੇ ਦੋਸ਼ਾਂ ਨੂੰ ਪੂਰੀ ਤਰ੍ਹਾਂ ਰੱਦ ਕਰਦਿਆਂ ਬੁੱਧਵਾਰ ਸਵੇਰੇ ਪੁਲੀਸ ਥਾਣੇ ਪੁੱਜ ਕੇ ਅਪਣੇ ਆਪ ਨੂੰ ਗ੍ਰਿਫਤਾਰੀ ਲਈ ਪੇਸ਼ ਕੀਤਾ। ਗ੍ਰਹਿ ਮੰਤਰਾਲੇ ਨੇ ਇਸ ਸਬੰਧੀ ਰਾਜਪਾਲ ਤੋਂ ਰਿਪੋਰਟ ਮੰਗੀ ਹੈ। ਸ੍ਰੀ ਪ੍ਰਕਾਸ਼ ਨੇ ਸ਼ਿਕਾਇਤ ਵਿੱਚ ਕਿਹਾ ਕਿ ਉਨ੍ਹਾਂ ਨੂੰ ਰਾਤ 12 ਵਜੇ ਮੁੱਖ ਮੰਤਰੀ ਦੀ ਰਿਹਾਇਸ਼ 'ਤੇ ਸੱਦ ਕੇ ਟੈਲੀਵਿਜ਼ਨ ਪ੍ਰਚਾਰ 'ਚ ਹੋ ਰਹੀ ਦੇਰੀ ਸਬੰਧੀ ਵਿਧਾਇਕਾਂ ਨੂੰ ਜਵਾਬ ਦੇਣ ਲਈ ਕਿਹਾ ਗਿਆ। ਜਦੋਂ ਉਨ੍ਹਾਂ ਇਸ਼ਤਿਹਾਰਬਾਜ਼ੀ ਸਬੰਧੀ ਸੁਪਰੀਮ ਕੋਰਟ ਦੀਆਂ ਸੇਧਾਂ ਦਾ ਜ਼ਿਕਰ ਕੀਤਾ ਤਾਂ ਵਿਧਾਇਕ ਉਨ੍ਹਾਂ ਦੇ ਗਲ਼ ਪੈ ਗਏ। ਦੂਜੇ ਪਾਸੇ ਦਿੱਲੀ ਪ੍ਰਸ਼ਾਸਕੀ ਅਧੀਨ ਸੇਵਾਵਾਂ ਦੇ ਅਧਿਕਾਰੀਆਂ ਨੇ ਮੁਲਜ਼ਮਾਂ ਦੀ ਗ੍ਰਿਫ਼ਤਾਰੀ ਦੀ ਮੰਗ ਨੂੰ ਲੈ ਕੇ ਹੜਤਾਲ ਦਾ ਐਲਾਨ ਕਰ ਦਿੱਤਾ ਹੈ। ਦਿੱਲੀ ਸਕੱਤਰੇਤ ਦੇ ਮੁਲਾਜ਼ਮਾਂ ਤੇ ਅਫ਼ਸਰਾਂ ਨੇ ਵਾਤਾਵਰਨ ਮੰਤਰੀ ਇਮਰਾਨ ਹੁਸੈਨ ਦਾ ਘਿਰਾਓ ਕੀਤਾ। ਸ੍ਰੀ ਹੁਸੈਨ ਨੇ ਆਪਣੇ ਉਤੇ ਹਮਲੇ ਦੇ ਦੋਸ਼ ਲਾਉਂਦਿਆਂ ਸ਼ਿਕਾਇਤ ਦਰਜ ਕਰਵਾਈ ਹੈ।



### ਸਾਰੇ ਦੋਸ਼ ਬੇਬੁਨਿਆਦ: ਕੇਜਰੀਵਾਲ

ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਦੋਸ਼ਾਂ ਨੂੰ ਹੈਰਾਨੀਜਨਕ ਤੇ ਬੇਬੁਨਿਆਦ' ਕਰਾਰ ਦਿੱਤਾ ਹੈ। ਆਪ' ਨੇ ਕਿਹਾ ਕਿ ਮੁੱਖ ਸਕੱਤਰ ਵੱਲੋਂ ਉਪ ਰਾਜਪਾਲ ਤੇ ਭਾਜਪਾ ਦੀ ਸ਼ਹਿ 'ਤੇ ਦੋਸ਼ ਲਾਏ ਜਾ ਰਹੇ ਹਨ। ਪਾਰਟੀ ਨੇ ਸਫ਼ਾਈ ਦਿੱਤੀ ਕਿ ਰਾਜਧਾਨੀ ਵਿੱਚ ਢਾਈ ਲੱਖ ਪਰਿਵਾਰਾਂ ਦੇ ਰਾਸ਼ਨ ਕਾਰਡ ਆਧਾਰ ਨਾਲ ਨਾ ਜੁੜਨ ਕਾਰਨ ਉਨ੍ਹਾਂ ਨੂੰ ਰਾਸ਼ਨ ਨਹੀਂ ਮਿਲ ਰਿਹਾ। ਇਸ ਸਬੰਧੀ ਮੀਟਿੰਗ ਵਿੱਚ ਸ੍ਰੀ ਪ੍ਰਕਾਸ਼ ਨੂੰ ਸੱਦਿਆ ਗਿਆ ਸੀ। ਪਾਰਟੀ ਨੇ ਦੋਸ਼ ਲਾਇਆ ਕਿ ਮੁੱਖ ਸਕੱਤਰ ਨੇ ਵਿਧਾਇਕਾਂ ਨਾਲ ਬਦਸਲੂਕੀ ਕੀਤੀ ਤੇ ਬਿਨਾਂ ਜਵਾਬ ਦਿੱਤੇ ਚਲੇ ਗਏ।

# ਆਖ਼ਰ ਅੰਮ੍ਰਿਤਸਰ ਤੋਂ ਬਰਮਿੰਘਮ ਲਈ ਸਿੱਧੀ ਹਵਾਈ ਉਡਾਣ ਸ਼ੁਰੂ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਸ੍ਰੀ ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡੇ ਤੋਂ ਏਅਰ ਇੰਡੀਆ ਦੀ ਅੰਮ੍ਰਿਤਸਰ ਬਰਮਿੰਘਮ ਵਿਚਾਲੇ ਸਿੱਧੀ ਉਡਾਣ ਸ਼ੁਰੂ ਹੋ ਗਈ ਹੈ, ਜਿਸ ਨੂੰ ਕੇਂਦਰੀ ਰਾਜ ਮੰਤਰੀ ਵਿਜੈ ਸਾਂਪਲਾ ਅਤੇ ਦੋਵਾਂ ਸੰਸਦ ਮੈਂਬਰਾਂ ਸ਼ਵੇਤ ਮਲਿਕ ਤੇ ਗੁਰਜੀਤ ਸਿੰਘ ਔਜਲਾ ਨੇ ਝੰਡੀ ਦਿਖਾਈ। ਇਹ ਉਡਾਣ ਸ਼ੁਰੂ ਵਿਚ ਦੋ ਦਿਨ ਮੰਗਲਵਾਰ ਅਤੇ ਵੀਰਵਾਰ ਅੰਮ੍ਰਿਤਸਰ ਤੋਂ ਬਰਮਿੰਘਮ ਲਈ ਚੱਲੇਗੀ। ਇਸੇ ਤਰ੍ਹਾਂ ਬਰਮਿੰਘਮ ਤੋਂ ਅੰਮ੍ਰਿਤਸਰ ਵਾਸਤੇ ਬੁੱਧਵਾਰ ਅਤੇ ਸ਼ੁੱਕਰਵਾਰ ਨੂੰ ਚੱਲੇਗੀ। ਇਹ ਉਡਾਣ ਦਿੱਲੀ ਤੋਂ ਅੰਮ੍ਰਿਤਸਰ ਆਵੇਗੀ ਅਤੇ ਇਥੋਂ ਸਿੱਧਾ ਬਰਮਿੰਘਮ ਲਈ ਰਵਾਨਾ ਹੋਵੇਗੀ। ਏਅਰ ਇੰਡੀਆ ਵੱਲੋਂ ਅੰਮ੍ਰਿਤਸਰ ਬਰਮਿੰਘਮ ਵਿਚਾਲੇ ਸਭ ਤੋਂ ਪਹਿਲਾਂ ਜਨਵਰੀ 1982 ਵਿਚ ਸਿੱਧੀ ਉਡਾਣ ਸ਼ੁਰੂ ਕੀਤੀ ਗਈ ਸੀ। ਉਸ ਵੇਲੇ ਵੀ ਇਸ ਉਡਾਣ ਨੂੰ ਭਰਵਾਂ ਹੁੰਗਾਰਾ ਮਿਲਿਆ ਸੀ ਪਰ ਪੰਜਾਬ ਵਿਚ ਖਾੜਕੂਵਾਦ ਕਾਰਨ ਸੰਨ 1984 ਵਿਚ ਇਹ ਬੰਦ ਹੋ ਗਈ ਸੀ। ਹਵਾਈ ਕੰਪਨੀ ਵੱਲੋਂ ਦੁਬਾਰਾ ਇਹੀ ਉਡਾਣ ਮਈ 2005 ਵਿਚ ਸ਼ੁਰੂ ਹੋਈ ਸੀ , ਜੋ 2010 ਤਕ ਜਾਰੀ ਰਹੀ। ਮਗਰੋਂ ਇਸ ਨੂੰ ਦਿੱਲੀ ਤਬਦੀਲ ਕਰ ਦਿੱਤਾ ਗਿਆ ਸੀ।

ਮੰਗਲਵਾਰ ਨੂੰ ਇਸ ਉਡਾਣ ਦੀ ਮੁੜ ਸ਼ੁਰੂਆਤ ਵੇਲੇ ਭਾਜਪਾ ਅਤੇ ਕਾਂਗਰਸੀ ਆਗੂ ਵੱਡੀ ਗਿਣਤੀ ਵਿਚ ਹਾਜ਼ਰ ਸਨ। ਪਹਿਲਾਂ ਇਥੇ ਰਿਬਨ ਕੱਟਿਆ ਅਤੇ ਮਗਰੋਂ ਕੇਕ ਵੀ ਕੱਟਿਆ ਗਿਆ। ਕੇਂਦਰੀ ਰਾਜ ਮੰਤਰੀ ਵਿਜੇ ਸਾਂਪਲਾ ਨੇ ਆਖਿਆ ਕਿ ਇਸ ਸਿੱਧੀ ਉਡਾਣ ਦੀ ਸ਼ੁਰੂਆਤ ਨਾਲ ਪੰਜਾਬ ਸਮੇਤ ਹਰਿਆਣਾ ਅਤੇ ਹਿਮਾਚਲ ਦੇ ਲੋਕਾਂ ਨੂੰ ਵੀ ਲਾਭ ਹੋਵੇਗਾ। ਇਸ ਤੋਂ ਇਲਾਵਾ ਕਾਰਗੋ ਰਾਹੀਂ ਪੰਜਾਬ ਦੀਆਂ ਸਬਜ਼ੀਆਂ ਤੇ ਫਲ ਤੇ ਹੋਰ ਵਸਤਾਂ ਪਹਿਲਾਂ ਵਾਂਗ ਹੀ ਸਿੱਧਾ ਯੂ.ਕੇ ਜਾ ਸਕਣਗੇ, ਜਿਸ ਨਾਲ ਵਪਾਰੀਆਂ ਨੂੰ ਵੀ ਲਾਭ ਹੋਵੇਗਾ। ਯੂ.ਕੇ ਵਿਚ ਵਸਦਾ ਪੰਜਾਬੀ ਭਾਈਚਾਰਾ ਸਿੱਧਾ ਅੰਮ੍ਰਿਤਸਰ ਆ ਸਕੇਗਾ ਅਤੇ ਸ੍ਰੀ ਹਰਿਮੰਦਰ ਸਾਹਿਬ ਨਤਮਸਤਕ ਹੋਣਗੇ। ਰਾਜ ਸਭਾ ਮੈਂਬਰ ਸ੍ਰੀ ਸ਼ਵੇਤ ਮਲਿਕ ਨੇ ਆਖਿਆ ਕਿ ਉਹ ਪਿਛਲੇ ਦੋ ਸਾਲਾਂ ਤੋਂ ਲਗਾਤਾਰ ਹਵਾਈ ਅੱਡੇ ਦੇ ਵਿਕਾਸ ਅਤੇ ਅੰਤਰਾਸ਼ਟਰੀ ਉਡਾਣਾਂ ਸ਼ੁਰੂ ਕਰਨ ਲਈ ਯਤਨ ਕਰ ਰਹੇ ਹਨ। ਉਨ੍ਹਾਂ ਇਹ ਮਾਮਲਾ 25 ਜੁਲਾਈ 2016 ਨੂੰ ਰਾਜ ਸਭਾ ਵਿਚ ਵੀ ਉਠਾਇਆ ਸੀ।ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਨੇ ਆਖਿਆ ਕਿ ਇਸ ਉਡਾਣ ਨੂੰ ਲੋਕਾਂ ਦੇ ਭਰਵੇਂ ਹੁੰਗਾਰੇ ਤੋਂ ਬਾਅਦ ਰੋਜ਼ਾਨਾ ਵੀ ਸ਼ੁਰੂ ਕੀਤਾ ਜਾ ਸਕਦਾ ਹੈ। ਇਸ ਮੌਕੇ ਭਾਜਪਾ ਦੇ ਸਾਬਕਾ ਮੰਤਰੀ ਡਾ. ਬਲਦੇਵ ਰਾਜ ਚਾਵਲਾ, ਸਾਬਕਾ ਮੇਅਰ ਬਖਸ਼ੀ ਰਾਮ ਅਰੋੜਾ ਤੇ ਹੋਰ ਪਤਵੰਤੇ ਹਾਜ਼ਰ ਸਨ।



ਅੰਮ੍ਰਿਤਸਰ ਤੋਂ ਬਰਮਿੰਘਮ ਵੱਲ ਰਵਾਨਾ ਹੋ ਰਹੇ ਏਅਰ ਇੰਡੀਆ ਦੇ ਜਹਾਜ਼ ਨੂੰ ਝੰਡੀ ਦਿਖਾਉਂਦੇ ਹੋਏ ਵਿਜੈ ਸਾਂਪਲਾ ਤੇ ਹੋਰ ਆਗੂ।

# ਰਾਸ਼ਟਰਪਤੀ ਜੈਕਬ ਜ਼ੂਮਾ ਨੂੰ ਦੇਣ ਪਿਆ ਅਸਤੀਫ਼ਾ

**ਜੌਹੈੱਨਸਬਰਗ/ਬਿਊਰੋ ਨਿਊਜ਼:**

ਭਾਰਤੀ ਮੂਲ ਦੇ ਕਾਰੋਬਾਰੀ ਗੁਪਤਾ ਭਰਾਵਾਂ ਨਾਲ ਸਬੰਧਾਂ ਕਰਕੇ ਘੁਟਾਲੇ/ਵਿਵਾਦਾਂ 'ਚ ਘਿਰੇ ਰਾਸ਼ਟਰਪਤੀ ਜੈਕਬ ਜ਼ੂਮਾ ਨੇ ਸੱਤਾਧਾਰੀ ਅਫਰੀਕਨ ਨੈਸ਼ਨਲ ਕਾਂਗਰਸ (ਏਐਨਸੀ) ਪਾਰਟੀ ਨਾਲ ਬਣੇ ਜਮੂਦ ਨੂੰ ਤੋੜਦਿਆਂ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਹੈ। ਨਵੇਂ ਰਾਸ਼ਟਰਪਤੀ ਦੀ ਚੋਣ ਤਕ ਉਪ ਰਾਸ਼ਟਰਪਤੀ ਤੇ ਸਾਬਕਾ ਕਾਰੋਬਾਰੀ ਰਾਮਾਫੋਸਾ ਅੰਤਰਿਮ ਰਾਸ਼ਟਰਪਤੀ ਹੋਣਗੇ। ਜ਼ੂਮਾ (75 ਸਾਲ) ਨੇ ਅਸਤੀਫ਼ੇ ਦਾ ਐਲਾਨ ਵੀਰਵਾਰ ਰਾਤੀਂ ਕੌਮੀ ਟੈਲੀਵਿਜ਼ਨ 'ਤੇ ਆਪਣੇ ਸੰਬੋਧਨ ਦੌਰਾਨ ਕੀਤਾ। ਅਸਤੀਫ਼ੇ ਨਾਲ ਜ਼ੂਮਾ ਦਾ ਨੌਂ ਸਾਲ ਦਾ ਕਾਰਜਕਾਲ ਖ਼ਤਮ ਹੋ ਗਿਆ ਹੈ। ਉਂਜ ਰਾਸ਼ਟਰਪਤੀ ਵਜੋਂ ਜ਼ੂਮਾ ਦੇ ਦੂਜੇ ਕਾਰਜਕਾਲ ਦੀ ਮਿਆਦ ਅਗਲੇ ਸਾਲ ਕੌਮੀ ਚੋਣਾਂ ਤਕ ਸੀ। ਚੇਤੇ ਰਹੇ ਕਿ ਏਐਨਸੀ ਨੇ ਦੋ ਮਹੀਨੇ ਪਹਿਲਾਂ ਜ਼ੂਮਾ ਦੀ ਥਾਂ ਸਿਰਿਲ ਰਾਮਾਫੋਸਾ ਦੀ ਨਵੇਂ ਪਾਰਟੀ ਪ੍ਰਧਾਨ ਵਜੋਂ ਚੋਣ ਕੀਤੀ ਸੀ। ਇਸ ਚੋਣ ਨੂੰ ਲੈ ਕੇ ਉਨ੍ਹਾਂ ਦੇ ਪਾਰਟੀ ਨਾਲ ਮਤਭੇਦ ਚੱਲ ਰਹੇ ਸਨ। ਏਐਨਸੀ ਵਿਰੋਧੀ ਪਾਰਟੀਆਂ ਦੀ ਹਮਾਇਤ ਨਾਲ ਸੰਸਦ 'ਚ ਰਾਸ਼ਟਰਪਤੀ ਖ਼ਿਲਾਫ਼ ਬੇਭਰੋਸਗੀ ਮਤਾ ਲਿਆ ਕੇ ਜ਼ੂਮਾ ਨੂੰ ਅਹੁਦੇ ਤੋਂ ਲਾਂਭੇ ਕੀਤੇ ਜਾਣ ਦੀ ਤਿਆਰੀ ਵਿੱਚ ਸੀ।


CIS CALIFORNIA IMMIGRATION SERVICES
(Registered & Bonded)

- FAMILY IMMIGRATION
- GREEN CARD PETITION
- CITIZENSHIP
- OCI CARD / INDIAN PASSPORT
- BUSINESS / VISITOR VISA
- H-1 B VISA PETITION
- STUDENT VISA
- RELIGIOUS VISA
- LEGAL SERVICES





Rosy (Kanwal) Kaur
Immigration Consultant / LDA

CALL FOR FREE INITIAL CONSULTATION !
Ph: 510-573-3666, 408-422-8585
Fremont Office
4127 Bay Street, Suite 5
Tracy Office
95 W. 11th Street, Suite 205
www.caials.com rosy@caials.com

CAPITAL ACCOUNTING & TAX SERVICES
HELPING PEOPLE FOR THEIR TRUCKING NEEDS
(IRP) Plates-48 States-Same Day
ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।
ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ
• ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
• ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।
Same Day Plates Same Day Plates Same Day Plates



Kuldeep Singh Kang



Sewa Singh Bhinder

ਸੱਤ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ

TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services



CALIFORNIA DMV LIV. # 40524

PH : 530-669-5780 Fax : 530-669-5775
Cell : 530-908-9386 Cell : 530-405-6020
ਇਹ ਦਫ਼ਤਰ ਡੀ.ਐਮ.ਵੀ. ਸ਼ਾਪਿੰਗ ਸੈਂਟਰ ਵਿਚ ਹੈ।
825 East Street, Suite 110 Woodland, CA 95776

# ਸੁਪਰੀਮ ਕੋਰਟ ਨੇ ਕਾਵੇਰੀ ਦੇ ਪਾਣੀਆਂ ਚੋਂ ਕਰਨਾਟਕ ਦਾ ਹਿੱਸਾ ਵਧਾਇਆ

## ਤਾਮਿਲਨਾਡੂ ਦਾ ਪਾਣੀ ਘਟਾਉਣ ਦਾ ਫੈਸਲਾ

### 15 ਸਾਲਾਂ ਤੱਕ ਲਾਗੂ ਰਹੇਗਾ ਲਾਗੂ

**ਨਵੀਂ ਦਿੱਲੀ/ਬਿਊਰੋ ਨਿਊਜ਼:** ਦੱਖਣੀ ਭਾਰਤ ਦੇ ਅਹਿਮ ਦਰਿਆ ਕਾਵੇਰੀ ਦੇ ਪਾਣੀ ਲਈ ਤਾਮਿਲਨਾਡੂ ਤੇ ਕਰਨਾਟਕ ਦਰਮਿਆਨ ਜਾਰੀ ਲੜਾਈ ਦਾ ਨਿਬੇੜਾ ਕਰਦਿਆਂ ਸੁਪਰੀਮ ਕੋਰਟ ਨੇ ਦਰਿਆ ਦੇ ਪਾਣੀ ਵਿੱਚ ਕਰਨਾਟਕ ਦਾ ਹਿੱਸਾ 14.75 ਟੀਐਮਸੀ ਫੁੱਟ ਵਧਾ ਦਿੱਤਾ। ਦੂਜੇ ਪਾਸੇ ਤਾਮਿਲਨਾਡੂ ਦੇ ਹਿੱਸੇ ਵਿੱਚ ਕਟੌਤੀ ਕਰ ਦਿੱਤੀ ਹੈ। ਤਾਮਿਲਨਾਡੂ ਨੂੰ ਇਸ ਕਮੀ ਦੀ ਪੂਰਤੀ ਲਈ ਦਰਿਆ ਦੇ ਇਲਾਕੇ (ਬੇਸਿਨ) ਵਿੱਚੋਂ ਜ਼ਮੀਨ ਹੇਠਲਾ 10 ਟੀਐਮਸੀ ਫੁੱਟ ਪਾਣੀ ਕੱਢਣ ਦੀ ਇਜਾਜ਼ਤ ਦਿੱਤੀ ਗਈ ਹੈ। ਦੇਸ਼ ਦੀ ਸਿਖਰਲੀ ਅਦਾਲਤ ਨੇ ਆਪਣੇ ਫ਼ੈਸਲੇ ਵਿੱਚ ਕਿਹਾ ਕਿ ਪੀਣ ਵਾਲੇ ਪਾਣੀ ਦੇ ਮੁੱਦੇ ਨੂੰ 'ਵੱਧ ਅਹਿਮੀਅਤ' ਦਿੱਤੇ ਜਾਣ ਦੀ ਲੋੜ ਹੈ। ਸੁਪਰੀਮ ਕੋਰਟ ਦੇ ਇਸ ਫ਼ੈਸਲੇ ਨਾਲ ਹੁਣ ਤਾਮਿਲਨਾਡੂ ਨੂੰ ਕਾਵੇਰੀ ਦਾ 404.25 ਟੀਐਮਸੀ ਫੁੱਟ ਪਾਣੀ ਮਿਲੇਗਾ। ਇਸੇ ਤਰ੍ਹਾਂ ਕਰਨਾਟਕ ਨੂੰ 284.75 ਟੀਐਮਸੀ ਫੁੱਟ, ਕੇਰਲ ਨੂੰ 30 ਤੇ ਕੇਂਦਰੀ ਪ੍ਰਦੇਸ਼ ਪੁਡੂਚੇਰੀ ਨੂੰ 7 ਟੀਐਮਸੀ ਫੁੱਟ ਪਾਣੀ ਮਿਲੇਗਾ। ਦਸ ਟੀਐਮਸੀ ਫੁੱਟ ਪਾਣੀ ਦਾ ਇਸਤੇਮਾਲ ਵਾਤਾਵਰਨ ਦੇ ਬਚਾਅ ਲਈ ਕੀਤਾ ਜਾਵੇਗਾ ਅਤੇ ਚਾਰ ਟੀਐਮਸੀ ਫੁੱਟ ਪਾਣੀ ਸਮੁੰਦਰ ਵਿੱਚ ਛੱਡਿਆ ਜਾਵੇਗਾ। ਇਸ ਤੋਂ ਪਹਿਲਾਂ ਕਾਵੇਰੀ ਜਲ ਵਿਵਾਦ ਟ੍ਰਿਬਿਊਨਲ ਵੱਲੋਂ 5 ਫਰਵਰੀ, 2007 ਨੂੰ ਜਾਰੀ ਅਤੇ ਗਜ਼ਟ ਵਿੱਚ 19 ਫਰਵਰੀ, 2013 ਨੂੰ ਨੋਟੀਫਾਈ ਕੀਤੇ ਗਏ ਐਵਾਰਡ ਤਹਿਤ ਤਾਮਿਲਨਾਡੂ ਨੂੰ 419 ਟੀਐਮਸੀ ਫੁੱਟ ਤੇ ਕਰਨਾਟਕ ਨੂੰ 270 ਟੀਐਮਸੀ ਫੁੱਟ ਪਾਣੀ ਦਿੱਤਾ ਗਿਆ ਸੀ। ਸੁਪਰੀਮ ਕੋਰਟ ਦੇ ਚੀਫ਼ ਜਸਟਿਸ ਦੀਪਕ ਮਿਸ਼ਰਾ, ਜਸਟਿਸ ਅਮਿਤਵਾ ਰਾਏ ਤੇ ਜਸਟਿਸ ਏ.ਐਮ. ਖਾਨਵਿਲਕਰ ਦੇ ਬੈਂਚ ਨੇ ਫ਼ੈਸਲਾ ਸੁਣਾਉਂਦਿਆਂ ਕਰਨਾਟਕ ਦੇ ਹਿੱਸੇ 'ਚ ਕੀਤੇ ਗਏ ਵਾਧੇ ਨੂੰ ਪੀਣ ਵਾਲੇ ਪਾਣੀ ਦੀ ਲੋੜ ਅਤੇ ਸੂਬੇ ਦੀ ਰਾਜਧਾਨੀ ਬੰਗਲੌਰ ਨੂੰ ਮਿਲੇ 'ਗਲੋਬਲ ਰੁਤਬੇ' ਦੇ ਹਵਾਲੇ ਨਾਲ ਵਾਜਬ ਕਰਾਰ ਦਿੱਤਾ। ਬੈਂਚ ਨੇ ਆਪਣੇ 465 ਸਫ਼ਿਆਂ ਦੇ ਫ਼ੈਸਲੇ ਉਤੇ ਅਮਲ ਯਕੀਨੀ ਬਣਾਉਣ ਲਈ ਕੇਂਦਰ ਨੂੰ ਛੇ ਹਫ਼ਤਿਆਂ ਦਾ ਸਮਾਂ ਦਿੱਤਾ ਹੈ। ਇਹ ਵੰਡ ਅਗਲੇ 15 ਸਾਲਾਂ ਤੱਕ ਚੱਲੇਗੀ। ਬੰਗਲੌਰ: ਕਰਨਾਟਕ ਦੇ ਮੁੱਖ ਮੰਤਰੀ ਸਿੱਧਾਰਮਈਆ ਨੇ ਫ਼ੈਸਲੇ 'ਤੇ ਟਿੱਪਣੀ ਕਰਦਿਆਂ ਕਿਹਾ ਕਿ ਫ਼ੈਸਲਾ ਭਾਵੇਂ ਸੂਬੇ ਦੀਆਂ ਉਮੀਦਾਂ ਮੁਤਾਬਕ ਨਹੀਂ ਹੈ ਪਰ ਉਹ ਇਸ ਤੋਂ ਖ਼ੁਸ਼ ਹਨ। ਉਨ੍ਹਾਂ ਕਿਹਾ ਆਖ਼ਰ ਸਾਨੂੰ 'ਕੁਝ ਰਾਹਤ' ਤਾਂ ਮਿਲੀ ਹੈ। ਚੇਨਈ: ਤਾਮਿਲਨਾਡੂ ਦੀ ਹਾਕਮ ਪਾਰਟੀ ਅੰਨਾਡੀਐਮਕੇ ਨੇ ਅੱਜ ਕਿਹਾ ਕਿ ਇਸ ਦੀ ਸੂਬਾਈ ਸਰਕਾਰ ਕਾਵੇਰੀ ਦੇ ਪਾਣੀ ਵਿੱਚੋਂ ਸੂਬੇ ਨੂੰ ਲੋੜੀਂਦਾ ਹਿੱਸਾ ਦਿਵਾਉਣ ਦੀ ਲੜਾਈ ਜਾਰੀ ਰੱਖੇਗੀ। ਪਾਰਟੀ ਦੇ ਐਮਪੀ ਐਮ. ਨਵਨੀਤਕ੍ਰਿਸ਼ਨਨ ਨੇ ਕਿਹਾ, "ਸਾਡੀ ਸਰਕਾਰ ਪਾਣੀ ਦਾ ਵਾਜਬ ਹਿੱਸਾ ਲੈਣ ਦੀ ਲੜਾਈ ਜਾਰੀ ਰੱਖੇਗੀ।" ਦੂਜੇ ਪਾਸੇ ਵਿਰੋਧੀ ਧਿਰ ਡੀਐਮਕੇ ਨੇ ਕੇਸ ਵਿੱਚ ਸੂਬੇ ਦੀ ਸਹੀ ਪੈਰਵੀ ਨਾ ਕਰ ਸਕਣ ਲਈ ਮੁੱਖ ਮੰਤਰੀ ਕੇ. ਪਲਾਨੀਸਵਾਮੀ ਦੀ ਸਰਕਾਰ ਦੀ ਨਿਖੇਧੀ ਕੀਤੀ ਹੈ। ਪਾਰਟੀ ਪ੍ਰਧਾਨ ਐਮ.ਕੇ. ਸਟਾਲਿਨ ਨੇ ਫ਼ੈਸਲੇ ਨੂੰ ਸੂਬੇ ਲਈ ਝਟਕਾ ਕਰਾਰ ਦਿੱਤਾ।

## ਪੰਜਾਬ ਦਾ ਕੇਸ ਵੱਖਰਾ, ਫੈਸਲੇ ਦਾ ਨਹੀਂ ਪਵੇਗਾ ਅਸਰ

**ਚੰਡੀਗੜ੍ਹ/ਬਿਊਰੋ ਨਿਊਜ਼:** ਕਰਨਾਟਕ ਅਤੇ ਤਾਮਿਲਨਾਡੂ ਦਰਮਿਆਨ ਕਾਵੇਰੀ ਦੇ ਪਾਣੀ ਦੀ ਵੰਡ ਬਾਰੇ ਸੁਪਰੀਮ ਕੋਰਟ ਦੇ ਫ਼ੈਸਲੇ ਉੱਤੇ ਪੰਜਾਬ ਦੇ ਮਾਹਿਰਾਂ ਨੇ ਨਜ਼ਰ ਰੱਖੀ ਹੋਈ ਹੈ। ਸੁਪਰੀਮ ਕੋਰਟ ਵੱਲੋਂ ਪਾਣੀ ਨੂੰ ਕੌਮੀ ਅਸਾਸਾ ਕਰਾਰ ਦੇਣ ਦੇ ਬਾਵਜੂਦ ਇਨ੍ਹਾਂ ਮਾਹਿਰਾਂ ਦਾ ਕਹਿਣਾ ਹੈ ਕਿ ਸੁਪਰੀਮ ਕੋਰਟ ਦੇ ਇਸ ਫ਼ੈਸਲੇ ਦਾ ਅਸਰ ਪੰਜਾਬ ਉਤੇ ਨਹੀਂ ਪਵੇਗਾ, ਕਿਉਂਕਿ ਅਦਾਲਤ ਦਾ ਇਹ ਫ਼ੈਸਲਾ ਅੰਤਰ-ਰਿਪੇਰੀਅਨ ਰਾਜਾਂ ਦੇ ਮਾਮਲੇ ਵਿੱਚ ਹੈ। ਮਾਮਲੇ ਦੇ ਮਾਹਿਰ ਪ੍ਰੀਤਮ ਸਿੰਘ ਕੁੰਮੇਦਾਨ ਨੇ ਕਿਹਾ ਕਿ ਸੁਪਰੀਮ ਕੋਰਟ ਨੇ ਕਿਹਾ ਹੈ ਕਿ ਜਿਨ੍ਹਾਂ ਰਾਜਾਂ ਵਿੱਚੋਂ ਦਰਿਆ ਲੰਘਦਾ ਹੈ, ਉਨ੍ਹਾਂ ਵਿੱਚੋਂ ਕੋਈ ਇੱਕ ਰਾਜ ਪਾਣੀ 'ਤੇ ਹੱਕ ਨਹੀਂ ਜਤਾ ਸਕਦਾ। ਉਨ੍ਹਾਂ ਕਿਹਾ ਕਿ ਪੰਜਾਬ ਦਾ ਕੇਸ ਇਸ ਤੋਂ ਬਿਲਕੁਲ ਅਲਗ ਹੈ, ਕਿਉਂਕਿ ਜਿਨ੍ਹਾਂ ਰਾਜਾਂ ਨਾਲ ਪੰਜਾਬ ਦਾ ਵਿਵਾਦ ਹੈ, ਉਨ੍ਹਾਂ ਵਿੱਚੋਂ ਕੋਈ ਵੀ ਰਿਪੇਰੀਅਨ ਰਾਜ ਨਹੀਂ ਹੈ। ਉਨ੍ਹਾਂ ਪੰਜਾਬ ਦੀ ਲੀਡਰਸ਼ਿਪ ਉੱਤੇ ਵੀ ਸੁਆਲ ਉਠਾਇਆ ਕਿ ਇਕ ਪਾਸੇ ਇਹ ਦੱਖਣ ਭਾਰਤੀ ਸੂਬੇ ਮਹਿਜ਼ 14.75 ਟੀਐਮਸੀ ਪਾਣੀ ਲਈ ਗੰਭੀਰਤਾ ਨਾਲ ਲੜ ਰਹੇ ਹਨ, ਦੂਜੇ ਪਾਸੇ ਪੰਜਾਬ ਦਾ ਝਗੜਾ ਕਿਤੇ ਜ਼ਿਆਦਾ ਪਾਣੀ ਦਾ ਹੋਣ ਦੇ ਬਾਵਜੂਦ ਲੜਾਈ ਪ੍ਰਤੀ ਗੰਭੀਰਤਾ ਨਹੀਂ ਦਿਖਾਈ ਜਾ ਰਹੀ। ਪਾਣੀ ਦੇ ਮੁੱਦੇ ਨਾਲ ਜੁੜੇ ਰਹੇ ਇੱਕ ਸੀਨੀਅਰ ਅਧਿਕਾਰੀ ਨੇ ਵੀ ਕਿਹਾ ਕਿ ਕਰਨਾਟਕ ਵਾਲੇ ਕੇਸ ਦਾ ਅਸਰ ਪੰਜਾਬ 'ਤੇ ਨਹੀਂ ਪਵੇਗਾ।




ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

ਫੋਨ (408) 687-1899

**Gurdip Singh Sandhu**

Homeopathic Practitioner/Consultant Since 1973
DHMS-Gold Medalist, BAMS, MDEh.- India

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA



*Gurdip Singh Sandhu*

***Live on Jas TV***
**Saturday 9:30AM and Sunday 4PM (Pacific Time)**

**7021 Village Park Way, Dublin, CA 94568**

Email: Homeomedicine@yahoo.com



**B Sons Travel & Tax Services, Inc.**

* All Airlines * International And Domestic
* Wholesale Fares Around the World

We Will Beat or Match any Fare!




*Office Hours*
*Mon-Fri*
*9am-6pm*
*Saturday*
*9am-5pm*

CST. REG #2092042-40

We Also Have Special Vacation Packages

**President : Avtar Singh**

*Contact any time from anywhere*

Tel 707.703.1451 • Fax 707.425.4260

Email: bsonstravel@yahoo.com

**1652 West Texas St. Suite 139, Fairfield, CA 94533**



**HOTHI FREIGHTLINES**

HOTHI FREIGHTLINES

ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।

- California to Michigan, New Jersey Florida & Texas
- Dedicated Load (ਪੱਕੇ ਲੋਡ)




- ਪੈਸਿਆਂ ਦਾ ਭੁਗਤਾਨ ਆਪ ਸਾਨੂੰ ਲੋਡ ਡਲਿਵਰ ਕਰਕੇ ਪੇਪਰ ਦਿਉ ਅਤੇ ਆਪਣੇ ਪੈਸੇ ਲਉ।
- ਸਾਡੇ ਡਿਸਪੈਚਰ ਪੰਜਾਬੀ ਅਤੇ ਇੰਗਲਿਸ਼ ਬੋਲਦੇ ਹਨ।

ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ

**ਗੁਰਜੀਤ ਸਿੰਘ ਹੋਠੀ (408) 332-9355**

**248 South Hillview Dr Milpitas CA 95035**

# ਟਰੂਡੋ ਨਾਲ ਕਿਉਂ ਨਾਰਾਜ਼ ਦਾ 'ਮੋਦੀਕਿਆਂ ਦਾ ਭਾਰਤ'

ਆਖਿਰ ਭਾਰਤ ਸਰਕਾਰ ਦੀ ਟਰੂਡੋ ਨਾਲ ਕੀ ਨਰਾਜ਼ਗੀ ਹੈ? ਕੈਨੇਡੀਅਨ ਸਰਕਾਰ ਦਾ ਨਜ਼ਰੀਆ ਹੈ ਕਿ ਜਦੋਂ ਤੱਕ ਖ਼ਾਲਿਸਤਾਨ ਦੀ ਮੰਗ ਦਾ ਹਿੰਸਾ ਜਾਂ ਹਿੰਸਕ ਢੰਗ-ਤਰੀਕਿਆਂ ਨਾਲ ਕੋਈ ਸਬੰਧ ਨਹੀਂ, ਉਦੋਂ ਤੱਕ ਇਹ ਮੰਗ ਜਾਇਜ਼ ਹੈ। ਦੂਜੇ ਬੰਨੇ, ਬਹੁਤੀ ਭਾਰਤੀ ਲੀਡਰਸ਼ਿਪ ਤਾਂ 'ਖ਼ਾਲਿਸਤਾਨ' ਸ਼ਬਦ ਦੀ ਵਰਤੋਂ ਨੂੰ ਹੀ ਖ਼ਤਰੇ ਦਾ ਸੰਕੇਤ ਮੰਨਦੀ ਹੈ। ਪੰਥਕ ਹਲਕਿਆਂ ਦਾ ਮੰਨਣਾ ਹੈ ਕਿ ਕੈਨੇਡਾ ਵਿਚ ਸਿਖ ਕੌਮ ਦਾ ਸਭਿਆਚਾਰਕ, ਨੈਤਿਕ, ਰਾਜਨੀਤਕ ਤੇ ਆਰਥਿਕ ਪਖੋਂ ਵਿਕਸਤ ਹੋਣਾ, ਜੂਨ 84 ਤੇ ਨਵੰਬਰ 84 ਦੇ ਘੱਲੂਘਾਰਿਆਂ ਬਾਰੇ ਰਾਜਨੀਤਕ ਪੱਧਰ 'ਤੇ ਕੌਮਾਂਤਰੀ ਆਵਾਜ਼ ਉੱਠਣਾ, ਸਿਖ ਨਸਲਕੁਸ਼ੀ ਦੇ ਵਿਰੋਧ ਵਿਚ ਸਿੱਖ ਲਹਿਰ ਦਾ ਉਸਰਨਾ, ਓਂਟਾਰਿਓ ਸੂਬੇ ਦੀ ਅਸੈਂਬਲੀ ਵਿੱਚ ਨਸਲਕੁਸ਼ੀ ਖ਼ਿਲਾਫ਼ ਮਤਾ ਪਾਸ ਕਰਨਾ ਤੇ ਇਸ ਕਾਰਨ ਵਿਸ਼ਵ ਪੱਧਰ ਤੇ ਭਾਰਤ ਦੇ ਅਕਸ ਨੂੰ ਖੋਰਾ ਲਗਣਾ ਇਸ ਦਾ ਪ੍ਰਮੁੱਖ ਕਾਰਨ ਹੈ। 'ਖ਼ਾਲਿਸਤਾਨ' ਦੇ ਕੈਨੇਡਾ ਵਿਚਲੇ ਹਮਾਇਤੀ ਭਾਰਤ ਸਰਕਾਰ ਲਈ ਸਿਰਦਰਦੀ ਬਣੇ ਹੋਏ ਹਨ। ਹੁਣੇ ਜਿਹੇ ਉਨ੍ਹਾਂ ਨੇ ਭਾਰਤੀ ਅਫ਼ਸਰਾਂ ਨੂੰ ਗੁਰਦੁਆਰੇ ਵਿਚ ਬੋਲਣ ਤੇ ਸਨਮਾਨਿਤ ਕਰਨ 'ਤੇ ਪਾਬੰਦੀ ਲਗਾਈ ਹੋਈ ਹੈ। ਇਹ ਗੱਲ ਭਾਰਤ ਸਰਕਾਰ ਨੂੰ ਬਹੁਤ ਚੁੱਭ ਰਹੀ ਹੈ ਤੇ ਕੈਨੇਡਾ ਸਿੱਖਾਂ ਲਈ ਇਸ ਸਮੇਂ ਰਾਜਨੀਤੀ ਦਾ ਸਭ ਤੋਂ ਵੱਡਾ ਕੇਂਦਰ ਬਣਿਆ ਹੋਇਆ ਹੈ, ਜਿਸ ਤੋਂ ਸਿੱਖ ਪੰਥ ਪ੍ਰਭਾਵਿਤ ਵੀ ਹੁੰਦਾ ਹੈ ਤੇ ਅਗਵਾਈ ਵੀ ਲੈਂਦਾ ਹੈ। ਇਸ ਸਿੱਖ ਉਭਾਰ ਕਾਰਣ ਮੋਦੀ ਸਰਕਾਰ ਟਰੂਡੋ ਸਰਕਾਰ ਤੋਂ ਨਰਾਜ਼ ਹੈ ਕਿ ਟਰੂਡੋ ਸਰਕਾਰ ਨੇ ਖਾਲਿਸਤਾਨੀਆਂ ਤੇ ਪਾਬੰਦੀ ਕਿਉਂ ਨਹੀਂ ਲਗਾਈ? ਪਰ ਕੈਨੇਡੀਅਨ ਸਮਾਜ ਵਿੱਚ ਜਿਸ ਕਿਸਮ ਦਾ ਖੁੱਲ੍ਹਾਪਣ ਤੇ ਉਦਾਰਤਾ ਹੈ, ਉਸ ਦੇ ਮੱਦੇਨਜ਼ਰ ਕੋਈ ਵੀ ਰਾਜਨੇਤਾ ਜਾਂ ਸਰਕਾਰ 'ਖ਼ਾਲਿਸਤਾਨੀਆਂ' ਜਾਂ ਕਥਿਤ ਭਾਰਤ-ਵਿਰੋਧੀਆਂ ਦੀਆਂ ਸਰਗਰਮੀਆਂ ਉੱਤੇ ਰੋਕ ਨਹੀਂ ਲਾ ਸਕਦੀ। ਉਥੇ ਹਰੇਕ ਮਨੁੱਖ ਅਜ਼ਾਦ ਹੈ, ਮਨੁੱਖੀ ਅਧਿਕਾਰਾਂ ਤੇ ਜਮਹੂਰੀਅਤ ਪਖੋਂ ਵਿਸ਼ਵ ਪੱਧਰ 'ਤੇ ਸਭ ਤੋਂ ਖੁਸ਼ਹਾਲ ਤੇ ਮੋਹਰੀ ਦੇਸ ਹੈ।



## ਸਿੱਖਾਂ ਨਾਲ ਨਸਲੀ ਵਰਤਾਰਾ

ਪਹਿਲਾਂ ਵੀ ਕਨੇਡਾ ਦੇ ਰੱਖਿਆ ਮੰਤਰੀ ਸਿਰਦਾਰ ਹਰਜੀਤ ਸਿੰਘ ਸੱਜਣ ਭਾਰਤ ਆਏ ਸਨ ਅਤੇ ਉਹਨਾਂ ਦਾ ਦਰਬਾਰ ਸਾਹਿਬ ਦੇ ਦਰਸ਼ਨ ਕਰਨ ਤੇ ਆਪਣੇ ਜੱਦੀ ਪਿੰਡ ਆਉਣ ਦਾ ਪ੍ਰੋਗਰਾਮ ਸੀ। ਪਰ ਉਸ ਸਮੇਂ ਵੀ ਭਾਰਤ ਸਰਕਾਰ ਅਤੇ ਕੈਪਟਨ ਸਰਕਾਰ ਨੇ ਉਹਨਾਂ ਨੂੰ ਬਣਦਾ ਸਤਿਕਾਰ ਨਹੀਂ ਦਿੱਤਾ ਸੀ। ਆਖਿਰ ਸਿੱਖਾਂ ਨਾਲ ਇਹ ਨਸਲੀ ਵਰਤਾਰਾ ਕਿਉਂ ਹੋ ਰਿਹਾ ਹੈ?

ਕੈਨੇਡਾ ਤੇ ਉਸ ਦੇ ਪ੍ਰਧਾਨ ਮੰਤਰੀ ਨਾਲ ਨਿੱਜੀ ਕਿੜ ਇਸ ਲਈ ਭਾਰਤ ਸਰਕਾਰ ਕੱਢ ਰਹੀ, ਕਿਉਂਕਿ ਉੱਥੇ ਸਿੱਖਾਂ ਨੂੰ ਹਰੇਕ ਪੱਖ ਤੋਂ ਅਜ਼ਾਦੀ ਤੇ ਜਮਹੂਰੀਅਤ ਦਾ ਅਨੰਦ ਮਾਨਣ ਦਾ ਅਧਿਕਾਰ ਹੈ। ਜਦੋਂ ਵੀ ਕਿਸੇ ਅਜਿਹੇ ਦੇਸ਼ ਦਾ ਰਾਸ਼ਟਰਪਤੀ ਜਾਂ ਪ੍ਰਧਾਨ ਮੰਤਰੀ ਕਿਸੇ ਦੇਸ਼ ਜਾਂਦਾ ਹੈ ਤਾਂ ਉਥੇ ਉਸ ਦੇਸ਼ ਦੇ ਪ੍ਰਧਾਨ ਮੰਤਰੀ ਜਾਂ ਰਾਸ਼ਟਰਪਤੀ ਸਵਾਗਤ ਕਰਦੇ ਹਨ। ਭਾਰਤ ਵਿਚ ਵੀ ਅਜਿਹੀ ਹੀ ਪ੍ਰਥਾ ਚੱਲੀ ਆਉਂਦੀ ਹੈ। ਹੁਣੇ ਗਣਤੰਤਰ ਦਿਵਸ ਮੌਕੇ ਦੇਖਿਆ ਗਿਆ ਹੈ ਕਿ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੂਸਰੇ ਦੇਸ਼ਾਂ ਤੋਂ ਆਏ ਰਾਸ਼ਟਰਪਤੀਆਂ ਜਾਂ ਪ੍ਰਧਾਨ ਮੰਤਰੀਆਂ ਦੇ ਸਵਾਗਤ ਵਾਸਤੇ ਲੰਬਾ ਸਮਾਂ ਖੜ੍ਹੇ ਹੀ ਰਹੇ ਅਤੇ ਹਰ ਇੱਕ ਨੂੰ ਆਦਰ ਸਨਮਾਨ ਦੇ ਕੇ ਉਸ ਦੀ ਬੈਠਣ ਵਾਲੀ ਸੀਟ ਵੱਲ ਇਸ਼ਾਰਾ ਕਰਦੇ ਰਹੇ ਹਨ। ਜੇਕਰ ਬਾਕੀ ਦੇਸਾਂ ਦੇ ਪ੍ਰਧਾਨ ਮੰਤਰੀਆਂ ਤੇ ਰਾਸ਼ਟਰਪਤੀਆਂ ਦਾ ਸੁਆਗਤ ਹੋ ਸਕਦਾ ਹੈ ਤਾਂ ਟਰੂਡੋ ਦਾ ਕਿਉਂ ਨਹੀਂ?

ਸਿੱਖਾਂ ਨੂੰ ਅਜਿਹਾ ਜਾਪਦਾ ਹੈ ਕਿ ਭਾਰਤ ਸਰਕਾਰ ਦਾ ਇਹ ਸਿੱਖਾਂ ਪ੍ਰਤੀ ਨਸਲੀ ਵਰਤਾਰਾ ਹੈ। ਜਸਟਿਨ ਟਰੂਡੋ ਆਗਰਾ ਗਏ ਹਨ। ਚਾਹੀਦਾ ਤਾਂ ਇਹ ਸੀ ਕਿ ਨਰਿੰਦਰ ਮੋਦੀ ਵੀ ਨਾਲ ਜਾਂਦੇ। ਪਰ ਹੈਰਾਨੀ ਦੀ ਗੱਲ ਇਹ ਹੈ ਕਿ ਉੱਤਰ ਪ੍ਰਦੇਸ਼ ਦਾ ਭਗਵਾ ਮੁਖ ਮੰਤਰੀ ਯੋਗੀ ਆਦਿਤਿਆ ਨਾਥ ਵੀ ਉੱਥੇ ਨਹੀਂ ਆਇਆ। ਇਸ ਗੱਲ ਨੂੰ ਕਨੇਡਾ ਅਹਿਮ ਸਖ਼ਸ਼ੀਅਤਾਂ ਤੇ ਕੌਮਾਂਤਰੀ ਅਖ਼ਬਾਰਾਂ ਨੇ ਵੀ ਇਸ ਗੱਲ ਦੀ ਆਲੋਚਨਾ ਕੀਤੀ ਹੈ।

## ਮੋਦੀ ਸਰਕਾਰ ਦਾ ਘਟੀਆ ਵਰਤਾਰਾ

ਪੱਛਮੀ ਦੇਸ਼ਾਂ ਦੇ ਰਾਜ ਪ੍ਰਮੁੱਖਾਂ ਪ੍ਰਤੀ ਮੋਦੀ ਸਰਕਾਰ ਦਾ ਵਰਤਾਰਾ ਬਹੁਤ ਨਿੱਘ ਵਾਲਾ ਰਹਿੰਦਾ ਹੈ। ਕੈਨੇਡਾ ਤਾਂ, ਉਂਜ ਵੀ, ਵਿੱਤੀ ਸਾਧਨਾਂ ਪੱਖੋਂ ਧਨਾਢ ਮੁਲਕ ਹੈ। ਉਸ ਕੋਲ ਕੁਦਰਤੀ ਸਰੋਤਾਂ ਦੀ ਭਰਮਾਰ ਹੈ ਅਤੇ ਪੰਜਾਬੀ ਭਾਈਚਾਰੇ ਦਾ ਉਹ ਵੱਡਾ ਗੜ੍ਹ ਵੀ ਹੈ। ਅਜਿਹੀ ਸਥਿਤੀ ਵਿਚ ਮੋਦੀ ਸਰਕਾਰ ਦਾ ਅਜਿਹਾ ਵਿਹਾਰ ਫਾਸ਼ੀਵਾਦ ਵਾਲਾ ਵਰਤਾਰਾ ਹੈ। ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਆਪਣੀ ਭਾਰਤ ਯਾਤਰਾ ਦੌਰਾਨ ਸੋਮਵਾਰ ਨੂੰ ਗੁਜਰਾਤ ਵਿਚ ਸਨ, ਪਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਉਨ੍ਹਾਂ ਦੇ ਨਾਲ ਉਥੇ ਮੌਜੂਦ ਨਹੀਂ ਸਨ, ਜਿਸ ਤਰ੍ਹਾਂ ਉਹ ਚੀਨ ਦੇ ਰਾਸ਼ਟਰਪਤੀ ਸ਼ੀ ਚਿਨਫਿੰਗ, ਜਾਪਾਨ ਦੇ ਪ੍ਰਧਾਨ ਮੰਤਰੀ ਸ਼ਿੰਜ਼ੋ ਐਬੇ ਅਤੇ ਇਜ਼ਰਾਇਲੀ ਪ੍ਰਧਾਨ ਮੰਤਰੀ ਬੇਂਜਾਮਿਨ ਨੇਤਨਯਾਹੂ ਦੀ ਗੁਜਰਾਤ ਯਾਤਰਾ ਸਮੇਂ ਮੌਜੂਦ ਰਹੇ ਸਨ।

ਕੇਂਦਰ ਸਰਕਾਰ ਦੇ ਸੂਤਰਾਂ ਨੇ ਉਨ੍ਹਾਂ ਅਫਵਾਹਾਂ ਦਾ ਖੰਡਨ ਕੀਤਾ ਹੈ, ਜਿਹੜੀਆਂ ਜ਼ਿਆਦਾਤਰ ਕੈਨੇਡੀਆਈ ਮੀਡੀਆ ਵਿਚ ਚੱਲ ਰਹੀਆਂ ਹਨ, ਜਿਨ੍ਹਾਂ ਵਿਚ ਕਿਹਾ ਜਾ ਰਿਹਾ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਗੁਜਰਾਤ ਵਿਚ ਟਰੂਡੋ ਦੇ ਨਾਲ ਮੌਜੂਦ ਨਾ ਹੋਣਾ ਜਾਣ-ਬੁਝ ਕੇ ਉਨ੍ਹਾਂ ਨੂੰ ਨਜ਼ਰਅੰਦਾਜ਼ ਕੀਤਾ ਜਾਣਾ ਹੈ, ਕਿਉਂਕਿ ਭਾਰਤ ਦਰਅਸਲ ਕੈਨੇਡਾ ਵਿਚ ਖਾਲਿਸਤਾਨ ਰਾਜ ਦੀ ਮੰਗ ਦੇ ਸਮਰਥਨ ਨੂੰ ਲੈ ਕੇ ਚਿੰਤਤ ਹਨ। ਸੂਤਰਾਂ ਦਾ ਕਹਿਣਾ ਹੈ ਕਿ ਪ੍ਰਧਾਨ ਮੰਤਰੀ ਲਈ ਇੰਡੀਆ ਆਏ ਹਰੇਕ ਸਿਆਸੀ ਨੇਤਾ ਨਾਲ ਹਰ ਥਾਂ ਘੁੰਮਣਾ ਜ਼ਰੂਰੀ ਨਹੀਂ ਹੈ ਅਤੇ ਉਹ ਉਥੋਂ ਵੀ ਮੌਜੂਦ ਨਹੀਂ ਸਨ, ਜਦੋਂ ਸ਼ੁੱਕਰਵਾਰ ਨੂੰ ਈਰਾਨੀ ਰਾਸ਼ਟਰਪਤੀ ਹਸਨ ਰੂਹਾਨੀ ਹੈਦਰਾਬਾਦ ਗਏ ਸਨ। ਆਮ ਤੌਰ 'ਤੇ ਜਦੋਂ ਵੀ ਕੋਈ ਮੰਨੀ-ਪ੍ਰਮੰਨੀ ਹਸਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਗ੍ਰਹਿ ਰਾਜ ਦਾ ਦੌਰਾ ਕਰਦੇ ਹਨ ਤਾਂ ਉਥੋਂ ਪ੍ਰਧਾਨ ਮੰਤਰੀ ਅਕਸਰ ਉਨ੍ਹਾਂ ਦੇ ਨਾਲ ਮੌਜੂਦ ਰਹਿੰਦੇ ਆਏ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਪਿਛਲੇ ਮਹੀਨੇ ਇਜ਼ਰਾਇਲੀ ਬੇਂਜਾਮਿਨ ਨੇਤੰਨਯਾਹੂ, ਪਿਛਲੇ ਸਾਲ ਜਾਪਾਨ ਦੇ ਪ੍ਰਧਾਨ ਮੰਤਰੀ ਸ਼ਿੰਜ਼ੋ ਐਬੇ ਅਤੇ ਸਾਲ 2014 ਵਿਚ ਚੀਨ ਦੇ ਰਾਸ਼ਟਰਪਤੀ ਸ਼ੀ ਚਿਨਫਿੰਗ ਦੇ ਨਾਲ ਗੁਜਰਾਤ ਦੌਰੇ ਦੇ ਸਮੇਂ ਮੌਜੂਦ ਰਹੇ ਸਨ।

## ਟਰੂਡੋ ਦੀ ਪੰਜਾਬ ਫੇਰੀ ਤੇ ਸਿੱਖ

ਅੰਮ੍ਰਿਤਸਰ ਜਾਣ ਦਾ ਉਨ੍ਹਾਂ ਦਾ ਮਕਸਦ ਹੈ ਕੈਨੇਡਾ, ਖ਼ਾਸ ਕਰਕੇ ਓਂਟਾਰਿਓ, ਦੇ ਸਿੱਖ ਭਾਈਚਾਰੇ ਨੂੰ ਖ਼ੁਸ਼ ਰੱਖਣਾ ਹੈ, ਕਿਉਂਕਿ ਕੈਨੇਡਾ ਵਿੱਚ ਵਿਰੋਧੀ ਧਿਰ ਨਿਊ ਡੈਮੋਕਰੇਟਿਕ ਪਾਰਟੀ ਵੱਲੋਂ ਸਿੱਖ ਨੇਤਾ ਜਗਮੀਤ ਸਿੰਘ ਨੂੰ ਆਪਣਾ ਕੌਮੀ ਨੇਤਾ ਬਣਾ ਕੇ ਟਰੂਡੋ ਨੂੰ ਚੁਣੌਤੀ ਦਿੱਤੀ ਹੈ। ਟਰੂਡੋ ਨੂੰ ਡਰ ਹੈ ਕਿ ਸਿੱਖ ਵੋਟਾਂ ਜੋ ਕਿ ਆਮ ਤੌਰ 'ਤੇ ਉਨ੍ਹਾਂ ਦੀ ਲਿਬਰਲ ਪਾਰਟੀ ਨੂੰ ਜਾਂਦੀਆਂ ਹਨ ਉਹ ਇਸ ਵਾਰ ਜਗਮੀਤ ਸਿੰਘ ਦੀ ਐਨਡੀਪੀ ਨੂੰ ਨਾ ਪੈ ਜਾਣ। ਇਸ ਦੀ ਪਹਿਲੀ ਪਰਖ ਓਂਟਾਰਿਓ ਦੇ ਸੂਬਾਈ ਚੋਣਾਂ ਹਨ ਜੋ ਕਿ ਜੂਨ ਵਿੱਚ ਹੋ ਰਹੀਆਂ ਹਨ। ਅੰਮ੍ਰਿਤਸਰ ਜਾ ਕੇ ਟਰੂਡੋ ਸ਼ਾਇਦ ਆਪਣੀ ਪਾਰਟੀ ਦੀਆਂ ਸਿੱਖ ਵੋਟਾਂ ਬਚਾ ਸਕਣ।

## ਕੈਨੇਡਾ 'ਚ ਸਿੱਖਾਂ ਦੇ ਹਰਮਨਪਿਆਰੇ ਹਨ ਟਰੂਡੋ

ਕਨੇਡੀਅਨ ਪ੍ਰਧਾਨ ਮੰਤਰੀ ਟਰੂਡੋ ਨੇ ਜਿਥੇ ਕਨੇਡਾ ਦੇ ਗੁਰਦਵਾਰਿਆਂ ਵਿਚ ਜਾ ਕੇ ਸਿੱਖ ਵਿਚਾਰਧਾਰਾ ਨੂੰ ਸਮਝਿਆ ਹੈ, ਸਿੱਖ ਇਤਿਹਾਸ ਨੂੰ ਘੋਖਿਆ ਹੈ, ਸਿੱਖਾਂ ਦੀਆਂ ਸੇਵਾਵਾਂ ਅਤੇ ਕੁਰਬਾਨੀਆਂ ਨੂੰ ਜਾਣਿਆ ਹੈ। ਉਥੇ ਖੁਦ ਜਸਟਿਨ ਟਰੂਡੋ ਨੇ ਆਪਣੇ ਸਿਰ ਉੱਤੇ ਦਸਤਾਰ ਸਜਾਕੇ ਵਿਦੇਸ਼ੀ ਧਰਤੀ ਉੱਤੇ ਪੱਗ ਨੂੰ ਮਾਨਤਾ ਦੇ ਦਿੱਤੀ ਹੈ। ਉਸ ਨੇ ਸਿਖਾਂ ਦੀ ਹਰ ਪੱਖੋਂ ਅਜਾਦੀ ਨੂੰ ਤਰਜੀਹ ਦਿੱਤੀ ਹੈ ਅੱਜ ਉਥੇ ਸਿੱਖ ਪੱਗ ਬੰਨਕੇ ਸਰਕਾਰੀ ਸੰਸਥਾਵਾਂ ਵਿਚ ਸੇਵਾ ਕਰ ਰਹੇ ਹਨ। ਟਰੂਡੋ ਦੇ ਰਾਜ ਵਿਚ ਉਨਟਾਰੀਓ ਦੀ ਵਿਧਾਨ ਸਭਾ ਵਿਚ ਨਵੰਬਰ 1984 ਦੇ ਸਿੱਖ ਕਤਲੇਆਮ ਦਾ ਜ਼ਿਕਰ ਹੁੰਦਾ ਹੈ। ਕਨੇਡਾ ਕਾਮਾਗਾਟਾ ਮਾਰੂ ਜਹਾਜ ਦੇ ਸ਼ਹੀਦਾਂ ਨੂੰ ਸਿਜਦਾ ਕਰਦਾ ਹੈ। ਯਾਦਗਾਰਾਂ ਬਣਾ ਰਿਹਾ ਹੈ। ਸਭ ਤੋਂ ਚੁਭਵੀਂ ਗੱਲ ਇਹ ਕਿ ਜਸਟਿਨ ਟਰੂਡੋ ਨੇ ਸਰਕਾਰ ਸੰਭਾਲਦਿਆਂ ਕਿਹਾ ਸੀ ਕਿ ਮੋਦੀ ਸਰਕਾਰ ਨਾਲੋਂ ਵਧੇਰੇ ਸਿੱਖ ਮੰਤਰੀ ਮੇਰੀ ਸਰਕਾਰ ਵਿਚ ਸ਼ਾਮਲ ਹਨ। ਬਸ ਇਹ ਹੀ ਕਾਰਨ ਹੈ ਕਿ ਭਾਰਤੀ ਨਿਜ਼ਾਮ ਟਰੂਡੋ ਨਾਲ ਕਿੜ ਕੱਢ ਰਿਹਾ ਹੈ।

## ਮਰਦਾਂ ਤੇ ਔਰਤਾਂ ਵਿੱਚਲੀ ਨਾਬਰਾਬਰੀ ਖ਼ਤਮ ਕੀਤੀ ਜਾਵੇ : ਸੋਫੀਆ ਟਰੂਡੋ

**ਮੁੰਬਈ/ਬਿਊਰੋ ਨਿਊਜ਼,** ਭਾਰਤ ਦੇ ਦੌਰੇ ਉੱਤੇ ਆਏ ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਪਤਨੀ ਨੇ ਭਾਰਤ ਵਾਸੀਆਂ ਨੂੰ ਸੱਦਾ ਦਿੱਤਾ ਹੈ ਕ ਉਹ ਲਿਗਿੰਕ ਵਿਤਕਰੇਬਾਜ਼ੀ ਨੂੰ ਦੂਰ ਕਰਨ ਕਿਉਂਕਿ ਮਰਦ ਅਤੇ ਔਰਤ ਵਿਚਕਾਰ ਵਿਤਕਰੇਬਾਜ਼ੀ ਕਾਰਨ ਪਹਿਲਾਂ ਹੀ ਵਿਸ਼ਵ ਆਪਣਾ ਬਹੁਤ ਨੁਕਸਾਨ ਕਰਵਾ ਚੁੱਕਾ ਹੈ। ਸੋਫੀਆ ਗਰੈਗੋਇਰ ਟਰੂਡੋ ਨੇ ਕਿਹਾ ਕਿ ਵਿਸ਼ਵ ਵਿੱਚੋਂ ਮਰਦ ਅਤੇ ਔਰਤ ਵਿਚਕਾਰ ਕੀਤੀ ਜਾਂਦੀ ਵਿਤਕਰੇਬਾਜ਼ੀ ਨੂੰ ਖਤਮ ਕਰਨ ਦੇ ਲਈ ਸਮਾਜ ਦੇ ਸਾਰੇ ਵਰਗਾਂ ਨੂੰ ਇੱਕਜੁੱਟ ਖੜ੍ਹੇ ਹੋਣ ਦੀ ਲੋੜ ਹੈ। ਇਹ ਪ੍ਰਗਟਾਵਾ ਉਨ੍ਹਾਂ ਨੇ ਮੰਗਲਵਾਰ ਨੂੰ ਦੱਖਣੀ ਮੁੰਬਈ ਵਿੱਚ ਸੋਫੀਆ ਕਾਲਜ (ਲੜਕੀਆਂ) ਵਿੱਚ ਸੰਬੋਧਨ ਕਰਦਿਆਂ ਕੀਤਾ। ਉਨ੍ਹਾਂ ਆਪਣੇ 17 ਮਿੰਟ ਲੰਬੇ ਭਾਸ਼ਣ ਵਿੱਚ ਕਿਹਾ ਕਿ ਇਹ ਧਾਰਨਾ ਗਲਤ ਹੈ ਕਿ ਲੜਕੀਆਂ ਮੁੰਡਿਆਂ ਨਾਲੋਂ ਕਿਸੇ ਤਰ੍ਹਾਂ ਘੱਟ ਹਨ ਤੇ ਲੜਕੀਆਂ ਪ੍ਰਤੀ ਗਲਤ ਧਾਰਨਾਵਾਂ ਕਾਰਨ ਬਹੁਤ ਜਿਆਦਾ ਨੁਕਸਾਨ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਸਿੱਖਿਆ ਨਾਬਰਾਬਰੀ ਖ਼ਤਮ ਕਰਨ ਦੀ ਮੁੱਢਲੀ ਕੁੰਜੀ ਹੈ। ਉਨ੍ਹਾਂ ਕਿਹਾ ਕਿ ਲਿਗਿੰਕ ਗੈਰਬਰਾਬਰੀ ਵਿਰੁੱਧ ਲੜਨ ਦਾ ਇਹ ਮਤਲਬ ਹਰਗਿਜ਼ ਨਹੀ ਹੈ ਕਿ ਅਸੀਂ ਇੱਕ ਧਿਰ ਨੂੰ ਦੂਜੀ ਦੇ ਵਿਰੁੱਧ ਵਰਤੀਏ। 42 ਸਾਲਾਂ ਦੀ ਇਸ ਸਾਬਕਾ ਟੀਵੀ ਮੇਜ਼ਬਾਨ ਨੇ ਕਿਹਾ ਕਿ ਮਰਦ ਔਰਤ ਦਾ ਸਹਿਯੋਗੀ ਹੈ। ਔਰਤਾਂ ਦੇ ਹੱਕਾਂ ਦੀ ਝੰਡਾ ਬਰਦਾਰ ਸ੍ਰੀਮਤੀ ਟਰੂਡੋ ਆਪਣੇ ਪਤੀ ਜਸਟਿਨ ਟਰੂਡੋ ਦੇ ਨਾਲ ਭਾਰਤ ਦੇ ਅੱਠ ਰੋਜ਼ਾ ਦੌਰੇ ਉੱਤੇ ਆਈ ਹੋਈ ਹੈ। ਉਨ੍ਹਾਂ ਔਰਤਾਂ ਨੂੰ ਸੱਦਾ ਦਿੱਤਾ ਕਿ ਉਹ ਆਪਣੇ ਨਾਲ ਹੁੰਦੀ ਨਾਬਰਾਬਰੀ ਵਿਰੁੱਧ ਆਵਾਜ਼ ਉਠਾਉਣ। ਉਨ੍ਹਾਂ ਕਿਹਾ ਕਿ ਔਰਤਾਂ ਨੂੰ ਇੱਕਜੁੱਟ ਰਹਿਣਾ ਚਾਹੀਦਾ ਅਤੇ ਇੱਕ ਦੂਜੇ ਦੀ ਸਹਾਇਤਾ ਕਰਨੀ ਚਾਹੀਦੀ ਹੈ।



## ਟਰੂਡੋ-ਕੈਪਟਨ ਮੀਟਿੰਗ ਨਾਲ ਆਪਸੀ ਸਬੰਧ ਹੋਰ ਮਜ਼ਬੂਤ ਹੋਣਗੇ-ਸਰਨਾ

ਅੰਮ੍ਰਿਤਸਰ/ਟ੍ਰਿਬਿਊਨ ਨਿਊਜ਼ ਸਰਵਿਸ: ਦਿੱਲੀ ਅਕਾਲੀ ਦਲ ਦੇ ਪ੍ਰਧਾਨ ਅਤੇ ਦਿੱਲੀ ਕਮੇਟੀ ਦੇ ਸਾਬਕਾ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਆਖਿਆ ਕਿ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਅਤੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵਿਚਾਲੇ ਮੀਟਿੰਗ ਨਾਲ ਦੋਵੇਂ ਪਾਸੇ ਆਪਸੀ ਸਬੰਧ ਹੋਰ ਮਜ਼ਬੂਤ ਹੋਣਗੇ। ਇਕ ਬਿਆਨ ਰਾਹੀਂ ਸ੍ਰੀ ਸਰਨਾ ਨੇ ਆਖਿਆ ਕਿ ਪ੍ਰਧਾਨ ਮੰਤਰੀ ਦੀ ਆਮਦ ਖਾਸ ਕਰਕੇ ਪੰਜਾਬੀਆਂ ਲਈ ਵਧੇਰੇ ਲਾਹੇਵੰਦ ਸਾਬਤ ਹੋਵੇਗੀ। ਇਸ ਵੇਲੇ ਭਾਰਤੀ ਅਤੇ ਖਾਸ ਕਰਕੇ ਪੰਜਾਬੀਆਂ ਦੇ ਬੱਚਿਆਂ ਵਾਸਤੇ ਉਚੇਰੀ ਸਿਖਿਆ ਪ੍ਰਾਪਤ ਕਰਨ ਲਈ ਕੈਨੇਡਾ ਸਭ ਤੋਂ ਉੱਤਮ ਦੇਸ਼ ਮੰਨਿਆ ਜਾ ਰਿਹਾ ਹੈ। ਉਨ੍ਹਾਂ ਆਖਿਆ ਕਿ ਪ੍ਰਧਾਨ ਮੰਤਰੀ ਦਾ ਸ੍ਰੀ ਹਰਿਮੰਦਰ ਸਾਹਿਬ ਨਤਮਸਤਕ ਹੋਣ ਲਈ ਆਉਣਾ ਵੀ ਸਿੱਖਾਂ ਨਾਲ ਆਪਣੇ ਸਬੰਧਾਂ ਨੂੰ ਹੋਰ ਮਜ਼ਬੂਤ ਕਰਨ ਦਾ ਸੰਕੇਤ ਹੈ।

## ਕੌਣ ਨੇ ਹਰਜੀਤ ਸਿੰਘ ਸੱਜਣ

**ਜੰਡਿਆਲਾ ਗੁਰੂ/ਪਰਗਟ ਸਿੰਘ:** ਹੁਸ਼ਿਆਰਪੁਰ ਜ਼ਿਲ੍ਹੇ ਵਿਚ ਪੈਦਾ ਹੋਏ 45 ਸਾਲਾ ਹਰਜੀਤ ਸਿੰਘ ਸੱਜਣ ਦੇ ਪਿਤਾ ਕੁੰਦਨ ਸਿੰਘ ਸੱਜਣ ਪੰਜਾਬ ਪੁਲੀਸ ਵਿਚ ਹਵਾਲਦਾਰ ਸਨ। ਸਾਲ 1976 ਵਿਚ ਉਨ੍ਹਾਂ ਦਾ ਪਰਿਵਾਰ 'ਬ੍ਰਿਟਿਸ਼ ਕੋਲੰਬੀਆ' ਚਲਾ ਗਿਆ ਸੀ। ਉਸ ਵਕਤ ਹਰਜੀਤ ਸਿੰਘ ਸਿਰਫ਼ ਪੰਜ ਸਾਲ ਦੇ ਸਨ। ਉਹ ਵੈਨਕੂਵਰ ਵਿਚ ਵੱਡਾ ਹੋਇਆ। ਉਸ ਨੇ ਇਕ ਫੈਮਿਲੀ ਡਾਕਟਰ ਕੁਲਜੀਤ ਕੌਰ ਨਾਲ ਵਿਆਹ ਕਰਵਾਇਆ ਹੈ। ਉਨ੍ਹਾਂ ਦਾ ਇੱਕ ਪੁੱਤਰ ਅਤੇ ਇੱਕ ਧੀ ਹੈ। ਉਸ ਦੇ ਪਿਤਾ ਕੁੰਦਨ ਸਿੰਘ ਸੱਜਣ ਪੰਜਾਬ ਵਿੱਚ ਪੁਲੀਸ ਅਧਿਕਾਰੀ ਸਨ ਤੇ ਹੁਣ ਸਰੀ ਦੇ ਗੁਰਦੁਆਰਾ ਸਿੰਘ ਸਭਾ ਦੇ ਪ੍ਰਧਾਨ ਹਨ। ਹਰਜੀਤ ਸਿੰਘ ਸੱਜਣ ਵੀ ਅੰਮ੍ਰਿਤਧਾਰੀ ਸਿੱਖ ਹੈ। ਸੱਜਣ ਨੇ 11 ਸਾਲ ਦੇ ਲਈ ਵੈਨਕੂਵਰ ਪੁਲਿਸ ਵਿਭਾਗ ਦੇ 'ਚ ਅਧਿਕਾਰੀ ਦੇ ਤੌਰ ਤੇ ਸੇਵਾ ਕੀਤੀ। ਉਸ ਨੇ ਵਿਭਾਗ ਦੇ ਗਰੋਹ ਅਪਰਾਧ ਯੂਨਿਟ ਦੇ ਨਾਲ ਇੱਕ ਜਾਸੂਸ ਤੌਰ ਉੱਤੇ ਆਪਣੇ ਕੈਰੀਅਰ ਦੀ ਸਮਾਪਤੀ ਕੀਤੀ।



ਸੱਜਣ ਸੰਨ 1989 ਵਿਚ ਫ਼ੌਜ ਵਿਚ ਭਰਤੀ ਹੋਇਆ ਅਤੇ ਕੈਨੇਡੀਅਨ ਆਰਮਡ ਫੋਰਸਿਜ਼ ਵਿਚ ਉਪ-ਕਰਨਲ ਦੇ ਤੌਰ ਤੇ ਸੇਵਾ ਕੀਤੀ। ਫ਼ੌਜ ਦੀ ਸੇਵਾ ਦੌਰਾਨ ਉਹ ਕੰਧਾਰ ਵਿਚ ਰਾਇਲ ਕੈਨੇਡੀਅਨ ਰਜਮੈਂਟ ਦੀ 1 ਬਟਾਲੀਅਨ ਸ਼ਾਮਲ ਹੋ ਗਏ। ਉਸ ਨੇ ਆਪਣੇ ਕੈਰੀਅਰ ਦੇ ਕੋਰਸ ਦੌਰਾਨ ਚਾਰ ਵਾਰ ਵਿਦੇਸ਼ਾਂ ਵਿੱਚ ਤਾਇਨਾਤ ਕੀਤਾ ਗਿਆ ਸੀ: ਇਕ ਵਾਰ ਬੋਸਨੀਆ ਅਤੇ ਹਰਜ਼ੇਗੋਵੀਨਾ ਤੇ ਤਿੰਨ ਵਾਰ ਅਫਗਾਨਿਸਤਾਨ ਵਿੱਚ। ਉਨ੍ਹਾਂ ਨੂੰ ਬ੍ਰਿਗੇਡੀਅਰ ਜਨਰਲ ਡੇਵਿਡ ਫਰੇਜਰ ਨੇ 'ਸਮੁੱਚੇ ਜੰਗੀ ਮੁਹਾਜ ਉੱਤੇ ਕੈਨੇਡੀਅਨ ਖੁਫ਼ੀਆ ਤੰਤਰ ਦਾ ਬਿਹਤਰੀਨ ਸਰੋਤ' ਕਰਾਰ ਦਿੱਤਾ। ਦੋ ਮੁਹਿੰਮਾਂ ਤੋਂ ਬਾਅਦ ਉਸ ਨੇ ਪੁਲਿਸ ਵਿੱਚੋਂ ਅਸਤੀਫ਼ਾ ਦੇ ਦਿੱਤਾ ਅਤੇ ਅਮਰੀਕੀ ਮੇਜਰ ਜਨਰਲ ਜੇਮਸ ਟੈਰੀ ਦੇ ਵਿਸ਼ੇਸ਼ ਸਹਾਇਕ ਵਜੋਂ ਅਫ਼ਗਾਨਿਸਤਾਨ ਗਿਆ। ਸਿਖਲਾਈ ਦੌਰਾਨ ਉਸ ਨੇ ਬਾਕੀਆਂ ਤੋਂ ਵੱਧ ਰਗੜਾ ਬਰਦਾਸ਼ਤ ਕੀਤਾ, "ਉਸ ਵੇਲੇ ਕੈਨੇਡੀਅਨ ਫ਼ੌਜ ਵਿੱਚ ਨਸਲੀ ਵਿਤਕਰਾ ਹੁੰਦਾ ਸੀ। ਉਹ ਨਸਲੀ ਵੰਨ-ਸਵੰਨਤਾ ਨੂੰ ਪ੍ਰਵਾਨ ਤੋਂ ਪਹਿਲਾਂ ਤਬਦੀਲੀ ਦਾ ਦੌਰ ਸੀ।" ਇਸ ਰਗੜੇ ਦੇ ਸਤਾਏ ਹਰਜੀਤ ਨੇ ਫ਼ੌਜ ਛੱਡਣ ਦਾ ਫ਼ੈਸਲਾ ਕੀਤਾ ਅਤੇ ਆਪਣੇ ਬਾਪੂ ਨਾਲ ਗੱਲ ਤੋਰੀ। ਉਸ ਨੂੰ ਬਾਪੂ ਦੀ ਸਲਾਹ ਹੁਣ ਵੀ ਯਾਦ ਹੈ, "ਆ ਜਾ ਘਰ ਪਰ ਯਾਦ ਰੱਖੀਂ ਕਿ ਪੱਗ ਬੰਨ੍ਹਣ ਵਾਲਾ ਹਰ ਜਣਾ ਜਾਂ ਹਰ ਦੂਜਾ ਜੀਅ ਘੱਟ-ਗਿਣਤੀਆਂ ਵਿੱਚ ਸ਼ੁਮਾਰ ਹੈ। ਤੇਰੇ ਮੁੜ ਆਉਣ ਨਾਲ ਸਾਰਿਆਂ ਉੱਤੇ ਨਾਕਾਮਯਾਬੀ ਦਾ ਦਾਗ਼ ਲੱਗ ਜਾਣੈ।"

ਸੱਜਣ ਆਪਣੀ ਬਹਾਦਰੀ ਅਤੇ ਦੇਸ਼ ਪ੍ਰਤੀ ਵਫ਼ਾਦਾਰੀ ਕਾਰਨ ਸੰਨ 2013 ਵਿੱਚ ਮੈਰੀਟੋਰੀਅਸ ਸਰਵਿਸ ਮੈਡਲ, ਕੈਨੇਡੀਅਨ ਪੀਸ ਕੀਪਿੰਗ ਮੈਡਲ, ਆਰਡਰ ਆਫ ਮਿਲਟਰੀ ਮੈਰਿਟ ਐਵਾਰਡ ਸਮੇਤ ਅਨੇਕਾਂ ਮੈਡਲ ਅਤੇ ਮਾਣ ਸਨਮਾਨ ਪ੍ਰਾਪਤ ਚੁੱਕਾ ਹੈ। ਉਹ ਤਾਲਿਬਾਨ ਖ਼ਿਲਾਫ਼ ਗੁਪਤ ਸੂਚਨਾ ਇਕੱਠੀ ਕਰਨ ਦਾ ਬਹੁਤ ਮਾਹਿਰ ਸੀ। ਉਸ ਨੂੰ ਨਾਟੋ ਦੇ ਇੰਚਾਰਜ ਬ੍ਰਿਗੇਡੀਅਰ ਜਨਰਲ ਡੇਵਿਡ ਫਰੇਜ਼ਰ ਵੱਲੋਂ ਬੈਸਟ ਇੰਟੈਲੀਜੈਂਸ ਅਫ਼ਸਰ ਦਾ ਐਵਾਰਡ ਵੀ ਦਿੱਤਾ ਜਾ ਚੁੱਕਾ ਹੈ। ਉਹ ਬ੍ਰਿਟਿਸ਼ ਕੋਲੰਬੀਆ ਦੇ ਲੈਫਟੀਨੈਂਟ ਗਵਰਨਰ ਦਾ ਏਡੀਸੀ ਵੀ ਰਹਿ ਚੁੱਕਾ ਹੈ। ਹਰਜੀਤ ਸਿੰਘ ਸੱਜਣ ਕੈਨੇਡਾ ਦੇ 42ਵੇਂ ਰੱਖਿਆ ਮੰਤਰੀ ਹਨ। ਲਿਬਰਲ ਪਾਰਟੀ ਦੀ ਟਿਕਟ ਉੱਤੇ ਦੱਖਣੀ ਵੈਨਕੂਵਰ ਤੋਂ ਜਿੱਤ ਕੇ ਉਹ ਜਸਟਿਨ ਟਰੂਡੋ ਦੀ ਸਰਕਾਰ ਵਿੱਚ ਰੱਖਿਆ ਮੰਤਰੀ ਬਣੇ ਹਨ।

# ਟਰੂਡੋ ਦੀ ਫੇਰੀ, ਖਾਲਿਸਤਾਨ ਦੀ ਮੰਗ ਅਤੇ ਧਰਮ ਨਿਰਪੱਖ ਪੱਤਰਕਾਰੀ

**ਕੈਨੇਡਾ ਇੰਨਾ ਖੁਲ੍ਹੇ ਵਿਚਾਰਾਂ ਵਾਲਾ ਮੁਲਕ ਹੈ ਕਿ ਜੇ ਤੁਸੀ ਉਥੇ 100 ਕਿੱਲੇ ਜ਼ਮੀਨ ਖਰੀਦ ਕੇ ਆਪਣੀ ਜ਼ਮੀਨ 'ਤੇ ਵੱਖਰਾ ਦੇਸ਼ ਬਣਾਉਣ ਦੀ ਮੰਗ ਰੱਖ ਦਿਓ ਤਾਂ ਵੀ ਉਹ ਕਹਿਣਗੇ ਕਿ ਇਹ ਮੰਗ ਰੱਖਣਾ ਤੁਹਾਡਾ ਜਮਹੂਰੀ ਹੱਕ ਹੈ। ਜੇ ਕੱਲ੍ਹ ਨੂੰ ਖਾਲਿਸਤਾਨ ਬਣ ਜਾਂਦਾ ਹੈ ਅਤੇ ਕੈਨੇਡਾ ਵਿੱਚ ਰਹਿੰਦੇ ਖਾਲਿਸਤਾਨ ਵਿਰੋਧੀ ਲੋਕ ਖਾਲਿਸਤਾਨ ਦਾ ਤਖਤਾ ਪਲਟ ਕਰਨ ਵਾਸਤੇ ਸ਼ਾਂਤੀ ਨਾਲ ਕੈਨੇਡਾ ਦੀ ਧਰਤੀ 'ਤੇ ਕੋਈ ਰਾਜਨੀਤਿਕ ਮੁਹਿੰਮ ਚਲਾਉਂਦੇ ਨੇ ਤਾਂ ਵੀ ਕੈਨੇਡਾ ਨੂੰ ਕੋਈ ਫਰਕ ਨਹੀਂ ਪਵੇਗਾ, ਉਦੋਂ ਫੇਰ ਭਾਵੇਂ ਖਾਲਿਸਤਾਨੀ ਜਿੰਨਾ ਮਰਜ਼ੀ ਵਿਰੋਧ ਕਰ ਲੈਣ। ਕੈਨੇਡਾ ਤਹਾਨੂੰ ਇਹ ਆਜ਼ਾਦੀ ਦਿੰਦਾ ਕਿ ਤੁਸੀ ਕੁੱਝ ਵੀ ਮੰਗ ਸਕੋ। ਪਰ ਇਸ ਦਾ ਮਤਲਬ ਇਹ ਨਹੀਂ ਕਿ ਜੋ ਤੁਸੀਂ ਮੰਗ ਰਹੇ ਹੋ ਉਹ ਕਨੇਡਾ ਦੀ ਵੀ ਮੰਗ ਹੈ। ਬਾਬਾ ਸਾਹਿਬ ਅੰਬੇਦਕਰ ਨੇ ਜਿਸ ਤਰ੍ਹਾਂ ਦੀ ਬੋਲਣ ਦੀ ਆਜ਼ਾਦੀ ਭਾਰਤੀ ਸੰਵਿਧਾਨ ਵਿਚ ਵਿਆਖਿਆ ਕੀਤੀ ਹੈ, ਬਿਲਕੁਲ ਉਸੇ ਤਰ੍ਹਾਂ ਦੀ ਆਜ਼ਾਦੀ ਕੈਨੇਡਾ ਨੇ ਆਪਣੇ ਬਾਸ਼ਿੰਦਿਆਂ ਨੂੰ ਧਰਾਤਲ 'ਤੇ ਵੀ ਦਿੱਤੀ ਹੈ।**

**ਗੁਰਪ੍ਰੀਤ ਸਿੰਘ ਸਹੋਤਾ**
ਸੀਨੀਅਰ ਪੱਤਰਕਾਰ, ਸਰੀ, ਕਨੇਡਾ





ਪਿਛਲੇ ਸਾਲ ਨਵੰਬਰ ਦੀ ਗੱਲ ਹੈ। ਕੁੱਲ 57 ਇਸਲਾਮਿਕ ਮੁਲਕਾਂ ਦੇ ਤਾਕਤਵਰ ਸਮੂਹ ਆਰਗਾਨਾਈਜ਼ੇਸ਼ਨ ਆਫ ਇਸਲਾਮਿਕ ਕਾਰਪੋਰੇਸ਼ਨ' (ਓਆਈਸੀ) ਨੇ ਪਾਕਿਸਤਾਨ ਨਾਲ ਮਿਲ ਕੇ ਕਸ਼ਮੀਰ ਵਿੱਚ ਭਾਰਤ ਵਲੋਂ ਕਥਿਤ ਤੌਰ 'ਤੇ ਕੀਤੇ ਜਾ ਰਹੇ ਤਸ਼ੱਦਦ ਨੂੰ ਦਰਸਾਉਂਦੀ ਫੋਟੋ ਪ੍ਰਦਰਸ਼ਨੀ ਆਪਣੇ ਜਿਦਾਹ ਵਿਚਲੇ ਸਕੱਤਰੇਤ ਦਫਤਰ ਵਿਖੇ ਲਗਾਈ ਗਈ।

ਇਸ ਮੌਕੇ ਓਆਈਸੀ ਦੇ ਸੈਕਟਰੀ ਜਨਰਲ ਯੂਸਫ ਬਿਨ ਅਹਿਮਦ ਉਥਾਈਮੀਨ ਨੇ ਸ਼ਰੇਆਮ ਕਿਹਾ ਕਿ ਕਸ਼ਮੀਰ ਦੇ ਲੋਕਾਂ ਦੀ ਖੁਦਮੁਖਤਿਆਰੀ ਦੀ ਕਥਿਤ ਮੰਗ ਦੇ ਮੁੱਦੇ 'ਤੇ ਓਆਈਸੀ ਪੂਰੀ ਤਰ੍ਹਾਂ ਕਸ਼ਮੀਰ ਦੇ ਲੋਕਾਂ ਨਾਲ ਹੈ। ਇਹ ਕੋਈ ਪਹਿਲੀ ਵਾਰ ਨਹੀਂ ਸੀ ਜਦੋਂ ਓਆਈਸੀ ਨੇ ਭਾਰਤ ਵਿਰੁੱਧ ਕਸ਼ਮੀਰ ਮਸਲੇ 'ਤੇ ਇਸ ਤਰ੍ਹਾਂ ਦੀ ਗੱਲ ਕੀਤੀ। ਓਆਈਸੀ ਕਸ਼ਮੀਰ ਮਸਲੇ 'ਤੇ ਹਮੇਸ਼ਾ ਇਸੇ ਤਰ੍ਹਾਂ ਗੱਲ ਕਰਦਾ ਰਿਹਾ ਹੈ।

ਜੇਕਰ ਸਿਰਫ ਫਰਵਰੀ ਮਹੀਨੇ ਦੀ ਗੱਲ ਕਰੀਏ ਤਾਂ ਹੁਣੇ-ਹੁਣੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸੰਯੁਕਤ ਅਰਬ ਅਮੀਰਾਤ ਅਤੇ ਉਮਾਨ ਦੇ ਦੌਰੇ 'ਤੇ ਜਾ ਕੇ ਆਏ ਹਨ । ਇਰਾਨ ਦੇ ਪ੍ਰਧਾਨ ਮੰਤਰੀ ਭਾਰਤ ਹੋ ਕੇ ਗਏ ਨੇ। ਇਹ ਤਿੰਨੇ ਮੁਲਕ ਓਆਈਸੀ ਦੇ ਮੈਂਬਰ ਹਨ । ਓਆਈਸੀ ਦੇ ਕਈ ਹੋਰ ਮੈਂਬਰ ਮੁਲਕਾਂ ਦਾ ਦੌਰਾ ਮੋਦੀ ਸਾਹਬ ਪਿਛਲੇ ਚਾਰ ਸਾਲਾਂ ਵਿਚ ਕਰ ਆਏ। ਪਰ ਭਾਰਤ ਜਾਂ ਪੰਜਾਬ ਦੇ ਕਿਸੇ ਧਰਮ ਨਿਰਪੱਖ ਪੱਤਰਕਾਰ ਨੇ ਕਦੇ ਵੀ ਨਰਿੰਦਰ ਮੋਦੀ ਨੂੰ ਇਹ ਨਹੀਂ ਕਿਹਾ ਕਿ ਓਆਈਸੀ ਕਸ਼ਮੀਰੀ ਵੱਖਵਾਦੀਆਂ ਨਾਲ ਹਮਦਰਦੀ ਰੱਖਦੀ ਹੈ ਅਤੇ ਇਸ ਲਈ ਇਸ ਦੇ ਮੈਂਬਰ ਮੁਲਕਾਂ ਨਾਲ ਕੋਈ ਗੱਲਬਾਤ ਕਰਨ ਤੋਂ ਪਹਿਲਾਂ ਇਹਨਾਂ ਨੂੰ ਓਆਈਸੀ ਤੋਂ ਤੋੜ ਵਿਛੋੜਾ ਕਰਨ ਲਈ ਕਿਹਾ ਜਾਵੇ ਜਾਂ ਫਿਰ ਘੱਟੋ ਘੱਟ ਇਹਨਾਂ ਮੁਲਕਾਂ ਨਾਲ ਸਬੰਧ ਅੱਗੇ ਤੋਰਨ ਤੋਂ ਪਹਿਲਾਂ ਪਾਕਿਸਤਾਨ ਅਤੇ ਕਸ਼ਮੀਰ 'ਤੇ ਸ਼ਪੱਸ਼ਟੀਕਰਨ ਹੀ ਲੈ ਲਿਆ ਜਾਵੇ।

ਕਿਸੇ ਵੀ ਧਰਮ ਨਿਰਪੱਖ ਪੱਤਰਕਾਰ ਨੇ ਓਆਈਸੀ ਵਲੋਂ ਕਸ਼ਮੀਰ ਮਸਲੇ' ਤੇ ਲਾਈ ਭਾਰਤ ਵਿਰੋਧੀ ਫੋਟੋ ਪ੍ਰਦਰਸ਼ਨੀ ਦੀ ਖਬਰ ਤੱਕ ਨਸ਼ਰ ਨਹੀਂ ਕੀਤੀ। ਨਰਿੰਦਰ ਮੋਦੀ ਪ੍ਰੋਟੋਕੋਲ ਤੋੜ ਕੇ ਇਹਨਾਂ ਮੁਲਕਾਂ ਦੇ ਬਾਸ਼ਿੰਦਿਆਂ ਦਾ ਸਵਾਗਤ ਕਰਦੇ ਰਹੇ। ਕਿਸੇ ਵੀ ਧਰਮ ਨਿਰਪੱਖ ਪੱਤਰਕਾਰ ਦੇ ਮੱਥੇ 'ਤੇ ਤਿਉੜੀ ਨਹੀਂ ਪਈ। ਐਨਾ ਹੀ ਨਹੀਂ, ਇਹ ਓਆਈਸੀ ਦਾ ਹੀ ਦਬਾਅ ਸੀ ਕਿ ਪਿਛਲੇ ਸਾਲ ਦਸੰਬਰ ਵਿਚ ਮੋਦੀ ਸਰਕਾਰ ਨੇ ਆਪਣੀ ਸਰਕਾਰ ਅਤੇ ਆਰ ਐਸ ਐਸ ਦੀ ਵਿਚਾਰਧਾਰਾ ਦੇ ਵਿਰੁੱਧ ਜਾ ਕੇ ਸੰਯੁਕਤ ਰਾਸ਼ਟਰ ਵਿੱਚ ਹੋਈ ਵੋਟਿੰਗ 'ਚ ਅਮਰੀਕਾ ਅਤੇ ਇਜ਼ਰਾਇਲ ਦੀ ਇੱਛਾ ਦੇ ਵਿਰੁੱਧ ਵੋਟ ਪਾ ਕੇ ਯੇਰੂਸ਼ਲਮ ਨੂੰ ਇਜ਼ਰਾਇਲ ਦੀ ਰਾਜਧਾਨੀ ਮੰਨਣ ਤੋਂ ਨਾਂਹ ਕਰ ਦਿੱਤੀ। ਪਰ ਕਿਸੇ ਵੀ ਧਰਮ ਨਿਰਪੱਖ ਪੱਤਰਕਾਰ ਨੇ ਓਆਈਸੀ, ਕਸ਼ਮੀਰ ਅਤੇ ਭਾਰਤ ਦੁਆਰਾ ਯੇਰੂਸ਼ਲਮ ਦੇ ਮੁੱਦੇ 'ਤੇ ਪਾਈ ਵੋਟ ਵਿਚਾਲੇ ਸਬੰਧ ਲੱਭਣ ਦੀ ਕੋਸ਼ਿਸ਼ ਨਹੀਂ ਕੀਤੀ।

ਓਆਈਸੀ ਵੀ ਸੰਯੁਕਤ ਰਾਸ਼ਟਰ ਦੀ ਤਰਜ 'ਤੇ ਬਣਿਆ ਤਾਕਤਵਰ ਸਮੂਹ ਹੈ ਪਰ ਇਸ ਦੇ ਮੈਂਬਰ ਸਿਰਫ਼ ਮੁਸਲਿਮ ਅਬਾਦੀ ਵਾਲੇ ਮੁਲਕ ਬਣ ਸਕਦੇ ਹਨ। ਭਾਰਤ ਵੀ ਆਪਣੀ ਮੁਸਲਿਮ ਜਨਸੰਖਿਆ ਦੇ ਆਧਾਰ 'ਤੇ ਇਸ ਦਾ ਮੈਂਬਰ ਬਣਨਾ ਚਾਹੁੰਦਾ ਹੈ ਪਰ ਫਿਲਹਾਲ ਅਗਲੇ ਹੱਥ ਨਹੀਂ ਲਾਉਣ ਦਿੰਦੇ। ਹਾਲਾਂ ਕਿ ਰੂਸ ਵਰਗੇ ਨਾਸਤਿਕ ਮੁਲਕ ਨੂੰ ਓਆਈਸੀ ਨੇ ਆਬਜ਼ਰਵਰ ਮੈਂਬਰ ਬਣਾਇਆ ਹੋਇਆ ਹੈ। ਪਰ ਪਾਕਿਸਤਾਨ ਭਾਰਤ ਨੂੰ ਓਆਈਸੀ ਵਿਚ ਆਬਜ਼ਰਵਰ ਮੈਂਬਰ ਵੀ ਨਹੀਂ ਬਣਨ ਦਿੰਦਾ।

ਕੋਈ ਧਰਮ ਨਿਰਪੱਖ ਪੱਤਰਕਾਰ ਨਹੀਂ ਕਹਿੰਦਾ ਕਿ ਧਾਰਮਿਕ ਪਹਿਚਾਣ ਵਾਲੇ ਸਮੂਹ ਦਾ ਮੈਂਬਰ ਬਣਨ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ।

ਜੋ ਜੋ ਸਵਾਲ ਧਰਮ ਨਿਰਪੱਖ ਪੱਤਰਕਾਰਾਂ ਨੇ ਓਆਈਸੀ, ਕਸ਼ਮੀਰ ਅਤੇ ਭਾਰਤ ਦੇ ਸਬੰਧ ਵਿੱਚ ਸਵਾਲਾਂ ਦੀ ਸੰਭਾਵਨਾ ਹੋਣ ਦੇ ਬਾਵਜੂਦ ਨਹੀਂ ਪੁੱਛੇ, ਉਹੀ ਸਾਰੇ ਸਵਾਲ ਕੈਨੇਡਾ ਅਤੇ ਖਾਲਿਸਤਾਨ ਪੱਖੀਆਂ ਦੇ ਸਬੰਧ ਵਿਚ ਸੰਭਾਵਨਾ ਨਾ ਹੋਣ ਦੇ ਬਾਵਜੂਦ ਪੈਦਾ ਕੀਤੇ ਜਾ ਰਹੇ ਹਨ ।

ਦੂਜੇ ਪਾਸੇ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੇ ਹਾਲੀਆ ਭਾਰਤ ਦੇ ਦੌਰੇ ਨਾਲ ਸਭ ਤੋਂ ਵੱਧ ਢਿੱਡ ਭਾਰਤ ਅਤੇ ਪੰਜਾਬ ਦੇ ਧਰਮ ਨਿਰਪੱਖ ਪੱਤਰਕਾਰਾਂ ਦਾ ਦੁਖਿਆ ਹੈ। ਕੀ ਇਹ ਢਿੱਡ ਦੁਖਣਾ ਜਾਇਜ਼ ਹੈ ? ਇਸ ਤੋਂ ਪਹਿਲਾਂ ਇਹ ਦੇਖਣਾ ਹੋਵੇਗਾ ਕਿ ਕੀ ਕੈਨੇਡਾ ਅਤੇ ਖਾਲਿਸਤਾਨ ਵਿੱਚ ਉਹੀ ਸਬੰਧ ਹੈ, ਜੋ ਓਆਈਸੀ ਅਤੇ ਕਸ਼ਮੀਰ ਵਿੱਚ ਹੈ ?

ਇਹ ਗੱਲ ਕਹਿਣਾ ਤਾਂ ਦੂਰ, ਕੈਨੇਡਾ ਨੇ ਕਦੇ ਇਸ਼ਾਰਾ ਵੀ ਨਹੀਂ ਕੀਤਾ ਕਿ ਉਹ ਇਕ ਦੇਸ਼ ਵਜੋਂ ਖਾਲਿਸਤਾਨ ਦੇ ਨਾਮ 'ਤੇ ਕਿਸੇ ਭੁਗੋਲਿਕ ਖਿੱਤੇ ਬਾਰੇ ਕੋਈ ਵਿਚਾਰ ਵੀ ਰੱਖਦਾ ਹੈ। ਇਹ ਕੈਨੇਡਾ ਦਾ ਏਜੰਡਾ ਹੀ ਨਹੀਂ ਹੈ। ਕੈਨੇਡਾ ਇੰਨਾ ਖੁਲ੍ਹੇ ਵਿਚਾਰਾਂ ਵਾਲਾ ਮੁਲਕ ਹੈ ਕਿ ਜੇ ਤੁਸੀ ਉਥੇ 100 ਕਿੱਲੇ ਜ਼ਮੀਨ ਖਰੀਦ ਕੇ ਆਪਣੀ ਜ਼ਮੀਨ 'ਤੇ ਵੱਖਰਾ ਦੇਸ਼ ਬਣਾਉਣ ਦੀ ਮੰਗ ਰੱਖ ਦਿਓ ਤਾਂ ਵੀ ਉਹ ਕਹਿਣਗੇ ਕਿ ਇਹ ਮੰਗ ਰੱਖਣਾ ਤੁਹਾਡਾ ਜਮਹੂਰੀ ਹੱਕ ਹੈ।

ਜੇ ਕੱਲ੍ਹ ਨੂੰ ਖਾਲਿਸਤਾਨ ਬਣ ਜਾਂਦਾ ਹੈ ਅਤੇ ਕੈਨੇਡਾ ਵਿੱਚ ਰਹਿੰਦੇ ਖਾਲਿਸਤਾਨ ਵਿਰੋਧੀ ਲੋਕ ਖਾਲਿਸਤਾਨ ਦਾ ਤਖਤਾ ਪਲਟ ਕਰਨ ਵਾਸਤੇ ਸ਼ਾਂਤੀ ਨਾਲ ਕੈਨੇਡਾ ਦੀ ਧਰਤੀ 'ਤੇ ਕੋਈ ਰਾਜਨੀਤਿਕ ਮੁਹਿੰਮ ਚਲਾਉਂਦੇ ਨੇ ਤਾਂ ਵੀ ਕੈਨੇਡਾ ਨੂੰ ਕੋਈ ਫਰਕ ਨਹੀਂ ਪਵੇਗਾ, ਉਦੋਂ ਫੇਰ ਭਾਵੇਂ ਖਾਲਿਸਤਾਨੀ ਜਿੰਨਾ ਮਰਜ਼ੀ ਵਿਰੋਧ ਕਰ ਲੈਣ।

ਕੈਨੇਡਾ ਤਹਾਨੂੰ ਇਹ ਆਜ਼ਾਦੀ ਦਿੰਦਾ ਕਿ ਤੁਸੀ ਕੁੱਝ ਵੀ ਮੰਗ ਸਕੋ। ਪਰ ਇਸ ਦਾ ਮਤਲਬ ਇਹ ਨਹੀਂ ਕਿ ਜੋ ਤੁਸੀਂ ਮੰਗ ਰਹੇ ਹੋ ਉਹ ਕਨੇਡਾ ਦੀ ਵੀ ਮੰਗ ਹੈ। ਬਾਬਾ ਸਾਹਿਬ ਅੰਬੇਦਕਰ ਨੇ ਜਿਸ ਤਰ੍ਹਾਂ ਦੀ ਬੋਲਣ ਦੀ ਆਜ਼ਾਦੀ ਭਾਰਤੀ ਸੰਵਿਧਾਨ ਵਿਚ ਵਿਆਖਿਆ ਕੀਤੀ ਹੈ, ਬਿਲਕੁਲ ਉਸੇ ਤਰ੍ਹਾਂ ਦੀ ਆਜ਼ਾਦੀ ਕੈਨੇਡਾ ਨੇ ਆਪਣੇ ਬਾਸ਼ਿੰਦਿਆਂ ਨੂੰ ਧਰਾਤਲ 'ਤੇ ਵੀ ਦਿੱਤੀ ਹੈ।

ਜੇ ਥੋੜ੍ਹੀ ਜਿਹੀ ਇਮਾਨਦਾਰੀ ਵਰਤੀ ਜਾਵੇ ਤਾਂ ਸਹਿਜੇ ਹੀ ਪਤਾ ਲੱਗ ਜਾਵੇਗਾ ਕਿ ਜੋ ਗੰਭੀਰਤਾ ਓਆਈਸੀ ਅਤੇ ਕਸ਼ਮੀਰ ਦੇ ਸਬੰਧਾਂ ਵਿੱਚ ਹੈ, ਉਸ ਗੰਭੀਰਤਾ ਦਾ ਇਕ ਫੀਸਦੀ ਵੀ ਕੈਨੇਡਾ ਅਤੇ ਖਾਲਿਸਤਾਨ ਪੱਖੀਆਂ ਦੇ ਸਬੰਧਾਂ ਵਿੱਚ ਨਹੀਂ ਹੈ।

ਅਕਾਲੀ ਦਲ (ਅ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ 'ਤੇ ਖਾਲਿਸਤਾਨ ਜਿੰਦਾਬਾਦ ਦੇ ਨਾਹਰੇ ਲਾਉਣ ਕਰਕੇ 50 ਤੋਂ ਵੱਧ ਦੇਸ਼ ਧਰੋਹ ਦੇ ਮੁਕੱਦਮੇ ਸਨ। ਬਾਬਾ ਸਾਹਿਬ ਅੰਬੇਦਕਰ ਦੇ ਸੰਵਿਧਾਨ ਦੀ ਬਦੌਲਤ ਮਾਨ ਸਾਹਬ ਸਾਰੇ ਮੁਕੱਦਮਿਆਂ ਵਿਚੋਂ ਬਰੀ ਹੋ ਗਏ।

ਜੇ ਧਰਮ ਨਿਰਪੱਖ ਪੱਤਰਕਾਰ ਕੈਨੇਡਾ ਤੋਂ ਸਪੱਸ਼ਟੀਕਰਨ ਮੰਗ ਰਹੇ ਹਨ ਤਾਂ ਉਨ੍ਹਾਂ ਨੂੰ ਬਾਬਾ ਸਾਹਿਬ ਅੰਬੇਦਕਰ ਅਤੇ ਭਾਰਤੀ ਸੰਵਿਧਾਨ ਦੀ ਆਤਮਾ ਤੋਂ ਵੀ ਸਪੱਸ਼ਟੀਕਰਨ ਮੰਗਣਾ ਚਾਹੀਦਾ ਹੈ ਕਿ ਕੋਈ ਖਾਲਿਸਤਾਨ ਦੀ ਸ਼ਾਂਤਮਈ ਮੰਗ ਕਰਨ ਵਾਲਾ ਕਿਵੇਂ ਬਰੀ ਹੋ ਸਕਦਾ ਹੈ ?

ਇਹ ਸਾਰੀ ਗੱਲ ਭਾਰਤ ਦੇ ਧਰਮ ਨਿਰਪੱਖ ਪੱਤਰਕਾਰਾਂ ਅਤੇ ਵਿਦਵਾਨਾਂ ਨੂੰ ਵੀ ਪਤਾ ਹੈ। ਇਸ ਦੇ ਬਾਵਜੂਦ ਆਊਟ ਲੁੱਕ ਵਰਗੇ ਖੋਜੀ ਅਤੇ ਨਿਡਰ ਪੱਤਰਕਾਰੀ ਲਈ ਮੰਨੇ ਜਾਂਦੇ ਇਸ ਪਰਚੇ ਨੇ ਆਪਣਾ ਸਾਰਾ ਅੰਕ ਇਹ ਸਾਬਿਤ ਕਰਨ ਵਾਸਤੇ ਛਾਪਿਆ ਕਿ ਜਿਵੇਂ ਕੈਨੇਡਾ ਦੀ ਮੱਦਦ ਨਾਲ ਖਾਲਿਸਤਾਨ ਅੱਜ ਬਣਿਆ ਕਿ ਕੱਲ੍ਹ ਬਣਿਆ। ਤੇ ਬਾਕੀ ਫਿਰ ਉਸ ਹੀ ਲੀਹ 'ਤੇ ਚੱਲ ਕੇ ਅੰਨ੍ਹਾ ਵਿਰੋਧ ਕਰ ਰਹੇ ਹਨ।

ਕੈਨੇਡਾ ਦੇ ਪ੍ਰਧਾਨ ਮੰਤਰੀ ਦੀ ਫੇਰੀ ਦੇ ਸਬੰਧ ਵਿਚ ਇਹ ਸਾਰੇ ਧਰਮ ਨਿਰਪੱਖ ਪੱਤਰਕਾਰ ਅਤੇ ਵਿਦਵਾਨ ਸਿੱਖ ਸ਼ਬਦ ਦਾ ਬਹੁਤ ਨਕਾਰਾਤਮਕ ਇਸਤੇਮਾਲ ਕਰ ਰਹੇ ਹਨ । ਜਦੋਂ ਹਿੰਦੂਵਾਦੀ ਪੱਤਰਕਾਰ ਮੁਸਲਮਾਨ ਸ਼ਬਦ ਨੂੰ ਨਕਾਰਾਤਮਕ ਤਰੀਕੇ ਨਾਲ ਵਰਤਦੇ ਹਨ ਤਾਂ ਧਰਮ ਨਿਰਪੱਖ ਪੱਤਰਕਾਰਾਂ ਨੂੰ ਬਹੁਤ ਤਕਲੀਫ ਹੁੰਦੀ ਹੈ। ਪਾਕਿਸਤਾਨ ਸ਼ਰੇਆਮ ਆਜ਼ਾਦ ਕਸ਼ਮੀਰ ਦੇ ਹੱਕ ਵਿਚ ਖੜ੍ਹਾ ਹੈ। ਅੱਜ ਦਾ ਤਾਂ ਪਤਾ ਨਹੀਂ ਪਰ ਕਿਸੇ ਸਮੇਂ ਆਜ਼ਾਦ ਪੰਜਾਬ ਦੇ ਹੱਕ ਵਿਚ ਖੜ੍ਹਾ ਸੀ। ਪਰ ਫੇਰ ਵੀ ਜੇ ਕੱਲ੍ਹ ਨੂੰ ਭਾਰਤ ਪਾਕਿਸਤਾਨ ਗੱਲਬਾਤ ਕਰਨ ਲਈ ਰਾਜ਼ੀ ਹੋ ਜਾਣਗੇ ਤਾਂ ਧਰਮ ਨਿਰਪੱਖ ਪੱਤਰਕਾਰ ਸ਼ਾਂਤੀ ਦੇ ਕਬੂਤਰ ਬਣਕੇ ਆਉਣਗੇ। ਪਹਿਲਾਂ ਵੀ ਆਉਂਦੇ ਰਹੇ ਹਨ ।

ਪਰ ਕੈਪਟਨ ਨੂੰ ਨਾ ਮਿਲਣ ਦੇ ਕਥਿਤ ਫੈਸਲੇ ਦੀ ਖਬਰ ਨੂੰ ਆਧਾਰ ਮੰਨ ਕੇ ਧਰਮ ਨਿਰਪੱਖ ਪੱਤਰਕਾਰ ਇਹ ਕਹਿਣ ਤੱਕ ਚਲੇ ਗਏ ਕਿ ਮੋਦੀ ਨੂੰ ਟਰੂਡੋ ਦੀ ਫੇਰੀ ਰੱਦ ਕਰ ਦੇਣੀ ਚਾਹੀਦੀ ਹੈ। ਐਡੀ ਤਾਂ ਕੋਈ ਗੱਲ ਹੀ ਨਹੀਂ ਹੋਈ ਕਿ ਫੇਰੀ ਰੱਦ ਕਰ ਦਿੱਤੀ ਜਾਵੇ। ਇਹ ਲਹਿਜਾ ਲਗਭਗ ਸਾਰੇ ਧਰਮ ਨਿਰਪੱਖ ਪੱਤਰਕਾਰਾਂ ਦਾ ਹੈ। ਆਪਾਂ ਸਿਰਫ਼ ਧਰਮ ਨਿਰਪੱਖ ਪੱਤਰਕਾਰਾਂ ਦੀ ਗੱਲ ਇਸ ਲਈ ਕਰ ਰਹੇ ਹਾਂ ਕਿਉਂ ਕਿ ਰਿਪਬਲਿਕ ਅਤੇ ਜੀ ਨਿਊਜ਼ ਵਰਗੇ ਅਦਾਰਿਆਂ ਅਤੇ ਪੱਤਰਕਾਰਾਂ ਦੀ ਘੱਟ ਗਿਣਤੀਆਂ ਦੇ ਵੱਲ ਪਹੁੰਚ ਬਹੁਤ ਸ਼ਪੱਸਟ ਹੈ ਅਤੇ ਉਹਨਾਂ ਦੁਆਰਾ

**ਬਾਕੀ ਸਫ਼ਾ 28 'ਤੇ**

# ਖੁਸ਼ਆਮਦੀਦ ਜਸਟਿਨ ਟਰੂਡੋ...

**ਹਰੀਸ਼ ਖਰੇ**

ਅਕਤੂਬਰ 2016 ਵਿੱਚ ਮੇਰੇ ਕੈਨੇਡਾ ਦੌਰੇ ਮੌਕੇ ਇੱਕ ਮਿੱਤਰ ਡਾ. ਪੀ.ਆਰ. ਕਾਲੀਆ ਨੇ ਮੈਨੂੰ ਦਿ ਆਈਡੀਆ ਆਫ ਕੈਨੇਡਾ' (ਕੈਨੇਡਾ ਦਾ ਸੰਕਲਪ) ਨਾਂ ਦੀ ਪੁਸਤਕ ਭੇਂਟ ਕੀਤੀ। ਭਾਰਤ ਦੇ ਸੰਕਲਪ ਵਾਲੀ ਸਾਡੀ ਪੂਰਵ ਧਾਰਨਾ ਦੇ ਮੱਦੇਨਜ਼ਰ ਇਸ ਪੁਸਤਕ ਦਾ ਸਿਰਲੇਖ ਭੁਲੇਖਾ ਪਾਉਣ ਵਾਲਾ ਸੀ। ਇਹ ਪੁਸਤਕ, ਜਿਵੇਂ ਕਿਵੇਂ, ਅਣਪੜ੍ਹੀ ਰਹੀ, ਪਰ ਹੁਣ ਇਹ ਮੈਨੂੰ ਮੱਲੋਜ਼ੋਰੀ ਇਸ ਕਰਕੇ ਪੜ੍ਹਨੀ ਪਈ ਕਿਉਂਕਿ ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਭਾਰਤ ਦੇ ਦੌਰੇ 'ਤੇ ਹਨ।

ਕੈਨੇਡਾ ਇੱਕ ਦਿਲਕਸ਼ ਮੁਲਕ ਹੈ ਜੋ ਤਕਰੀਬਨ ਆਪਣੇ ਗੁਆਂਢੀ ਮੁਲਕ ਅਮਰੀਕਾ ਜਿੰਨਾ ਹੀ ਵਿਸ਼ਾਲ ਹੈ, ਪਰ ਇਹ ਅਮਰੀਕੀ ਅੱਖੜਪੁਣੇ ਤੇ ਅਤਾਰਕਿਕਤਾ ਤੋਂ ਰਹਿਤ ਹੈ। ਹੌਲੀਵੁੱਡ ਦੀਆਂ ਫ਼ਿਲਮਾਂ ਸਦਕਾ ਅਸੀਂ ਸਾਰੇ ਅਮਰੀਕਾ ਅਤੇ ਇਸ ਦੇ ਸੱਭਿਆਚਾਰ ਬਾਰੇ ਕਾਫ਼ੀ ਕੁਝ ਜਾਣਦੇ ਹਾਂ। ਦੂਜੇ ਪਾਸੇ ਅਸੀਂ ਕੈਨੇਡਾ ਬਾਰੇ ਅਜੇ ਵੀ ਬਹੁਤਾ ਕੁਝ ਨਹੀਂ ਜਾਣਦੇ ਭਾਵੇਂ ਕਿ ਇਹ ਕਾਫ਼ੀ ਵੱਡੀ ਤਾਦਾਦ ਵਿੱਚ ਪਰਵਾਸੀ ਭਾਰਤੀਆਂ, ਖ਼ਾਸਕਰ ਪੰਜਾਬੀਆਂ ਦਾ ਬਸੇਰਾ ਹੈ।



ਦਿ ਆਈਡੀਆ ਆਫ ਕੈਨੇਡਾ' ਡੇਵਿਡ ਜੌਹਨਸਟਨ ਨੇ ਲਿਖੀ ਹੈ ਜੋ ਸੰਨ 2010 ਤੋਂ 2017 ਤਕ ਕੈਨੇਡਾ ਦੇ ਗਵਰਨਰ ਜਨਰਲ ਸਨ। ਗਵਰਨਰ ਜਨਰਲ ਦਾ ਅਹੁਦਾ ਪੂਰੀ ਤਰ੍ਹਾਂ ਰਸਮੀ ਹੈ ਕਿਉਂਕਿ ਕੈਨੇਡਾ ਵਿੱਚ ਲਾਗੂ ਵੈਸਟਮਿੰਸਟਰ ਮਾਡਲ ਮੁਤਾਬਿਕ ਸਾਰੀਆਂ ਸ਼ਕਤੀਆਂ ਚੁਣੇ ਗਏ ਪ੍ਰਧਾਨ ਮੰਤਰੀ ਕੋਲ ਹਨ।

ਪੁਸਤਕ ਬਾਰੇ ਇਹ ਗੱਲ ਦਿਲਖਿੱਚਵੀਂ ਹੈ ਕਿ ਡੇਵਿਡ ਜੌਹਨਸਟਨ ਨੇ ਉਨ੍ਹਾਂ ਖ਼ਤਾਂ ਰਾਹੀਂ ਕੈਨੇਡਾ ਦੇ ਸੰਕਲਪ ਦੀ ਵਿਆਖਿਆ ਕਰਨ ਕੋਸ਼ਿਸ਼ ਕੀਤੀ ਹੈ ਜੋ ਉਨ੍ਹਾਂ ਨੇ ਆਪਣੇ ਦੋਸਤਾਂ ਮਿੱਤਰਾਂ, ਪਰਿਵਾਰ ਅਤੇ ਅਜਨਬੀਆਂ ਨੂੰ ਲਿਖੇ। ਉਹ ਕੈਨੇਡੀਅਨ ਸਮਾਜ ਨੂੰ ਜਿਨ੍ਹਾਂ ਕਦਰਾਂ ਕੀਮਤਾਂ, ਰਵੱਈਆਂ ਅਤੇ ਵਿਸ਼ਵਾਸਾਂ ਦਾ ਹਾਮੀ ਸਮਝਦੇ ਹਨ, ਉਨ੍ਹਾਂ ਨੂੰ ਇਨ੍ਹਾਂ ਖ਼ਤਾਂ ਵਿੱਚ ਸ਼ਬਦਾਂ ਦੀ ਮਾਲਾ ਵਿੱਚ ਪਰੋਇਆ ਹੈ। ਇਸ ਪੁਸਤਕ ਦਾ ਫਾਰਮੈਟ ਜਵਾਹਰਲਾਲ ਨਹਿਰੂ ਦੀ ਇੱਕ ਪੁਸਤਕ ਦੀ ਯਾਦ ਦਿਵਾਉਂਦਾ ਹੈ ਜੋ ਬ੍ਰਿਟਿਸ਼ ਬਸਤੀਵਾਦੀ ਜੇਲ੍ਹ ਵਿੱਚੋਂ ਧੀ ਦੇ ਨਾਂ ਲਿਖੇ ਗਏ ਖ਼ਤਾਂ' ਵਜੋਂ ਪ੍ਰਸਿੱਧ ਚਿੱਠੀਆਂ ਦਾ ਸੰਗ੍ਰਹਿ ਹੈ। ਡੇਵਿਡ ਜੌਹਨਸਟਨ ਨੇ ਇਹ ਚਿੱਠੀਆਂ ਇਸ ਲਈ ਲਿਖੀਆਂ ਕਿਉਂਕਿ ਉਹ ਮੰਨਦੇ ਹਨ ਕਿ "ਕੈਨੇਡਾ ਖ਼ੁਦ ਇੱਕ ਸੰਕਲਪ ਹੈ ਜੋ ਪ੍ਰਗਟਾਵੇ ਦੇ ਯੋਗ ਹੈ ਅਤੇ ਜ਼ਹੀਨਤਾ ਦੀ ਮੰਗ ਕਰਦਾ ਹੈ।"

ਦਿ ਆਈਡੀਆ ਆਫ ਕੈਨੇਡਾ' ਨੇ ਮੈਨੂੰ ਜਸਟਿਨ ਟਰੂਡੋ ਦੀ ਪੁਸਤਕ 'ਕੌਮਨ ਗਰਾਊਂਡ- ਪੋਲਿਟੀਕਲ ਲਾਈਫ' (ਸਾਂਝਾ ਮੈਦਾਨ- ਸਿਆਸੀ ਜੀਵਨ) ਵੀ ਪੜ੍ਹਨ ਲਈ ਪ੍ਰੇਰਿਆ ਜੋ ਪਹਿਲੀ ਵਾਰ ਇੱਕ ਤਰ੍ਹਾਂ ਦੇ ਸਿਆਸੀ ਮਨੋਰਥ ਪੱਤਰ ਵਜੋਂ ਛਪੀ ਸੀ ਜਦੋਂ ਉਹ ਅਤੇ ਉਨ੍ਹਾਂ ਦੀ ਲਿਬਰਲ ਪਾਰਟੀ ਨੇ ਮਜ਼ਬੂਤੀ ਨਾਲ ਪੈਰ ਜਮਾਈ ਬੈਠੀ ਕੰਜ਼ਰਵੇਟਿਵ ਪਾਰਟੀ ਨੂੰ ਜੜ੍ਹੋਂ ਉਖਾੜਨ ਲਈ ਮੁਹਿੰਮ ਦੀ ਸ਼ੁਰੂਆਤ ਕੀਤੀ ਸੀ।

ਇਹ ਗੱਲ ਧਿਆਨ ਦੇਣ ਯੋਗ ਹੈ ਕਿ ਟਰੂਡੋ ਅਤੇ ਜੌਹਨਸਟਨ ਦੋਵਾਂ ਨੇ ਹੀ ਇੱਕੋ ਜਿਹੀਆਂ ਕਦਰਾਂ ਕੀਮਤਾਂ ਅਤੇ ਵਿਸ਼ਵਾਸਾਂ- ਬਹੁਸੱਭਿਆਚਾਰਵਾਦ, ਸਭ ਨੂੰ ਨਾਲ ਲੈ ਕੇ ਚੱਲਣ ਦੀ ਨੀਤੀ, ਖੁੱਲ੍ਹਾਪਣ, ਪਾਰਦਰਸ਼ਤਾ, ਲਿੰਗਕ ਸਮਾਨਤਾ ਅਤੇ ਕਾਨੂੰਨ ਦਾ ਰਾਜ- ਨੂੰ ਕੈਨੇਡਾ ਦੇ ਸੰਕਲਪ ਦੇ ਕੇਂਦਰ ਵਜੋਂ ਪਛਾਣਿਆ ਹੈ।

ਟਰੂਡੋ ਨੂੰ ਇਸ ਵਿੱਚ ਕੋਈ ਸ਼ੱਕ ਨਹੀਂ। ਉਹ ਲਿਖਦੇ ਹਨ: "ਵਿਭਿੰਨਤਾ ਦੀ ਤਾਕਤ ਨੂੰ ਪਛਾਣਨਾ ਕੇਂਦਰੀ ਕੈਨੇਡੀਅਨ ਵਿਸ਼ਵਾਸ ਹੈ ਅਤੇ ੩ ਕੈਨੇਡੀਅਨ ਜਾਣਦੇ ਹਨ ਕਿ ਆਪਣੇ ਮੁਲਕ ਦੀ ਵੰਨ-ਸੁਵੰਨਤਾ ਕਾਰਨ ਹੀ ਅਸੀਂ ਸੱਭਿਆਚਾਰਕ, ਸਿਆਸੀ ਅਤੇ ਆਰਥਿਕ ਤੌਰ 'ਤੇ ਮਜ਼ਬੂਤ ਹਾਂ। ਇਸ ਲਈ ਸਾਨੂੰ ਤੌਖ਼ਲੇ ਅਤੇ ਸ਼ੱਕ-ਸ਼ੁਬਹੇ ਲਾਜ਼ਮੀ ਦੂਰ ਕਰਨੇ ਚਾਹੀਦੇ ਹਨ।"

ਟਰੂਡੋ ਅਤੇ ਜੌਹਨਸਟਨ- ਦੋਵਾਂ ਦੀਆਂ ਪੁਸਤਕਾਂ ਪੜ੍ਹਨਾ ਆਨੰਦਦਾਇਕ ਹੈ। ਦੋਵੇਂ ਹੀ ਦਿਲਖਿੱਚਵੇਂ ਢੰਗ ਨਾਲ ਦਿਖਾਵੇ ਤੋਂ ਬੇਨਿਆਜ਼ ਹਨ। ਆਪਣੇ ਉੱਚੇ ਅਹੁਦਿਆਂ ਦੇ ਬਾਵਜੂਦ ਦੋਵਾਂ ਵਿੱਚੋਂ ਕੋਈ ਵੀ ਮੂੰਹ-ਫੁਲਿਆ ਨਹੀਂ ਹੈ। ਹੋਰ ਲੋਕਾਂ ਨਾਲ ਘੁਲਣ-ਮਿਲਣ ਵੇਲੇ ਦੋਵੇਂ ਹੀ ਸੰਤੁਲਿਤ, ਖੁੱਲ੍ਹੇ-ਖੁਲਾਸੇ ਅਤੇ ਸਹਿਜ ਪਹੁੰਚ ਵਾਲੇ ਵਿਅਕਤੀਆਂ ਵਜੋਂ ਸਾਹਮਣੇ ਆਉਂਦੇ ਹਨ। ਇਹ ਸਾਡੇ ਮੁਲਕ ਦੇ ਆਗੂਆਂ ਤੋਂ ਐਨ ਉਲਟ ਹਨ ਜੋ ਐੱਨਐੱਸਜੀ ਅਤੇ ਐੱਸਪੀਜੀ ਦੇ ਅੰਗ ਰੱਖਿਅਕਾਂ ਵਿੱਚ ਘਿਰੇ ਰਹਿੰਦੇ ਹਨ। ਲੋਕਾਂ ਨਾਲ ਜੁੜਨ ਦਾ ਸਲੀਕਾ ਟਰੂਡੋ ਦੀ ਸ਼ਖ਼ਸੀਅਤ ਦਾ ਸੁਭਾਵਿਕ ਹਿੱਸਾ ਹੈ ਜਦੋਂਕਿ ਗਵਰਨਰ ਜਨਰਲ ਨੇ ਵਿੱਦਿਅਕ ਪ੍ਰਸ਼ਾਸਕ ਹੁੰਦਿਆਂ ਨੌਜਵਾਨ ਮਨਾਂ ਨਾਲ ਸੰਵਾਦ ਰਚਾਉਣ ਦਾ ਗੁਣ ਆਪਣੇ ਆਪ ਵਿੱਚ ਵਿਕਸਿਤ ਕੀਤਾ ਹੈ। ਇਨ੍ਹਾਂ ਦੋ ਪੁਸਤਕਾਂ ਨੂੰ ਪੜ੍ਹ ਕੇ ਇਹ ਪਤਾ ਲੱਗਦਾ ਹੈ ਕਿ ਗਰਮਖਿਆਲੀ ਸਮਝੇ ਜਾਂਦੇ ਸਿੱਖਾਂ ਦੀ ਭੂਮਿਕਾ ਪ੍ਰਤੀ ਭਾਰਤ ਅਤੇ ਕੈਨੇਡਾ ਦੀਆਂ ਧਾਰਨਾਵਾਂ ਕਿਵੇਂ ਵੱਖੋ ਵੱਖਰੀਆਂ ਹਨ।

ਕੈਨੇਡਾ ਦਾ ਸਿਆਸੀ ਸੱਭਿਆਚਾਰ ਬੇਹੱਦ ਵਿਭਿੰਨਤਾ ਵਿੱਚ ਪ੍ਰਫੁੱਲਿਤ ਹੋ ਰਿਹਾ ਹੈ। ਇਸ ਨੂੰ ਕੈਨੇਡਾ ਵਿਚਲੇ ਸਿੱਖਾਂ ਵੱਲੋਂ ਆਪਣੇ ਵਿਚਾਰ ਪ੍ਰਗਟਾਏ ਜਾਣ ਤੋਂ ਕੋਈ ਖ਼ਾਸ ਇਤਰਾਜ਼ ਨਹੀਂ ਹੈ ਜਦੋਂਕਿ ਭਾਰਤੀ, ਸੁਭਾਵਿਕ ਹੀ, ਇਸ ਨੂੰ ਖ਼ਤਰੇ ਦੀ ਘੰਟੀ ਸਮਝਦੇ ਹਨ। ਜਿੰਨਾ ਚਿਰ ਕੋਈ ਹਿੰਸਾ ਜਾਂ ਨਫ਼ਰਤ ਦਾ ਪ੍ਰਚਾਰ ਨਹੀਂ ਕਰਦਾ ਓਨਾ ਚਿਰ ਕੈਨੇਡੀਅਨ ਸਿਆਸੀ ਮੁਹਾਵਰਾ ਉਲਝਦਾ ਨਹੀਂ ਕਿਉਂਕਿ ਉੱਥੇ ਇੱਕ ਤਰ੍ਹਾਂ ਦਾ ਰਾਸ਼ਟਰੀ ਆਤਮ-ਵਿਸ਼ਵਾਸ ਹੈ। ਦੂਜੇ ਪਾਸੇ ਅਸੀਂ ਭਾਰਤੀ ਕੁਝ ਜ਼ਿਆਦਾ ਹੀ ਕਮਜ਼ੋਰ ਹਾਂ ਅਤੇ ਦਿਨ-ਬ-ਦਿਨ ਸਾਨੂੰ ਹੋਰ ਵੀ ਨਿਤਾਣੇ ਮਹਿਸੂਸ ਕਰਵਾਇਆ ਜਾ ਰਿਹਾ ਹੈ।

ਚੇਤੇ ਰਹੇ, ਇਹ ਸਿਰਫ਼ ਤਿੰਨ ਦਹਾਕੇ ਪਹਿਲਾਂ ਦੀ ਗੱਲ ਹੈ ਕਿ ਕਈ ਕੈਨੇਡੀਅਨ ਨਾਗਰਿਕ ਅਲਹਿਦਗੀ ਦੇ ਵਿਚਾਰ ਵਿੱਚ ਦਿਲਚਸਪੀ ਲੈ ਰਹੇ ਸਨ। ਹੁਣ ਅਜਿਹੀ ਕੋਈ ਗੱਲ ਨਹੀਂ। ਇਹ ਰਾਸ਼ਟਰੀ ਆਤਮ-ਵਿਸ਼ਵਾਸ ਦੇ ਅਨੂਠੇ ਸਫ਼ਰ ਦੀ ਮਿਸਾਲ ਹੈ ਅਤੇ ਯੁਵਾ ਤੇ ਖੁਸ਼ਬਾਸ਼ ਪ੍ਰਧਾਨ ਮੰਤਰੀ ਇਸ ਰਾਸ਼ਟਰੀ ਰੌਂਅ ਦਾ ਪ੍ਰਤੀਕ ਹੈ।

## 'ਕੈਨੇਡਾ, ਭਾਰਤ ਨਾਲ ਕੀਤੀ ਹਵਾਲਗੀ ਸੰਧੀ ਰੱਦ ਕਰੇ'

### *ਸਿੱਖ ਅਧਿਕਾਰ ਸੰਸਥਾ ਵਲੋਂ ਪ੍ਰਧਾਨ ਮੰਤਰੀ ਟਰੂਡੋ ਨੂੰ ਅਪੀਲ*

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ:**
ਸਿੱਖਸ ਫਾਰ ਜਸਟਿਸ ਨੇ ਇਨ੍ਹੀਂ ਭਾਰਤ ਦੇ ਦੌਰੇ ਉੱਤੇ ਪੁੱਜੇ ਕਨੇਡੀਆਈ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਅਪੀਲ ਕੀਤੀ ਹੈ ਕਿ ਕਨੇਡਾ ਭਾਰਤ ਨਾਲ ਕੀਤੀ ਹਵਾਲਗੀ ਸੰਧੀ ਨੂੰ ਰੱਦ ਕਰੇ। ਭਾਰਤ ਸਰਕਾਰ ਵਲੋਂ ਵਲੋਂ ਸਿੱਖ ਵੱਖਵਾਦੀਆਂ 'ਤੇ ਕੀਤੇ ਜਾਂਦੇ ਤਸ਼ੱਦਦ ਦਾ ਜ਼ਿਕਰ ਕਰਦਿਆਂ ਅਤੇ ਭਾਰਤੀ ਪੁਲਿਸ ਅਧਿਕਾਰੀਆਂ ਵਲੋਂ ਕੈਨੇਡੀਅਨ ਮੰਤਰੀ ਅਮਰਜੀਤ ਸੋਹੀ ਉੱਤੇ ਦੋ ਦਹਾਕੇ ਪਹਿਲਾਂ ਕੀਤੇ ਤਸ਼ੱਦਦ ਦਾ ਹਵਾਲਾ ਦਿੰਦਿਆਂ ਮਨੁੱਖੀ ਅਧਿਕਾਰ ਸੰਸਥਾ ਸਿਖਸ ਫਾਰ ਜਸਟਿਸ ਨੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਅਪੀਲ ਕੀਤੀ ਹੈ ਕਿ ਭਾਰਤ ਨਾਲ ਹਵਾਲਗੀ ਸੰਧੀ ਤੋਂ ਕੈਨੇਡਾ ਨੂੰ ਤੁਰੰਤ ਪਿਛੇ ਹਟਾ ਲਵੇ ਜਦੋਂ ਤੱਕ ਮੋਦੀ ਸਰਕਾਰ ਤਸ਼ਦਦ ਖਿਲਾਫ ਯੂ ਐਨ ਕਨਵੈਨਸ਼ਨ ਦੀ ਪੁਸ਼ਟੀ ਨਹੀਂ ਕਰਦੀ। ਦਸਣਯੋਗ ਹੈ ਕਿ ਜਸਟਿਨ ਟਰੂਡੋ 17 ਤੋਂ 23 ਫਰਵਰੀ ਤੱਕ ਇੱਕ ਹਫਤੇ ਦੇ ਦੌਰੇ 'ਤੇ ਸ਼ਨਿਚਰਵਾਰ ਨੂੰ ਭਾਰਤ ਪੁੱਜ ਚੁਕੇ ਹਨ ਜਿਸ ਦੌਰਾਨ ਕਈ ਆਪਸੀ ਸਮਝੌਤੇ ਕੀਤੇ ਜਾਣ ਦੀ ਸੰਭਾਵਨਾ ਹੈ।

ਸਿਖ ਅਧਿਕਾਰ ਸੰਸਥਾ ਨੇ ਬੀਤੀ 13 ਫਰਵਰੀ ਨੂੰ ਲਿਖੇ ਪੱਤਰ ਵਿਚ ਮੰਗ ਕੀਤੀ ਹੈ ਕਿ ਪ੍ਰਧਾਨ ਮੰਤਰੀ ਟਰੂਡੋ ਭਾਰਤ ਕੋਲ ਇਹ ਮੁੱਦਾ ਉਠਾਏ ਕਿ ਉਹ ਤਸ਼ਦਦ ਅਤੇ ਹੋਰ ਜਾਲਮਾਨਾ, ਗੈਰ ਮਨੁੱਖੀ ਜਾਂ ਘਟੀਆ ਵਤੀਰੇ ਜਾਂ ਸਜ਼ਾ (ਸੀ ਏ ਟੀ) ਖਿਲਾਫ ਕਨਵੈਨਸ਼ਨ 'ਤੇ ਦਸਤਖਤ ਕਰਨ ਵਿਚ ਨਾਕਾਮ ਰਿਹਾ ਹੈ ਅਤੇ ਉਸ ਨੂੰ ਦਸਿਆ ਜਾਵੇ ਕਿ ਭਾਰਤ ਨਾਲ ਕੈਨੇਡਾ ਦੇ ਹਵਾਲਗੀ ਸਬੰਧਾਂ ਨੂੰ ਜਾਰੀ ਰੱਖਣ ਲਈ ਇਕੋ ਇਕ ਸ਼ਰਤ ਹੈ ਸੀ ਏ ਟੀ 'ਤੇ ਪੁਸ਼ਟੀ ਕਰਨੀ। ਪ੍ਰਧਾਨ ਮੰਤਰੀ ਨਾਲ ਭਾਰਤ ਦੌਰੇ 'ਤੇ ਗਏ ਬੁਨਿਆਦੀ ਢਾਂਚਾ ਅਤੇ ਭਾਈਚਾਰਿਆਂ ਬਾਰੇ ਮੰਤਰੀ ਅਮਰਜੀਤ ਸੋਹੀ ਨੂੰ ਸੰਨ 1988 ਵਿਚ ਭਾਰਤੀ ਪੁਲਿਸ ਅਧਿਕਾਰੀਆਂ ਹੱਥੋਂ ਤਸ਼ਦਦ ਦਾ ਸਾਹਮਣਾ ਕਰਨਾ ਪਿਆ ਸੀ ਜਦੋਂ ਉਨਾਂ ਨੇ ਜ਼ਮੀਨ ਸੁਧਾਰ ਪ੍ਰਦਰਸ਼ਨ ਵਿਚ ਸ਼ਮੂਲੀਅਤ ਕੀਤੀ ਸੀ। ਮੰਤਰੀ ਦੇ ਆਪਣੇ ਸ਼ਬਦਾਂ ਵਿਚ, "ਜਦੋਂ ਉਨਾਂ ਨੇ ਮੈਨੂੰ ਵੇਖਿਆ ਇਕ ਸਿਖ ਹੈ ਜੋ ਕਿ ਪੰਜਾਬ ਅਤੇ ਕੈਨੇਡਾ ਤੋਂ ਹੈ ਤਾਂ ਉਨਾਂ ਨੇ ਕਿਹਾ ਇਹ ਅੱਤਵਾਦੀ ਇਥੇ ਕਿਵੇ ਹੈ"।

ਵਰਨਣਯੋਗ ਹੈ ਕਿ ਫਰਵਰੀ 1987 ਵਿਚ ਸੀ ਏ ਟੀ ਦੇ ਅਮਲ ਵਿਚ ਆਉਣ ਤੋਂ ਪਹਿਲਾਂ ਕੈਨੇਡਾ ਅਤੇ ਭਾਰਤ ਨੇ ਆਪਸੀ ਹਵਾਲਗੀ ਸੰਧੀ 'ਤੇ ਦਸਤਖਤ ਕੀਤੇ ਸਨ। ਇਸ ਸੰਧੀ ਤਹਿਤ ਦੋਵੇਂ ਦੇਸ਼ ਇਕ ਦੂਜੇ ਦੀ ਬੇਨਤੀ 'ਤੇ ਦੋਸ਼ੀ ਵਿਅਕਤੀ ਨੂੰ ਇਕ ਦੂਜੇ ਦੇ ਹਵਾਲੇ ਕਰਨ ਲਈ ਪਾਬੰਦ ਹਨ। ਕੈਨੇਡਾ ਨੇ 51 ਦੇਸ਼ਾਂ ਨਾਲ ਆਪਸੀ ਹਵਾਲਗੀ ਸੰਧੀਆਂ ਕੀਤੀਆਂ ਹੋਈਆਂ ਹਨ। ਭਾਰਤ ਅਤੇ ਹੈਤੀ ਦੋ ਅਜਿਹੇ ਦੇਸ਼ ਹਨ ਜੋ ਕਿ ਸੀ ਏ ਟੀ ਦਾ ਹਿੱਸਾ ਨਹੀਂ ਹਨ।

ਕੈਨੇਡੀਅਨ ਅਦਾਲਤਾਂ ਵਿਚ ਚਲਦੇ ਕੇਸਾਂ ਦਾ ਹਵਾਲਾ ਦਿੰਦਿਆਂ ਸਿਖਸ ਫਾਰ ਜਸਟਿਸ ਵਲੋਂ ਪ੍ਰਧਾਨ ਮੰਤਰੀ, ਨਿਆਂ ਮੰਤਰੀ ਅਤੇ ਕੈਨੇਡਾ ਦੇ ਅਟਾਰਨੀ ਜਨਰਲ ਨੂੰ ਲਿੱਖ ਪੱਤਰ ਵਿਚ ਭਾਰਤ ਨਾਲ ਹਵਾਲਗੀ ਸੰਧੀ ਵਾਪਸ ਲੈਣ ਦੀ ਮੰਗ ਨੂੰ ਉਚਿਤ ਕਰਾਰਿਆ ਗਿਆ ਹੈ। ਮਨੁੱਖੀ ਅਧਿਕਾਰਾਂ ਬਾਰੇ ਵਕੀਲ ਅਤੇ ਸਿਖਸ ਫਾਰ ਜਸਟਿਸ ਦੀ ਤਰਫੋਂ ਕੰਮ ਕਰਦੇ ਕਾਨੂੰਨੀ ਸਲਾਹਕਾਰ ਅਟਾਰਨੀ ਗੁਰਪਤਵੰਤ ਸਿੰਘ ਪੰਨੂ ਨੇ ਕਿਹਾ ਕਿ ਪਿਛਲੇ 3 ਦਹਾਕਿਆਂ ਤੋਂ ਭਾਰਤ ਦੀਆਂ ਸਮੇਂ ਸਮੇਂ ਦੀਆਂ ਸਰਕਾਰਾਂ ਵਲੋਂ ਸਿਖ ਰਾਸ਼ਟਰਵਾਦੀਆਂ ਨੂੰ ਗੈਰ ਕਾਨੂੰਨੀ ਹਿਰਾਸਤ ਵਿਚ ਰਖਿਆ ਅਤੇ ਤਸ਼ਦਦ ਕੀਤਾ ਜਾਂਦਾ ਰਿਹਾ ਹੈ। ਉਨਾਂ ਕਿਹਾ ਕਿ ਹੁਣ ਸਮਾਂ ਹੈ ਕਿ ਪ੍ਰਧਾਨ ਮੰਤਰੀ ਟਰੂਡੋ ਯੂ ਐਨ ਕਨਵੈਨਸ਼ਨ ਦੀ ਪਾਲਣਾ ਕਰਨ ਵਿਚ ਨਾਕਾਮ ਰਹਿਣ ਲਈ ਭਾਰਤ ਨੂੰ ਜਵਾਬਦੇਹ ਠਹਿਰਾਉਣਾ ਚਾਹੀਦਾ ਹੈ ਅਤੇ ਕੈਨੇਡੀਅਨ ਕਦਰਾਂ ਕੀਮਤਾਂ ਨੂੰ ਬਰਕਰਾਰ ਰਖਣਾ ਚਾਹੀਦਾ ਹੈ। ਪੰਨੂ ਦਾ ਕਹਿਣਾ ਹੈ ਕਿ ਅਜਿਹੀ ਕੋਈ ਕਾਨੂੰਨੀ ਮਦ ਨਹੀਂ ਹੈ ਕਿ ਕੈਨੇਡਾ ਕੈਨੇਡੀਅਨ ਨਾਗਰਿਕਾਂ ਸਮੇਤ ਹੋਰ ਵਿਅਕਤੀਆਂ ਨੂੰ ਭਾਰਤ ਵਰਗੇ ਦੇਸ਼ ਦੇ ਹਵਾਲੇ ਕਰਨ ਲਈ ਪਾਬੰਦ ਹੈ ਜੋ ਕਿ ਤਸ਼ਦਦ ਅਤੇ ਗੈਰ ਮਨੁੱਖੀ ਵਤੀਰੇ ਸਬੰਧੀ ਕੌਮਾਂਤਰੀ ਭਾਈਚਾਰੇ ਦੇ ਮੁਢਲੇ ਨਿਯਮਾਂ ਨੂੰ ਮੰਨਣ ਤੋਂ ਇਨਕਾਰੀ ਹੈ।

# ਡੂੰਘੀ ਅੰਤਰ ਦ੍ਰਿਸ਼ਟੀ ਵਾਲਾ ਮਹਾਂਕਵੀ ਹਰਿੰਦਰ ਸਿੰਘ ਮਹਿਬੂਬ



**ਮਹਿਬੂਬ ਨੂੰ ਵੱਡੀ ਹੈਰਾਨੀ ਹੁੰਦੀ ਸੀ ਜਦੋਂ ਕਿ ਇਤਿਹਾਸ ਨੂੰ ਅਨੁਭਵ ਦੀ ਵਿਸ਼ਾਲਤਾ' ਨਾਲ ਵੇਖਣ ਦੀ ਯੋਗਤਾ ਰੱਖਣ ਵਾਲਾ ਕਈ ਕਵੀ (ਮਸਲਨ ਰਬਿੰਦਰਨਾਥ ਟੈਗੋਰ) ਇਤਿਹਾਸਕ ਤੱਥਾਂ ਨੂੰ ਗ਼ਲਤ ਸਮਝ ਕੇ ਕਿਸੇ ਸਮੁੱਚੀ ਕੌਮ ਦੀਆਂ ਸੁੱਚੀਆਂ ਕਦਰਾਂ-ਕੀਮਤਾਂ ਨੂੰ ਗ਼ਲਤ ਰੰਗਣ ਵਿੱਚ ਪੇਸ਼ ਕਰਦਾ ਸੀ। ਮਹਿਬੂਬ ਨੂੰ ਆਪਣੇ ਸੁੱਚੇ ਜਜ਼ਬਿਆਂ ਅਤੇ ਪਾਕ ਵਲਵਲਿਆਂ ਦੇ ਆਸਰੇ ਮਾਤਰ ਸਦਕਾ ਹੀ ਕਈ ਕੌਮਾਂ, ਧਰਮਾਂ ਦੇ ਇਤਿਹਾਸ ਦਾ ਡੂੰਘਾ ਗਿਆਨ ਹੋ ਗਿਆ ਸੀ। ਬੁੱਧ ਧਰਮ ਨੂੰ ਓਸਨੇ ਅੰਤਮ ਧਰਵਾਸ ਤੋਂ ਸੱਖਣਾ ਅਤੇ ਨੀਰਸ ਪਾਇਆ,ਇਵੇਂ ਹੀ ਅਥਾਹ ਜੋਸ਼ ਕਾਰਣ ਕੁਰਾਨ ਦੇ ਡੂੰਘੇ ਅਰਥਾਂ ਤੋਂ ਇਸਲਾਮ ਦੇ ਰਿਸ਼ਤੇ ਵਿੱਚ ਤਰੇੜਾਂ ਆਉਂਦੀਆਂ ਵੇਖੀਆਂ ਜੋ ਅੱਜ ਜੱਗ ਜ਼ਾਹਰ ਹੋ ਚੁੱਕੀਆਂ ਹਨ; ਸਿੱਖ ਧਰਮ ਦੀ ਆਦਿ-ਸੁਹਿਰਦਤਾ ਅਤੇ ਸਰਬਸਾਂਝੀ ਹੂਕ ਦੇ ਆਧਾਰ ਉੱਤੇ ਆਪਣੇ-ਆਪ ਨੂੰ ਤੱਥਾਂ ਦਾ ਮੁਲਾਂਕਣ ਕਰਕੇ ਇਤਿਹਾਸ ਦਾ ਨਿਰੂਪਣ ਕਰਦੇ ਪਾਇਆ।**

**ਗੁਰਤੇਜ ਸਿੰਘ** (ਸਾਬਕਾ ਆਈ ਏ ਐੱਸ)

ਸਿੱਖ ਵਿਚਾਰਵਾਨਾਂ, ਨੇਤਾਵਾਂ, ਧਾਰਮਕ ਸ਼ਖ਼ਸੀਅਤਾਂ ਅਤੇ ਸਮਾਜ ਦੇ ਸਿਰਕੱਢ ਵਿਅਕਤੀਆਂ ਦਾ 1947 ਤੋਂ ਬਾਅਦ ਆਮ ਵਰਤਾਰਾ ਬਣ ਗਿਆ ਹੈ ਕਿ ਉਹ ਆਪਣੇ-ਆਪ



ਨੂੰ ਨਿਰੋਲ ਧਾਰਮਕ ਜਾਂ ਗ਼ੈਰ-ਸਿਆਸੀ ਆਖ ਕੇ ਕੌਮੀ ਹੋਣੀ ਬਾਰੇ ਫ਼ਿਕਰਮੰਦ ਹੋਣ ਤੋਂ ਨਜਾਤ ਪ੍ਰਾਪਤ ਕਰ ਲੈਂਦੇ ਹਨ। ਇਹ ਬਦਲੇ ਹੋਏ ਸਿਆਸੀ ਹਾਲਾਤ ਦੀ ਇੱਕ ਪ੍ਰਮੁੱਖ ਅਲਾਮਤ ਹੈ। ਮਾਸਟਰ ਤਾਰਾ ਸਿੰਘ ਆਖ਼ਰੀ ਅਹਿਮ ਸਿਆਸਤਦਾਨ ਸੀ ਜਿਸ ਉੱਤੇ ਬਹੁਗਿਣਤੀ ਸਿਆਸਤ ਨੇ ਬੜਾ ਦਬਾਅ ਪਾਇਆ ਕਿ ਉਹ ਨਵੇਂ ਮਾਹੌਲ ਵਿੱਚ 'ਸੌੜੀ, ਫ਼ਿਰਕੂ' ਸਿੱਖ ਸਿਆਸਤ ਨੂੰ ਤਿਆਗ ਕੇ ਵੱਡੇ ਹਿੰਦੀ ਲੋਕਤੰਤਰ ਦੇ ਸਾਗਰ ਵਿੱਚ ਸਮਾ ਜਾਣ। ਉਹ ਇੱਕ ਵਾਰ ਤਾਂ ਝਉਂ ਗਏ ਪਰੰਤੂ ਬਹੁਗਿਣਤੀ ਦੇ ਰਵੱਈਏ ਨੂੰ ਵੇਖ ਕੇ ਫ਼ੇਰ ਸੰਭਲ ਗਏ ਅਤੇ ਅੰਤ ਤੱਕ ਬਾਗ਼ੀਆਨਾ ਸੁਰ ਅਲਾਪਦੇ ਰਹੇ।

ਓਪਰੀ ਨਜ਼ਰੇ ਤਾਂ ਬਹੁਗਿਣਤੀ ਦੀ ਇਹ ਮੰਗ ਅਜੋਕੇ ਸੰਸਾਰ ਦੀ ਸਿਆਸੀ ਗਤੀ ਅਨੁਸਾਰ ਹੀ ਹੈ। ਜਿਸ ਮੁਲਕ ਵਿੱਚ ਲਿਖਤੀ ਸੰਵਿਧਾਨ ਹੋਵੇ, ਸਾਂਝੇ ਕਾਨੂੰਨ ਹੋਣ, ਆਜ਼ਾਦ ਮੀਡੀਆ ਅਤੇ ਨਿਰਪੱਖ ਨਿਆਂਪਾਲਿਕਾ ਆਦਿ ਹੋਣ ਓਥੇ ਤੰਗ ਖੇਤਰੀ ਜਾਂ ਫ਼ਿਰਕੇਦਾਰਾਨਾ ਸੋਚ, ਸੌੜੇ ਸਰੋਕਾਰ ਇਤਿਆਦਿ ਲਈ ਬਿਲਕੁਲ ਥਾਂ ਨਹੀਂ ਹੋਣੀ ਚਾਹੀਦੀ। ਪਰੰਤੂ ਹਿੰਦੋਸਤਾਨ ਵਿੱਚ ਚੁਫ਼ੇਰੇ ਪਸਰੀ ਅਸ਼ਾਂਤੀ ਅਤੇ ਆਪਣੀ ਅਖਵਾਉਂਦੀ ਸਰਕਾਰ ਵੱਲੋਂ ਸੰਨ 1947 ਤੋਂ ਬਾਅਦ ਲੱਖਾਂ ਲੋਕਾਂ ਦੀ ਲਈ ਬਲੀ ਦੱਸਦੀ ਹੈ ਕਿ ਏਥੇ ਸਭ ਅੱਛਾ ਨਹੀਂ।

ਜੇ ਗਹੁ ਨਾਲ ਹਿੰਦ ਦੇ ਇਤਿਹਾਸ ਅਤੇ ਏਥੋਂ ਦੀ ਸਿਆਸੀ ਗਤੀ ਦੀ ਪੜਚੋਲ ਕਰੀਏ ਤਾਂ ਜਾਣਾਂਗੇ ਕਿ ਯੂਰਪੀਨ ਦੇਸ਼ਾਂ ਤੋਂ ਉਲਟ ਹਿੰਦੋਸਤਾਨ ਮੁੱਢਲੇ ਤੌਰ 'ਤੇ ਇੱਕ ਕੌਮੀਅਤ ਦਾ ਮੁਲਕ ਨਹੀਂ। ਏਸ ਵਿੱਚ ਅਨੇਕਾਂ ਕੌਮਾਂ ਵਸਦੀਆਂ ਹਨ ਜਿਨ੍ਹਾਂ ਸਭਨਾਂ ਦੇ ਡੂੰਘੇ ਮੱਤਭੇਦ ਵੀ ਹਨ। ਏਸ ਤੋਂ ਇਲਾਵਾ ਸਦੀਆਂ ਪੁਰਾਣੇ ਜਾਤ-ਪਾਤ ਦੇ ਵਿਤਕਰਿਆਂ ਨੂੰ ਧਰਮ ਜਾਣਨ ਸਦਕਾ ਹਿੰਦ ਦੀ ਰੂਹ ਆਧੁਨਿਕ ਲੋਕਤੰਤਰ ਦੇ ਸੁੱਚੇ ਭਾਵ ਤੋਂ ਅਣਭਿੱਜ ਰਹਿ ਜਾਂਦੀ ਹੈ। ਉਹ ਲੋਕਤੰਤਰ ਦੇ ਸਾਜ਼-ਬਾਜ਼ ਨੂੰ ਨਕਲੀ ਗਹਿਣਿਆਂ ਵਾਂਗ ਲਿਸ਼ਕਾ ਕੇ ਧਾਰਣ ਤਾਂ ਕਰਦੀ ਹੈ ਪਰ ਉਹਨਾਂ ਨੂੰ ਓਪਰੇ ਜਾਣ ਕੇ ਦਿਲੋਂ-ਮਨੋਂ ਸਵਿਕਾਰ ਕਰਨ ਨੂੰ ਤਿਆਰ ਨਹੀਂ; ਨਾ ਹੀ ਹਿੰਦੋਸਤਾਨ ਦੇ ਸਮਾਜਕ ਅਤੇ ਸਿਆਸੀ ਜੀਵਨ ਵਿੱਚ ਲੋਕਤੰਤਰ ਦੀਆਂ ਕਦਰਾਂ-ਕੀਮਤਾਂ ਵਿੱਚੋਂ ਸੁਤੇ ਸਿਧ ਪੈਦਾ ਹੋਈਆਂ ਉਦਾਰਚਿਤ, ਨਿਆਂਇਕ ਧਾਰਨਾਵਾਂ ਨੂੰ ਆਪਣਾ ਬਣਦਾ ਸਥਾਨ ਦੇਣ ਲਈ ਤਿਆਰ ਹੈ। ਸਦੀਆਂ ਤੋਂ ਹਿੰਸਾ ਰਾਹੀਂ ਦੂਜੀਆਂ ਸਮਝੀਆਂ ਜਾਂਦੀਆਂ ਸਮਾਜਕ ਇਕਾਈਆਂ ਨੂੰ ਦਬਾ ਕੇ ਰੱਖਣ ਦਾ ਕਰਮ ਵੀ ਲੋਕਤੰਤਰ ਦੀ ਸਹੀ ਆਤਮਾ ਨੂੰ ਆਪਣਾ ਬਣਦਾ ਸਥਾਨ ਦੇਣ ਲਈ ਤਿਆਰ ਨਹੀਂ। ਏਸ ਤੋਂ ਵੱਧ ਵਿਸਥਾਰ ਦੀ ਏਥੇ ਸੰਭਾਵਨਾ ਨਹੀਂ।

ਟਾਵੇਂ-ਟਾਵੇਂ ਗੰਭੀਰ ਚਿੰਤਕਾਂ ਨੂੰ ਛੱਡ ਕੇ ਬਾਕੀ ਸਭ ਆਪਣੇ ਅਜੋਕੇ ਸਟੇਟ ਵੱਲੋਂ ਪ੍ਰਚਾਰੀ ਜਾਂਦੀ ਧਾਰਨਾ ਨੂੰ ਪਰਮਸੱਤ ਜਾਂ ਇਲਾਹੀ ਆਕਾਸ਼ਵਾਣੀ ਸਮਝ ਕੇ ਪ੍ਰਵਾਨ ਕਰ ਚੁੱਕੇ ਹਨ। ਚੰਦ ਡੂੰਘੇ ਦਾਨਿਸ਼ਵਰ ਹੀ ਹਨ ਜਿਹੜੇ ਸਹੀ ਨਿਰਣਾ ਲੈ ਕੇ ਰੱਬ ਵੱਲੋਂ ਬਖ਼ਸ਼ੀ ਸੋਚਣ-ਸ਼ਕਤੀ ਦਾ ਅਪਮਾਨ ਨਹੀਂ ਕਰਦੇ ਅਤੇ ਨਾ ਹੀ ਸਮਾਜ ਅਤੇ ਸੱਚ ਨੂੰ ਨਿਰਾਸ਼ ਕਰਦੇ ਹਨ। ਹਰਿੰਦਰ ਸਿੰਘ ਮਹਿਬੂਬ ਏਸ ਗਹਿਰ-ਗੰਭੀਰ ਸਮੱਸਿਆ ਤੋਂ ਕੇਵਲ ਵਾਕਫ਼ ਹੀ ਨਹੀਂ ਬਲਕਿ ਓਸਦੇ ਲਿਖਣ ਦਾ ਵੱਡਾ (ਅਤੇ ਸ਼ਾਇਦ ਇੱਕੋ-ਇੱਕ) ਪ੍ਰੇਰਨਾ-ਸ੍ਰੋਤ ਏਹੋ ਸੱਚ ਹੀ ਹੈ। ਏਹੋ ਅਲਬੇਲਾਪਨ ਸ਼ਹਾਦਤ ਦੇ ਰਾਹ ਉੱਤੇ ਚੱਲਦੇ ਪਵਿੱਤਰ-ਆਤਮਾ ਮਹਿਬੂਬ ਨੂੰ ਸੱਤਵੇਤਾ, ਤੱਤਵੇਤਾ ਸਥਾਪਤ ਕਰਨ ਵਿੱਚ ਸਭ ਤੋਂ ਉੱਤਮ ਤਰਕ ਹੋ ਨਿੱਬੜਦਾ ਹੈ। ਨਿਰਭੈ ਹੋ ਕੇ ਓਸ ਨੇ ਆਪਣੀ ਜ਼ਮੀਰ ਦੀ ਆਵਾਜ਼ ਸੁਣੀ ਅਤੇ ਬੜੀ ਸ਼ਿੱਦਤ ਨਾਲ ਸਮੇਂ ਦੀ ਲੋੜ ਅਨੁਸਾਰ ਆਪਣੀ ਕਲਮ ਨੂੰ ਤਰਾਸ਼ਿਆ।

ਓਸਦੇ ਬੌਣੇ ਸਮਕਾਲੀਆਂ, ਜਿਨ੍ਹਾਂ ਵਿੱਚ ਸਥਾਪਤੀ ਦੇ ਰੋਅਬ ਹੇਠ ਪ੍ਰਚਾਰੀ ਜਾਂਦੀ ਧਾਰਨਾ ਨੂੰ ਅਪਣਾ ਚੁੱਕੇ ਓਸਦੇ ਕਈ ਪੁਰਾਣੇ ਦੋਸਤ ਵੀ ਸਨ, ਨੇ ਉਹਨਾਂ ਪ੍ਰਤੀ ਅਨੇਕਾਂ ਢਾਊ ਵਿਚਾਰਾਂ ਨੂੰ ਪ੍ਰਚੱਲਤ ਕਰਨ ਦੀ ਕੋਸ਼ਿਸ਼ ਕੀਤੀ। ਕਈ ਉੱਪਰਲੀ ਸਤਹ ਦੇ ਗਿਆਨੀਆਂ ਨੇ ਨਾਸਮਝੀ ਵਿੱਚ ਏਹੋ ਕਰਮ ਕੀਤਾ ਪਰੰਤੂ ਸਾਰੇ ਮਿਲਕੇ ਵੀ ਓਸ ਦੀ ਵਿਦਵਤਾ, ਧਰਮ ਅਤੇ ਫ਼ਲਸਫ਼ੇ ਦੀ ਡੂੰਘੀ ਰਮਜ਼ ਅਤੇ ਇਤਿਹਾਸ ਦੀਆਂ ਬਾਰੀਕ ਅਨੁਭਵੀ ਤੰਦਾਂ ਦੇ ਤਾਣੇ-ਪੇਟੇ ਦਾ ਸਹੀ ਮੁਲਾਂਕਣ ਕਰਨ ਦੀ ਅਦਭੁੱਤ ਸ਼ਕਤੀ ਨੂੰ ਵੰਗਾਰ ਨਾ ਸਕੇ। ਇਤਿਹਾਸ ਦੇ ਆਮ ਵਿਦਿਆਰਥੀਆਂ ਨੂੰ ਅਨੇਕਾਂ ਹਨੇਰੇ ਖੂੰਜੇ ਟਟੋਲ ਕੇ ਇਤਿਹਾਸਕ ਤੱਥ ਇੱਕਸਾਰ ਕਰਨੇ ਪੈਂਦੇ ਹਨ ਅਤੇ ਇਹਨਾਂ ਦੇ ਆਪਸੀ ਰਿਸ਼ਤਿਆਂ ਨੂੰ ਸਥਾਪਤ ਕਰਕੇ ਝਕਦੇ-ਝਕਦੇ ਇਤਿਹਾਸਕ ਵਰਤਾਰੇ ਦੀ ਕੋਈ ਸੰਭਾਵੀ ਰੂਪ-ਰੇਖਾ ਬੜੀ ਮਿਹਨਤ ਨਾਲ ਪ੍ਰਗਟ ਕਰਨੀ ਪੈਂਦੀ ਹੈ। ਕਵੀ ਉੱਤੇ ਕੋਈ ਐਸੀ ਪਾਬੰਦੀ ਨਹੀਂ ਹੁੰਦੀ। ਉਹ ਇਤਿਹਾਸ ਵਿੱਚ ਵਿਚਰ ਚੁੱਕੇ ਵਿਅਕਤੀਆਂ ਦੇ ਪ੍ਰਮਾਣਤ ਬੋਲਾਂ, ਫ਼ਲਸਫ਼ੇ ਦੇ ਅਰੁਕ ਵਗਦੇ ਸਾਂਝੇ ਦਰਿਆ, ਕੌਮਾਂ ਦੇ ਸੁਭਾਅ, ਪ੍ਰਮੁੱਖ ਲੋਕਾਂ ਦੀਆਂ ਕਰਨੀਆਂ, ਵਰਤਮਾਨ ਦੇ ਵਰਤਾਰੇ ਅਤੇ ਪੈਗੰਬਰ ਦੇ ਕੀਤੇ ਕੌਲ-ਇਕਰਾਰਾਂ ਨਾਲ ਰਿਸ਼ਤੇ ਦੀ ਪ੍ਰਪੱਕਤਾ ਜਾਂ ਏਸ ਦੀ ਅਣਹੋਂਦ ਵਿੱਚੋਂ ਹੀ ਇਤਿਹਾਸ ਦੇ ਹਰ ਪਹਿਲੂ ਨੂੰ ਅਨੁਭਵ ਰਾਹੀਂ ਸਪਸ਼ਟ ਜਾਣ ਜਾਂਦਾ ਹੈ।

ਮਹਿਬੂਬ ਨੂੰ ਵੱਡੀ ਹੈਰਾਨੀ ਹੁੰਦੀ ਸੀ ਜਦੋਂ ਕਿ ਇਤਿਹਾਸ ਨੂੰ ਅਨੁਭਵ ਦੀ ਵਿਸ਼ਾਲਤਾ' ਨਾਲ ਵੇਖਣ ਦੀ ਯੋਗਤਾ ਰੱਖਣ ਵਾਲਾ ਕਈ ਕਵੀ (ਮਸਲਨ ਰਬਿੰਦਰਨਾਥ ਟੈਗੋਰ) ਇਤਿਹਾਸਕ ਤੱਥਾਂ ਨੂੰ ਗ਼ਲਤ ਸਮਝ ਕੇ ਕਿਸੇ ਸਮੁੱਚੀ ਕੌਮ ਦੀਆਂ ਸੁੱਚੀਆਂ ਕਦਰਾਂ-ਕੀਮਤਾਂ ਨੂੰ ਗ਼ਲਤ ਰੰਗਣ ਵਿੱਚ ਪੇਸ਼ ਕਰਦਾ ਸੀ। ਮਹਿਬੂਬ ਨੂੰ ਆਪਣੇ ਸੁੱਚੇ ਜਜ਼ਬਿਆਂ ਅਤੇ ਪਾਕ ਵਲਵਲਿਆਂ ਦੇ ਆਸਰੇ ਮਾਤਰ ਸਦਕਾ ਹੀ ਕਈ ਕੌਮਾਂ, ਧਰਮਾਂ ਦੇ ਇਤਿਹਾਸ ਦਾ ਡੂੰਘਾ ਗਿਆਨ ਹੋ ਗਿਆ ਸੀ। ਬੁੱਧ ਧਰਮ ਨੂੰ ਓਸਨੇ ਅੰਤਮ ਧਰਵਾਸ ਤੋਂ ਸੱਖਣਾ ਅਤੇ ਨੀਰਸ ਪਾਇਆ,ਇਵੇਂ ਹੀ ਅਥਾਹ ਜੋਸ਼ ਕਾਰਣ ਕੁਰਾਨ ਦੇ ਡੂੰਘੇ ਅਰਥਾਂ ਤੋਂ ਇਸਲਾਮ ਦੇ ਰਿਸ਼ਤੇ ਵਿੱਚ ਤਰੇੜਾਂ ਆਉਂਦੀਆਂ ਵੇਖੀਆਂ ਜੋ ਅੱਜ ਜੱਗ ਜ਼ਾਹਰ ਹੋ ਚੁੱਕੀਆਂ ਹਨ; ਸਿੱਖ ਧਰਮ ਦੀ ਆਦਿ-ਸੁਹਿਰਦਤਾ ਅਤੇ ਸਰਬਸਾਂਝੀ ਹੂਕ ਦੇ ਆਧਾਰ ਉੱਤੇ ਆਪਣੇ-ਆਪ ਨੂੰ ਤੱਥਾਂ ਦਾ ਮੁਲਾਂਕਣ ਕਰਕੇ ਇਤਿਹਾਸ ਦਾ ਨਿਰੂਪਣ ਕਰਦੇ ਪਾਇਆ।

ਓਸਦੀ ਉੱਚੀ ਕਾਵਿਕ ਉਡਾਰੀ ਅਤੇ ਡੂੰਘੀ ਸਮਝ ਦਾ ਰਾਜ਼ ਏਸੇ ਵਿੱਚ ਹੈ ਕਿ ਓਸਨੇ ਬਹੁਗਿਣਤੀ ਦੀ ਜ਼ਿਹਨੀਅਤ ਦਾ ਅਧਿਐਨ ਕਰਕੇ ਸਿੱਖ ਧਰਮ ਦੀ ਸੁਤੰਤਰ ਹਸਤੀ ਵਿਰੁੱਧ ਵੱਡੇ ਧਰਮ' ਦੀ ਖੁਣਸ 'ਚੋਂ ਉਪਜੇ ਅਮਲ ਨੂੰ ਸਪਸ਼ਟ ਪਛਾਣ ਲਿਆ। ਉਹ ਸਮਝਦਾ ਹੈ ਕਿ ਟੈਗੋਰ ਨੇ ਏਸੇ ਜ਼ਿਹਨੀਅਤ ਨੂੰ ਹੀ ਇਤਿਹਾਸਕ ਟਿੱਪਣੀ ਵਿੱਚ ਢਾਲ ਲਿਆ ਹੈ'। ਡੂੰਘੀ ਅੰਤਰ-ਦ੍ਰਿਸ਼ਟੀ ਦਾ ਉਪਯੋਗ ਕਰਕੇ ਮਹਿਬੂਬ ਏਸ ਨਾਜਾਇਜ਼ ਵਿਰੋਧ ਨੂੰ ਗੁਰੂ ਨਾਨਕ ਸਾਹਿਬ ਦੇ ਸਮੇਂ ਤੋਂ ਹੀ ਸ਼ੁਰੂ ਹੋ ਗਿਆ ਜਾਣ ਜਾਂਦਾ ਹੈ: ਅਨੇਕ ਥਾਵਾਂ-ਨਾਵਾਂ ਨਾਲ ਜੁੜੇ ਹਿੰਦੂ ਮਨ ਉੱਤੇ ਗੁਰੂ ਨਾਨਕ ਸਾਹਿਬ ਨੂੰ ਝੂਠੀ ਖੁਣਸ ਅਤੇ ਮੂੜ੍ਹ ਈਰਖਾ ਦੇ ਜੰਤ੍ਰਾਂ-ਤੰਤ੍ਰਾਂ ਵਾਲੇ ਅਥਰਵਣ-ਭਾਰ' ਦੀ ਬਦੌਲਤ ਗੁਰੂ ਸਾਹਿਬ ਵੱਲ ਖੁਣਸ ਦੀਆਂ ਅਨੇਕ ਜ਼ਹਿਰੀਲੀਆਂ ਜੀਭਾਂ ਉੱਲਰ ਆਈਆਂ ਹਨ'। ਇਤਿਹਾਸ ਵਿੱਚ ਨਿਰੰਤਰ ਹੁੰਦੇ ਏਸ ਪ੍ਰਗਟਾਵੇ ਦੇ ਪ੍ਰਮਾਣ ਜੁਟਾ ਕੇ ਮਹਿਬੂਬ ਮੌਜੂਦਾ ਸਮਿਆਂ ਤੱਕ ਪਹੁੰਚਦਾ ਹੈ ਜਦੋਂ ਕਿ ਕੁਝ ਨੀਮ ਅਡੰਬਰੀ ਬ੍ਰਾਹਮਣਵਾਦੀ ਇਤਿਹਾਸਕਾਰ ਅਤੇ ਮਕਲੋਡ ਬਿਰਤੀ ਦੀ ਪੈਰਵੀ ਕਰਨ ਵਾਲੇ ਕੁਝ ਸਿੱਖ ਖੋਜੀ ਵੀ ਅਜੇਹੇ ਤੁਅਸਬੀ ਤੱਥਾਂ ਵਿੱਚ ਭਿਅੰਕਰ ਸ਼ੈਤਾਨੀ ਮਿਲਾਵਟਾਂ ਸ਼ਾਮਲ ਕਰਕੇ ਸਿੱਖ ਇਤਿਹਾਸ ਦਾ ਰੂਪ ਵਿਗਾੜ ਰਹੇ ਹਨ।' ਬਹੁਤੇ ਸਿੱਖ ਖੋਜੀਆਂ ਨੂੰ ਓਸਨੇ ਸਿੱਖ ਧਰਮ ਦੇ ਮੌਲਿਕ ਤੱਥਾਂ ਨਾਲੋਂ ਟੁੱਟੇ ਹੋਏ ਪਾਇਆ।

ਇਹਨਾਂ ਹਾਲਤਾਂ ਵਿੱਚ ਉਹ ਸਮਝਣ ਲਗ ਪਿਆ ਕਿ 'ਵਿਦਵਾਨਾਂ' ਦਾ ਸਟੇਟ ਦੀ ਸਰ੍ਹਪ੍ਰਸਤੀ ਹੇਠ ਸਿੱਖ ਇਤਿਹਾਸ ਉੱਤੇ ਉਲਾਰ ਭਾਵਨਾਵਾਂ ਲੱਦਣ ਦਾ ਭਰਪੂਰ ਜਥੇਬੰਦਕ ਅਮਲ ਗੁਰੂ ਸਾਹਿਬਾਨ ਦੀ ਪਰਮ-ਪਾਕ ਛਬੀ ਨੂੰ ਧੁੰਦਲਾ ਕਰਨ ਵਿੱਚ ਹੀ ਸਾਰਥਕ ਹੋਵੇਗਾ। ਓਸਨੇ ਪਾਇਆ ਕਿ ਕਰਮਕਾਂਡ ਦੀਆਂ ਨਿਰਾਰਥਕ ਯੋਜਨਾਵਾਂ ਗੁਰੂ ਉੱਤੇ ਸੰਸਾਰਕ ਹਉਮੈ ਦਾ ਬੇਰਹਿਮ ਵਾਰ' ਕਰਨ ਲਈ ਲਗਾਤਾਰ ਤਾਕ ਵਿੱਚ ਰਹਿੰਦੀਆਂ ਹਨ। ਉਹ ਜਾਣਦਾ ਸੀ ਕਿ ਸਾਹਿਬ ਦਸਵੇਂ ਪਾਤਸ਼ਾਹ ਦਾ ਅਧਿਆਤਮਕ ਰੁਤਬਾ ਮਾਤਰ ਹੀ ਧਰਮ ਦੇ ਸੋਮਿਆਂ ਨੂੰ ਕਈ ਹਜ਼ਾਰ ਸਾਲਾਂ ਤੱਕ ਤਰੋ-ਤਾਜ਼ਾ ਰੱਖਣ ਦੇ ਕਾਬਲ ਹੈ। ਸਾਧੂ ਵਾਸਵਾਨੀ ਨੇ ਸਾਹਿਬਾਂ ਨੂੰ ਇਉਂ ਸਮਝਣ ਦੀ ਕੋਸ਼ਿਸ਼ ਕੀਤੀ ਸੀ: ਦਸਮ ਗੁਰੂ ਦੀ ਸ਼ਖ਼ਸੀਅਤ ਸਤਰੰਗੀ ਪੀਂਘ ਸਮਾਨ ਹੈ। ਉਹਨਾਂ ਵਿੱਚੋਂ ਇੱਕੋ ਵੇਲੇ ਗੁਰੂ ਨਾਨਕ ਜੀ ਦੀ ਮਿੱਠਤ, ਈਸਾ ਜੀ ਵਰਗੀ ਤਰਸ ਭਰੀ ਤੱਕਣੀ, ਬੁੱਧ ਜੀ ਵਰਗਾ ਆਤਮ-ਗਿਆਨ, ਹਜ਼ਰਤ ਮੁਹੰਮਦ ਸਾਹਿਬ ਵਾਲਾ ਡੁੱਲ੍ਹ-ਡੁੱਲ੍ਹ ਪੈਂਦਾ ਜੋਸ਼, ਕ੍ਰਿਸ਼ਨ ਜੀ ਵਾਲਾ ਸੁਜਰਵੰਤ ਭਖਦਾ ਜਲੌਅ, ਰਾਮ ਜੀ ਵਾਂਗ ਪੁਰਸ਼ੋਤਮ ਦੀ ਮਰਯਾਦਾ ਸ਼ਾਹਾਂ ਵਾਲੀ ਸ਼ਾਨ ਵਿੱਚ ਵੇਖੀ ਜਾ ਸਕਦੀ ਹੈ।' ਮਹਿਬੂਬ ਨੇ ਐਸੇ ਸਤਿਗੁਰੂ ਦੀ ਸ਼ਾਨ ਵਿੱਚ ਲਗਾਤਾਰ ਕੀਤੀਆਂ ਜਾ ਰਹੀਆਂ ਗੁਸਤਾਖ਼ੀਆਂ ਦੇ ਅੰਤਮ ਨਿਸ਼ਾਨੇ ਨੂੰ ਭਲੀ-ਭਾਂਤ ਸਮਝਿਆ। ਪਰ ਓਸਦਾ ਦ੍ਰਿੜ੍ਹ ਯਕੀਨ ਹੈ ਕਿ ਗੁਰੂ ਨਾਨਕ ਸਾਹਿਬ ਦੀ ਉੱਚੀ ਸੁਰਤ ਨੂੰ ਯੱਖ ਕਰਨ ਦੀਆਂ ਕੋਸ਼ਿਸ਼ਾਂ' ਅੰਤ ਨਾਕਾਮਯਾਬ ਹੋਣਗੀਆਂ।

ਏਸ ਯਕੀਨ ਨੂੰ ਸ਼ਬਦਾਂ ਵਿੱਚ ਸਥਾਪਤ ਕਰਨ ਲਈ ਓਸਨੇ ਆਪਣੇ ਅੰਦਰ ਵਗ ਰਹੇ ਮਹਾਂਕਾਵਿ ਦੇ ਪ੍ਰਬਲ ਵੇਗ ਨੂੰ ਵਕਤੀ (ਜੋ ਸਥਾਈ ਹੋ ਨਿੱਬੜੀ) ਔਧਵਾਟੇ ਠੱਲ੍ਹ ਕੇ ਸਾਹਿਬ ਦਸਵੇਂ ਪਾਤਸ਼ਾਹ ਨਾਲ ਸਬੰਧਤ ਮਹਾਂਕਾਵਿ (ਚੌਥੀ ਜਿਲਦ) ਨੂੰ ਬਾਕੀ ਕਾਵਿ-ਆਵੇਸ਼ ਤੋਂ ਪਹਿਲਾਂ ਕਲਮਬੰਦ ਕੀਤਾ। ਓਸਦਾ ਪ੍ਰਪੱਕ ਯਕੀਨ ਸੀ ਕਿ ਗੁਰੂ ਦੇ ਬਿੰਬ ਨੂੰ ਮੈਲਾ ਕਰਕੇ ਸਿੱਖੀ ਨੂੰ ਖੋਰਾ ਲਾਉਣ ਦੀਆਂ ਵਿਆਪਕ ਚਾਲਾਂ ਨੂੰ ਠੱਲ੍ਹ ਪਾਉਣ ਲਈ ਸੱਚਾਈ ਦਾ ਦਾਮਨ ਫੜ ਕੇ ਸਾਹਿਬ ਦੀ ਲਾਸਾਨੀ ਛਬੀ ਦੇ ਅਸਲ ਰੰਗ ਉਭਾਰਨਾ ਹੀ ਅਕ੍ਰਿਤਘਣ ਸਾਜ਼ਿਸ਼ਾਂ ਦਾ ਤੋੜ ਹੈ। ਖ਼ਾਲਸਾ ਅਮਲ ਨੂੰ ਇਤਿਹਾਸ ਵਿੱਚ ਉਤਾਰਨ ਦਾ ਵੀ ਸਭ ਤੋਂ ਵਧੀਆ ਤਰੀਕਾ ਓਸ ਨੂੰ ਏਹੀ ਜਾਪਿਆ : 'ਸਿੰਘਾਂ ਸਾਹਵੇਂ ਨਿੱਖਰੇ ਅੰਤਮ ਅਮਲ ਦਾ ਰੂਪ। ਸਿੰਘ-ਸਿਦਕ ਨੂੰ ਜਦ ਮਿਲੇ ਦਸਮ ਦੀ ਛਬੀ ਅਨੂਪ।'

ਇਉਂ ਮਹਿਬੂਬ ਨੇ ਵੱਡਾ ਪਰੋਪਕਾਰ ਕਰਕੇ,'ਗੁਰੂ ਨਾਨਕ ਸਾਹਿਬ ਦੀ ਉੱਚੀ ਸੁਰਤ ਨੂੰ ਭੈਅ ਨਾਲ ਯੱਖ ਕਰਨ ਦੀਆਂ ਕੋਸ਼ਿਸ਼ਾਂ' ਨੂੰ ਅੰਤ ਨਾਕਾਮਯਾਬ ਹੋਣ ਵੱਲ ਤੋਰਿਆ। ਓਸਦੀ ਨਿੰਦਾ ਕਰਨ ਵਾਲੇ ਛੋਟੇ ਕੱਦ ਦੇ ਲੋਕਾਂ ਉੱਤੇ ਓਸਦਾ ਇਹ ਸ਼ਿਅਰ ਵਾਹਵਾ ਢੁਕਦਾ ਹੈ, 'ਜੁਗਾਂ 'ਚ ਭੌਣ ਮਨੁੱਖ ਦੇ, ਵਾਂਗ ਕੀੜਿਆਂ ਜੀਣ। ਕਾਇਰਾਂ ਦੇ ਵੱਗ ਹੌਂਕਦੇ, ਖ਼ਾਲੀ ਤੇ ਪਤ ਹੀਣ।'

ਬਾਕੀ ਸਫ਼ਾ 28 'ਤੇ

# PANNU'S
## LEGAL SERVICES

G.S. Pannu (Immigration Consultant, LDA)

ivisapass@gmail.com • FAX 510.279.7624

510.677.5200

IMMIGRATION
★ PETITIONS ★ VISAS ★ POLITICAL ASYLUM
★ GREEN CARDS ★ CITIZENSHIP ★ AFFIDAVIT OF SUPPORT

STUDENT VISA (EDUCATE YOUR CHILDREN IN USA)

DIVORCE
★ CHILD SUPPORT ★ CHILD VISITATION ★ CHILD CUSTODY ★ MODIFICATION

# PANNU'S
## PASSPORT & VISA SERVICES

indiavisa123@gmail.com • FAX 510.279.7624

M.K. Pannu (Owner)

VISA IN ONE DAY

Indian Passport | India Visa in 1 Day | OCI | US Passport

Power of Attorney & Other Services

510.677.8440

40757, Grimmer Blvd. FREMONT CA-94538
3810 Eau Claire Ave, Ceres, MODESTO/CERES CA-95307
220 Bush St/Montgomery St. #445 SAN FRANCISCO (OPPOSITE INDIA VISA CENTER)



Serving Around the World Community Since 1994
We Specialize to Asia, Europe, Middle East, Africa, Australia & etc.

Special fares to :
SFO TO DEL
LAX TO DEL

SERVICE TRUST

SKYWAY TRAVEL

DOMESTIC and INTERNATIONAL

Special fares to Amritsar & Delhi

ਦੋ ਜਾਂ ਦੋ ਤੋਂ ਵੱਧ ਟਿਕਟਾਂ ਖਰੀਦਣ 'ਤੇ ਇਕ ਭਾਰ ਤੋਲਣ ਵਾਲੀ ਮਸ਼ੀਨ ਮੁਫ਼ਤ ਦਿੱਤੀ ਜਾਵੇਗੀ।

Cst No. : 2054876-40

Book on line 24/7 : www.skywaytkt.com

Or Call (818) 762-9236

15549 Devonshire St., Ste. 206 Mission Hills, CA 91345





Raja SWEETS & CATERING
AUTHORIZED CATERER FOR MAJOR 5-STAR HOTELS

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Follow us on:

Toll Free 1-866-FOR-RAJA
www.rajasweets.com
msbains@rajasweets.com

Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets

Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111

Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party

1-866-FOR-RAJA (367-7252)
www.RajaSweets.com

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders






ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ 200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜ਼ਾਮ ਹੈ।

# PARADISE BALLROOMS

4100 Peralta Blvd. Fremont, CA 94536

(510) 900-6319

info@paradiseballrooms.com www.paradiseballrooms.com

## SERVICES INCLUDE

- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING table cloth, napkins, chairs etc.

# ਹਰਦੀਪ ਸਿੰਘ ਪੁਰੀ ਅਤੇ ਨਵਜੋਤ ਸਿੰਘ ਸਿੱਧੂ ਨੇ ਗੁਰੂ ਕੀ ਨਗਰੀ 'ਚ ਟਰੂਡੋ ਨੂੰ ਕਿਹਾ 'ਜੀ ਆਇਆਂ ਨੂੰ'









**ਚੰਡੀਗੜ੍ਹ/ਬਿਊਰੋ ਨਿਊਜ਼:** ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦਾ ਪੰਜਾਬ ਫੇਰੀ ਮੌਕੇ ਬੁੱਧਵਾਰ ਨੂੰ ਅੰਮ੍ਰਿਤਸਰ ਸਥਿਤ ਗੁਰੂ ਰਾਮਦਾਸ ਕੌਮਾਂਤਰੀ ਹਵਾਈ ਅੱਡੇ 'ਤੇ ਕੇਂਦਰੀ ਸ਼ਹਿਰੀ ਤੇ ਮਕਾਨ ਉਸਾਰੀ ਰਾਜ ਮੰਤਰੀ ਹਰਦੀਪ ਸਿੰਘ ਪੁਰੀ ਅਤੇ ਪੰਜਾਬ ਦੇ ਸਥਾਨਕ ਸਰਕਾਰਾਂ, ਸੱਭਿਆਚਾਰਕ ਮਾਮਲੇ ਅਤੇ ਸੈਰ-ਸਪਾਟਾ ਮੰਤਰੀ ਨਵਜੋਤ ਸਿੰਘ ਸਿੱਧੂ ਉਨ੍ਹਾਂ ਦਾ ਸਵਾਗਤ ਕੀਤਾ। ਸ੍ਰੀ ਟਰੂਡੋ ਵੱਲੋਂ ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਜਾਣ ਮੌਕੇ ਵੀ ਸ੍ਰੀ ਪੁਰੀ ਤੇ ਸ੍ਰੀ ਸਿੱਧੂ ਸਣੇ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਕਮਲਦੀਪ ਸਿੰਘ ਸੰਘਾ ਤੇ ਪੁਲੀਸ ਕਮਿਸ਼ਨਰ ਐਸ. ਐਸ. ਸ੍ਰੀਵਾਸਤਵਾ ਉਨ੍ਹਾਂ ਨਾਲ ਸਨ।

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਹਦਾਇਤ ਮੁਤਾਬਕ ਕੈਨੇਡੀਅਨ ਪ੍ਰਧਾਨ ਮੰਤਰੀ ਦਾ ਅੰਮ੍ਰਿਤਸਰ ਹਵਾਈ ਅੱਡੇ ਅਤੇ ਸ਼ਹਿਰ ਵਿੱਚ ਭਾਰਤ-ਪਾਕਿਸਤਾਨ ਦੀ ਵੰਡ ਸਬੰਧੀ ਬਣੇ ਮਿਊਜ਼ੀਅਮ ਵਿਖੇ ਸਵਾਗਤ ਕੀਤਾ ਗਿਆ। ਸ੍ਰੀ ਸਿੱਧੂ ਵਲੋਂ ਸ੍ਰੀ ਟਰੂਡੋ ਨੂੰ ਪਾਰਟੀਸ਼ੀਅਨ ਮਿਊਜ਼ੀਅਮ ਵੀ ਵਿਖਾਉਣ ਮੌਕੇ ਅੰਮ੍ਰਿਤਸਰ ਤੋਂ ਲੋਕ ਸਭਾ ਮੈਂਬਰ ਗੁਰਜੀਤ ਸਿੰਘ ਔਜਲਾ ਵੀ ਉਨ੍ਹਾਂ ਨਾਲ ਹਾਜ਼ਰ ਸਨ।

ਕੈਨੇਡਾ ਦੇ ਪ੍ਰਧਾਨ ਮੰਤਰੀ ਦੀ ਅੰਮ੍ਰਿਤਸਰ ਦੀ ਕੇਵਲ ਤਿੰਨ ਘੰਟਿਆਂ ਦੀ ਫੇਰੀ ਸੀ। ਇਸ ਦੌਰਾਨ ਉਨ੍ਹਾਂ ਨੇ ਆਪਣੇ ਸਾਥੀਆਂ ਮੰਤਰੀਆਂ ਸਮੇਤ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਾਲ ਵੀ ਮੁਲਾਕਾਤ ਕੀਤੀ ਜਿਸ ਵਿਚ ਮੁੱਖ ਮੰਤਰੀ ਵਲੋਂ ਦੁਵੱਲੇ ਤੇ ਵਪਾਰਕ ਸਬੰਧ ਬਿਹਤਰ ਬਣਾਉਣ 'ਤੇ ਜ਼ੋਰ ਦਿਤਾ ਗਿਆ। ਗ਼ੌਰਤਲਬ ਹੈ ਕਿ ਪਹਿਲਾਂ ਸ੍ਰੀ ਟਰੂਡੋ ਦੇ ਪ੍ਰੋਗਰਾਮ ਵਿਚ ਮੁੱਖ ਮੰਤਰੀ ਨਾਲ ਮੁਲਾਕਾਤ ਦਾ ਜ਼ਿਕਰ ਨਹੀਂ ਸੀ, ਜਿਸ ਪਿੱਛੋਂ ਪੰਜਾਬ ਸਰਕਾਰ ਨੇ ਵਿਦੇਸ਼ ਮੰਤਰਾਲੇ ਨੂੰ ਪੱਤਰ ਲਿਖ ਕੇ ਮੀਟਿੰਗ ਲਈ ਜ਼ੋਰ ਦਿਤਾ ਸੀ। ਇਸ ਪਿੱਛੋਂ ਇਕ ਦਿਨ ਪਹਿਲਾਂ ਹੀ ਵਿਦੇਸ਼ ਮੰਤਰਾਲੇ ਦੇ ਵਧੀਕ ਪ੍ਰੋਟੋਕੋਲ ਅਧਿਕਾਰੀ ਨੇ ਮੁੱਖ ਮੁੰਤਰੀ ਦਫਤਰ ਨੂੰ ਭੇਜੇ ਸੁਨੇਹੇ ਵਿਚ ਮੁਲਾਕਾਤ ਦੀ ਪੁਸ਼ਟੀ ਕੀਤੀ। ਇਸ ਤੋਂ ਬਾਅਦ ਮੁੱਖ ਮੰਤਰੀ ਨੇ ਕੈਨੇਡਾ ਦੇ ਪ੍ਰਧਾਨ ਮੰਤਰੀ ਦੀ ਫੇਰੀ ਦਾ ਖੁਲ੍ਹ ਕੇ ਸਵਾਗਤ ਕੀਤਾ ਸੀ।

## ਸਿੱਖਾਂ ਵਲੋਂ ਟਰੂਡੋ ਦੇ ਸਵਾਗਤ ਲਈ ਸ਼ੋਸ਼ਲ ਮੀਡੀਆ 'ਤੇ ਵਿੱਢੀ ਵੱਡੀ ਮੁਹਿੰਮ

ਜਲੰਧਰ/ਬਿਊਰੋ ਨਿਊਜ਼: ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੇ ਨਿੱਘੇ ਸਵਾਗਤ ਦਾ ਜ਼ਿੰਮਾ ਪੰਜਾਬੀਆਂ ਨੇ ਆਪਣੇ ਮੋਢਿਆਂ 'ਤੇ ਚੁੱਕ ਲਿਆ। ਪੰਜਾਬੀ ਭਾਈਚਾਰਾ ਇਸ ਗੱਲੋਂ ਕਾਫ਼ੀ ਨਿਰਾਸ਼ ਹੈ ਕਿ ਭਾਰਤ ਸਰਕਾਰ ਨੇ ਜਸਟਿਨ ਟਰੂਡੋ ਨੂੰ ਬਣਦਾ ਸਤਿਕਾਰ ਨਹੀਂ ਦਿੱਤਾ। ਟਰੂਡੋ ਦੀ ਵਾਲੀ ਪੰਜਾਬ ਫੇਰੀ ਸਬੰਧੀ ਸੋਸ਼ਲ ਮੀਡੀਆ 'ਤੇ ਪੰਜਾਬੀਆਂ ਨੂੰ ਕੈਨੇਡੀਅਨ ਪ੍ਰਧਾਨ ਮੰਤਰੀ ਦੇ ਸਵਾਗਤ ਲਈ ਅੰਮ੍ਰਿਤਸਰ ਪੁੱਜਣ ਦਾ ਸੱਦਾ ਦਿੱਤਾ ਜਾ ਰਿਹਾ ਸੀ। ਫੇਸਬੁੱਕ, ਵੱਟਸਐਪ ਅਤੇ ਟਵਿਟਰ 'ਤੇ ਪੰਜਾਬੀਆਂ ਨੇ ਵੱਡੇ ਪੱਧਰ ਉੱਤੇ ਮੁਹਿੰਮ ਵਿੱਢ ਦਿੱਤੀ । ਹਜ਼ਾਰਾਂ ਲੋਕ ਇਸ ਨਾਲ ਜੁੜ ਚੁੱਕੇ ਸਨ। ਸੋਸ਼ਲ ਮੀਡੀਆ 'ਤੇ ਵੱਖ-ਵੱਖ ਪੋਸਟਰ ਸ਼ੇਅਰ ਕੀਤੇ ਜਾ ਰਹੇ ਸਨ ਜਿਸ 'ਚ ਜਸਟਿਨ ਟਰੂਡੋ ਦੀ ਸਿਰ 'ਤੇ ਰੁਮਾਲ ਬੰਨ੍ਹੇ ਦੀ ਫੋਟੋ ਲੱਗੀ ਹੋਈ ਸੀ। ਇਸ 'ਤੇ ਲਿਖਿਆ ਗਿਆ ਕਿ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਅਤੇ ਸਾਥੀਆਂ ਦੀ

ਬਾਕੀ ਸਫ਼ਾ 28 'ਤੇ

# ਫੇਸਬੁੱਕ ਉੱਤਲੀਆਂ ਟਿਪਣੀਆਂ ਦੀ ਛੋਟੀ ਜਿਹੀ ਝਲਕ

ਆਗਰੇ 'ਚ ਟਰੂਡੋ ਦੇ ਸਵਾਗਤ ਲਈ ਯੂ ਪੀ ਦਾ ਮੁੱਖ ਮੰਤਰੀ ਤੱਕ ਨਾ ਪੁੱਜਾ ?

ਇਹ ਤਾਂ ਕੁਝ ਵੀ ਨਹੀਂ, ਜੇ ਵੱਸ ਚੱਲੇ ਤਾਂ ਟਰੂਡੋ ਨੂੰ ਜੱਗੀ ਜੌਹਲ ਵਾਂਗ ਕਿਸੇ ਕੇਸ 'ਚ ਫਸਾ ਦੇਣ ਇਹ।

ਪਤਾ ਕੀ ਕਾਰਨ ਹੈ ਇਸ ਸਭ ਦਾ ?

ਇਸ ਤਸਵੀਰ 'ਚ ਦਿਸ ਰਹੀ ਟਰੂਡੋ ਅਤੇ ਪੱਗ ਦੀ ਸਾਂਝ ਹੈ, ਇਸ ਤਕਲੀਫ ਦਾ ਕਾਰਨ।



ਪ੍ਰਧਾਨ ਮੰਤਰੀ ਬਣਨ ਵੇਲੇ ਟਰੂਡੋ ਵਲੋਂ ਇਹ ਕਹਿਣਾ ਕਿ "ਮੋਦੀ ਵਜ਼ਾਰਤ ਨਾਲੋਂ ਵੱਧ ਸਿੱਖ ਮੇਰੀ ਵਜ਼ਾਰਤ ਦਾ ਹਿੱਸਾ ਹਨ" ਕਾਰਨ ਹੈ ਇਸ ਪੈਂਦੇ ਸੂਲ਼ ਦਾ।

ਤੇ ਦੂਜੇ ਪਾਸੇ ਟਰੂਡੋ ਤੇ ਸੱਜਣ ਨੂੰ ਦੇਖ ਲਵੋ, ਹਾਲੇ ਵੀ ਸੋਚ ਰਹੇ ਹਨ ਕਿ ਪੰਜਾਬ ਜਾਣਾ, ਚਲੋ ਮਿਲ ਲਵਾਂਗੇ ਕੈਪਟਨ ਨੂੰ, ਕਾਹਨੂੰ ਅਗਲੇ ਦੇ ਘਰ ਜਾ ਕੇ ਅਗਲੇ ਦੀ ਬੇਇਜ਼ਤੀ ਕਰਨੀ। .........ਇਹੀ ਹੁੰਦਾ ਸੋਚ ਦਾ ਫਰਕ।

ਟਰੂਡੋ ਦੇ ਨਾਲ ਗਏ ਕੈਨੇਡੀਅਨ ਮੰਤਰੀਆਂ ਨੇ ਗੁਰਦੁਆਰਾ ਰਕਾਬਗੰਜ ਸਾਹਿਬ ਦਿੱਲੀ ਵਿਖੇ ਮੱਥਾ ਟੇਕਣ ਤੋਂ ਬਾਅਦ ਨਵੰਬਰ ਚੌਰਾਸੀ ਦੇ ਕਤਲੇਆਮ 'ਚ ਮਾਰੇ ਗਏ ਸਿੱਖਾਂ ਦੀ ਯਾਦ 'ਚ ਬਣਾਈ ਕੰਧ ਅੱਗੇ ਸੀਸ ਝੁਕਾਇਆ।

ਅੱਪਡੇਟ: ਦਿੱਲੀ ਦੀ ਵਿਧਵਾ ਕਲੋਨੀ 'ਚ ਜਾ ਕੇ ਪੀੜਤਾਂ ਨੂੰ ਮਿਲੇ।

**- ਗੁਰਪ੍ਰੀਤ ਸਿੰਘ ਸਹੋਤਾ**

ਬਲਕਾਰ ਸਿੰਘ : ਲੋਕਾਂ ਨੂੰ ਜ਼ਿੰਦਗੀਆਂ ਬਖਸ਼ਣ ਵਾਲੇ ਟਰੂਡੋ ਦੀਆਂ ਅੱਖਾਂ ਚ ਅੱਖਾਂ ਪਾ ਕੇ ਗੱਲ ਕਰ ਸਕਣ..



ਪੱਗਾਂ ਵੀ ਹਰਜੀਤ ਸਿੰਘ ਸੱਜਣ ਵਰਗੇ ਸਿੱਖਾਂ ਦੇ ਸਿਰ ਤੇ ਹੀ ਸ਼ੋਭਦੀਆਂ ਨੇ ਜਿਹੜੇ ਪੱਗਾਂ ਨੂੰ ਅਹੁਦਿਆਂ ਖਾਤਰ ਗਾਂਧੀਆਂ ਜਾਂ ਨਾਗਪੁਰ ਆਲਿਆਂ ਕੋਲ ਗਹਿਣੇ ਨੀਂ ਰੱਖਦੇ...

ਬਲਕਾਰ ਸਿੰਘ: ਆ ਮਨਜੀਤ ਸਿੰਘ ਜੀ.ਕੇ. ਹੁਣ ਖਾਲਿਸਤਾਨੀਆ ਨਾਲ ਛੁਣਛਣਾ ਲੈਣ ਨੂੰ ਖੜਾ ਪਹਿਲਾ ਤਾ ਇਹ ਖਾਲਿਸਤਾਨ ਦੇ ਬਰਖ਼ਿਲਾਫ਼ ਬੋਲਦਾ ਸੀ

Tony Sandhu: ਆਹ ਭੈਣ ਦੇਣਾ ਜੀ. ਕੇ. ਕੀ ਕਰਦਾ ਫਿਰਦਾ ਵਿਚ ਜ਼ਨਾਨੀਆ ਵਾਲਾ ਸ਼ਾਲ ਲੈ ਕੇ ਚਵਲ ਦਿਲੀ ਦੀ

Arshdeep Singh Randhawa : ਮੈਨੂੰ ਰਾਤੀ ਮੋਦੀ ਭਗਤ ਕਹਿੰਦਾ, ਕਨੇਡਾ ਚ ਜਿਆਦਾ ਪੰਜਾਬੀ ਹੋਣ ਕਰਕੇ ਟਰੂਡੋ ਵੋਟਾਂ ਪੱਕੀਆ ਕਰਨ ਆਇਆ, ਮੈ ਕਿਹਾ ਜੇ ਤੂੰ ਇਹ ਗੱਲ ਸੋਚ ਦਾ ਤਾ , ਮੋਦੀ ਜਿਹੜਾ ਤੀਜੇ ਦਿਨ ਤੁਰਿਆ ਰਹਿੰਦਾ ਓਹ ਕਿਹੜੇ ਵਿਕਾਸ ਦੀ ਭੈਣ ਮੰਗਣ ਜਾਦਾਂ , ਜਾਦਾ ਤਾ ਫੇਰ ਓਹ ਵੀ ਵੋਟਾਂ ਮੰਗਣ ਈ ਹੋਊ.

### ਦਰਬਾਰ ਸਾਹਿਬ ਵਿਖੇ ਮੱਥਾ ਟੇਕਣ ਤੋਂ ਬਾਅਦ ਦੇ ਪ੍ਰਤੀਕਰਮ

ਸ੍ਰੀ ਦਰਬਾਰ ਸਾਹਿਬ ਪ੍ਰਤੀ ਟਰੂਡੋ ਪਰਿਵਾਰ ਵੱਲੋਂ ਦਿਖਾਈ ਨਿਮਰਤਾ/ਸਤਿਕਾਰ ਅਤੇ ਸ਼ਰੋਮਣੀ ਕਮੇਟੀ ਵੱਲੋਂ ਕੀਤੇ ਆਹਲਾ ਪ੍ਰਬੰਧਾਂ ਲਈ ਦੋਵਾਂ ਨੂੰ ਸ਼ਾਬਾਸ਼ ਦੇਣੀ ਬਣਦੀ ਹੈ। ਗੁਰੂ ਨੇ ਕਿਰਪਾ ਕੀਤੀ ਹੈ।

ਸਭ ਤੋਂ ਚੰਗੀ ਗੱਲ ਇਹ ਲੱਗੀ ਕਿ ਟਰੂਡੋ ਵੱਲੋਂ ਆਮ ਸ਼ਰਧਾਲੂ ਵਜੋਂ ਪਰਕਰਮਾ ਕਰਦਿਆਂ, ਜੈਕਾਰਿਆਂ ਦਾ ਜਵਾਬ ਹੱਥ ਜੋੜ ਕੇ, ਬਾਹਵਾਂ ਚੁੱਕ ਕੇ ਦਿੱਤਾ ਗਿਆ। ਸਾਰੀ ਪਰਕਰਮਾ 'ਚ ਆਮ ਸੰਗਤ ਨੂੰ ਫ਼ਤਿਹ ਬੁਲਾਈ ਗਿਆ ਸਾਰਾ ਪਰਿਵਾਰ।

ਸੁਖਬੀਰ ਬਾਦਲ ਅਤੇ ਪ੍ਰਧਾਨ ਲੌਂਗੋਵਾਲ ਨੇ ਬਹੁਤ ਚੰਗਾ ਕੀਤਾ ਕਿ ਬਾਹਰ ਹੀ ਸਵਾਗਤ ਕਰਕੇ ਪਰ੍ਹੇ ਹੋ ਗਏ, ਨਾਲ ਨੀ ਚਿੰਬੜੇ ਰਹੇ। ਇਸ ਨਾਲ ਟਰੂਡੋ ਨੂੰ ਖੁੱਲ੍ਹ ਕੇ ਵਿਚਰਨ ਦਾ ਮੌਕਾ ਮਿਲਿਆ, ਹੋਰ ਕਿਸੇ ਨੂੰ ਸਕਿਓਰਟੀ ਨੇ ਲਾਗੇ ਨੀ ਫਟਕਣ ਦਿੱਤਾ।

ਜਿਨ੍ਹਾਂ ਜਿਨ੍ਹਾਂ ਨੇ ਵੀ ਇਸ ਫੇਰੀ ਨੂੰ ਇਤਿਹਾਸਿਕ ਤੇ ਯਾਦਗਾਰੀ ਬਣਾਉਣ ਲਈ ਕੁਝ ਨਾ ਕੁਝ ਕੀਤਾ, ਜਿਨ੍ਹਾਂ ਦੇ ਨਾਮ ਮਾਲਕ ਖ਼ੁਦ ਜਣਦਾ, ਸਭ ਦਾ ਸ਼ੁਕਰੀਆ।

**- ਗੁਰਪ੍ਰੀਤ ਸਿੰਘ ਸਹੋਤਾ**

Arvinder Singh Gill ਵਾਹਿਗੁਰੂ ਜੀ ਦੀ ਕ੍ਰਿਪਾ ਨਾਲ ਟਰੂਡੋ ਦਾ ਸ਼੍ਰੀ ਦਰਬਾਰ ਸਾਹਿਬ ਦੇ ਦਰਸ਼ਨ ਦੀਦਾਰੇ ਸੁੱਖ ਸ਼ਾਂਤੀ ਨਾਲ ਹੋ ਗਏ ਹਨ ......ਸ਼ਰੋਮਣੀ ਕਮੇਟੀ , ਅਕਾਲੀ ਦਲ ਤੇ ਸਾਰੀ ਸੰਗਤ ਦਾ ਇਸ ਕਾਰਜ ਲਈ ਬਹੁਤ ਬਹੁਤ ਧੰਨਵਾਦ ......

ਕੁਲਵਿੰਦਰ ਸਿੰਘ ਪਰਿਹਾਰ ਅਮ੍ਰਿਤਸਰ ਤੇ ਪੰਜਾਬ ਵਾਸੀਆਂ ਟਰੁਡੋ ਸਹਿਬ ਦੇ ਨਿਘੇ ਸੁਵਾਗਤ ਲਈ ਆਪ ਸਭ ਦਾ ਬਹੁਤ ਬਹੁਤ ਧੰਨਵਾਦ ਜੀ ਅੱਜ ਤੁਸੀਂ ਦਿੰਲੀ ਵਾਲੀਆਂ ਨੂੰ ਦੱਸ ਦਿਤਾ ਹੈ ਪੰਜਾਬੀ ਪ੍ਰਹਾਣਚਾਰੀ ਕਿਸ ਤਰ੍ਹਾਂ ਕਰਦੇ ਹਨ .ਤੁਹਾਡੇ ਪਿਆਰ ਨੇ ਦਿਲੀ ਵਾਲੇ ਪ੍ਰਧਾਨ ਸੇਵਕ ਤੇ ਤੰਗਦਿਲੀ ਮੀਡੀਏ ਦੇ ਮੂੰਹ ਤੇ ਕਰਾਰੀ ਚਪੇੜ ਮਾਰੀ ਹੈ ਧੰਨਵਾਦ ਜੀ ਅਸੀਂ ਕਨੈਡੀਆਨ ਸਿੱਖ ਹਮੇਸ਼ਾ ਤੁਹਾਡੇ ਰਿਣੀ ਰਹਾਂਗੇ ਜੀ



Patwinder Singh ਹਰਜੀਤ ਸਿੰਘ ਸੱਜਣ ਦੀ ਗੱਲ ਬਾਹਲੀ ਮੰਨਦਾ ਟਰੂਡੋ ਵੀਰ, ਦਰਬਾਰ ਸਾਹਿਬ ਪਰਕਰਮਾ ਚ ਸੱਜਣ ਨਾਲ ਫੋਟੋ ਖਿਚਾਉਣ ਲੱਗਾ ਜੱਫੀ ਪਾ ਕੇ, ਸੱਜਣ ਕਹਿੰਦਾ ਭਰਾ ਏਥੇ ਫੋਟੋ ਹੱਥ ਜੋੜ ਕੇ ਖਿਚਾਈ ਦੀ ਆ।

ਬੱਸ ਫੇਰ ਕੀ ਸੀ, ਮੇਰੇ ਖਿਆਲ 20-25 ਫੋਟੋਆਂ ਬਾਅਦ ਚ ਦੂਜਿਆਂ ਨੇ ਖਿਚਾਈਆਂ ਟਰੂਡੋ ਨਾਲ, ਟਰੂਡੋ ਆਪ ਕਹੇ ਬੀ ਹੱਥ ਜੋੜ ਕੇ ਫੋਟੋ ਖਿਚਾਓ ਆਪਾਂ ਦਰਬਰ ਸਾਹਿਬ ਦੀ ਪਰਕਰਮਾ ਚ ਖੜੇ ਆ।

Manveer Grewal ਜੇ ਹਰੇਕ ਕੰਮ ਏਨੀ ਜਿੰਮੇਵਾਰੀ ਤੇ ਏਕੇ ਨਾਲ ਹੋਵੇ ਤਾਂ ਪੰਜਾਬ ਆਲੇ ਮੰਤਰੀਆਂ ਦਾ ਵੀ ਸਵਾਗਤ ਕਨੇਡਾ ਚ ਇਸੇ ਤਰਾਂ ਹੋ ਸਕਦਾ।

ਕਾਕਾ ਮੱਲੀ ਅੱਜ ਮਨ ਨੂੰ ਇਨੀ ਖ਼ੁਸ਼ੀ ਹੋਈ ਦੱਸ ਨਹੀ ਸਕਦੇ ਪੰਜਾਬੀਆਂ ਨੇ ਵੀ ਮੁੱਲ ਮੋੜ ਦਿੱਤਾ ਦਿਖਾ ਦਿੱਤਾ ਕਿ ਮਹਿਮਾਨਨਿਵਾਜੀ ਕੀ ਹੁੰਦੀ ਹੈ ਵਾਹਿਗੁਰੂ ਸਭ ਨੂੰ ਚੜਦੀ ਕਲਾ ਵਿੱਚ ਰੱਖੇ ਧੰਨਵਾਦ

Lovepreet Singh ਧੂੰਮੇ ਨੂੰ ਧੱਕੇ ਪੈ ਗਏ ਸਕਿਉਰਿਟੀ ਵਲੋਂ ..।

ਦੋ ਵਾਰ ਕੋਸ਼ਿਸ਼ ਕੀਤੀ ਸੀ ਧੂੰਮੇ ਨੇ ਮਿਲਣ ਦੀ ਪਰ ਗੱਲ ਨੀ ਬਣੀ...

Sarbjit Singh Sandhu ਜਦੋਂ ਟਰੂਡੋ ਹਰਿਮੰਦਰ ਸਾਹਿਬ ਮੱਥਾ ਟੇਕਦਾ ਸੀ ਮੋਦੀ ਤੇ ਯੋਗੀ ਯੂ.ਪੀ. ਚ ਅੰਬਾਨੀ ਨੂੰ ਤੇ ਹੋਰਨਾਂ ਨੂੰ ਨਿਵਇਸਟੋਰ ਕੁੰਡ ਚ ਸਲਾਮਾਂ ਕਰਦੇ ਸੀ ਜ਼ਿਹਨਾਂ ਸਾਰਾ ਭਾਰਤ ਖਾ ਲਿਆ। ਸਾਰਾ ਭਾਰਤੀ ਮੀਡੀਆ ਉਹਨਾਂ ਨੂੰ ਦਿਖਾ ਰਿਹਾ ਸੀ ਕਿ ਕਿਤੇ ਟਰੂਡੋ ਨੂੰ ਨਾ ਦੇਖ ਲੈਣ ਬਾਕੀ ਦੇ ਗਰੀਬ ਭਾਰਤੀ ਜ਼ਿਹਨਾਂ ਦੀ ਜ਼ਮੀਨ ਤੇ ਡਾਕੇ ਪੈਣ ਵਾਲੇ ਨੇ।

Jugraj Singh ਛੋਟੇ ਬਾਦਲ (ਸੁਖਬੀਰ) ਸਾਬ ਨੇ ਟਰੂਡੋ ਦੇ ਭੁਲੇਖੇ ਹੋਰ ਈ ਕੋਈ ਗੋਰਾ ਫੜ੍ਹ ਕੇ ਸਵਾਗਤ ਕਰਤਾ

just fun serious ਨਾ ਹੋਇਓ

ਸੋਢੀ ਦਿੱਲੀ ਵਾਲਾ ਜਿਉਂਦੇ ਵੱਸਦੇ ਰਹੋ ਪੰਜਾਬੀਓ ਅੱਜ ਸਵਾਦ ਆ ਗਿਆ ਮਿ: ਟਰੂਡੋ ਦਾ ਸਵਾਗਤ ਦੇਖ ਕੇ॥

Jaspreet Singh Nakodar ਤੇ ਅਕਾਲੀਆਂ ਦੀਆਂ ਆਸਾਂ ਵੀ ਬੇਆਸ ਰਹੀਆਂ...




ਕੈਨੇਡਾ ਦੇ ਵਜ਼ੀਰ-ਏ-ਆਜ਼ਮ ਜਸਟਿਨ ਟਰੂਡੋ ਦੀ ਸ੍ਰੀ ਅੰਮ੍ਰਿਤਸਰ ਯਾਤਰਾ ਦਾ ਅਕਾਲੀ ਦਲ ਦੀ ਡਿੱਗੀ ਸ਼ਾਖ ਬਹਾਲ ਕਰਨ ਲਈ ਲਾਹਾ ਲੈਣ ਦੀਆਂ ਕੋਸ਼ਿਸ਼ਾਂ ਨੂੰ ਬੂਰ ਨਹੀਂ ਪਿਆ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਜਸਟਿਨ ਟਰੂਡੋ ਦੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਯਾਤਰਾ ਮੌਕੇ ਸ਼੍ਰੋਮਣੀ ਕਮੇਟੀ ਵਲੋਂ ਸਪੈਸ਼ਲ ਇਨਵਾਇਟੀ ਬਣ ਕੇ ਟਰੂਡੋ ਦੇ ਨਾਲ ਰਹਿਣਾ ਚਾਹੁੰਦੇ ਸਨ ਪਰ ਟਰੂਡੋ ਦੇ ਸੁਰੱਖਿਆ ਅਮਲੇ ਨੇ ਸ਼੍ਰੋਮਣੀ ਕਮੇਟੀ ਨੂੰ ਸਾਫ਼ ਜਵਾਬ ਦੇ ਦਿੱਤਾ ਸੀ ਕਿ ਟਰੂਡੋ ਦੇ ਨਾਲ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਦੌਰਾਨ ਕੈਨੇਡਾ ਦੇ ਪ੍ਰਧਾਨ ਮੰਤਰੀ ਦਫ਼ਤਰ ਤੋਂ ਨਿਰਧਾਰਤ ਲੋਕਾਂ ਤੋਂ ਬਗ਼ੈਰ ਕੋਈ ਵੀ ਬੰਦਾ ਨਜ਼ਰ ਨਹੀਂ ਆਉਣਾ ਚਾਹੀਦਾ।

ਸੂਤਰਾਂ ਤੋਂ ਪਤਾ ਲੱਗਾ ਹੈ ਕਿ ਅਕਾਲੀ ਹਾਈਕਮਾਨ ਦੀ ਕੋਸ਼ਿਸ਼ ਸੀ ਕਿ ਬੀਬਾ ਹਰਸਿਮਰਤ ਕੌਰ ਬਾਦਲ ਨੂੰ ਸ੍ਰੀ ਅੰਮ੍ਰਿਤਸਰ ਵਿਚ ਟਰੂਡੋ ਦੇ ਸਵਾਗਤ ਲਈ ਭਾਰਤ ਸਰਕਾਰ ਦੇ ਨੁਮਾਇੰਦੇ ਵਜੋਂ ਸ਼ਾਮਲ ਕਰ ਲਿਆ ਜਾਵੇਗਾ ਪਰ ਮੋਦੀ ਸਰਕਾਰ ਨੇ ਵੀ ਅਕਾਲੀ ਦਲ ਨੂੰ ਧੋਬੀ ਪਟਕਾ ਦਿੰਦਿਆਂ ਕੇਂਦਰੀ ਰਾਜ ਮੰਤਰੀ ਹਰਦੀਪ ਸਿੰਘ ਪੁਰੀ ਨੂੰ ਟਰੂਡੋ ਦੀ ਅੰਮ੍ਰਿਤਸਰ ਯਾਤਰਾ ਮੌਕੇ ਸਵਾਗਤ ਕਰਨ ਲਈ ਭੇਜ ਦਿੱਤਾ। ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵਲੋਂ ਟਰੂਡੋ ਦੇ ਸਵਾਗਤ ਲਈ ਸਥਾਨਕ ਸਰਕਾਰਾਂ ਮੰਤਰੀ ਤੇ ਬਾਦਲ ਪਰਿਵਾਰ ਦੇ ਕੱਟੜ੍ਹ ਸਿਆਸੀ ਦੁਸ਼ਮਣ ਨਵਜੋਤ ਸਿੰਘ ਸਿੱਧੂ ਨੂੰ ਭੇਜ ਕੇ ਵੱਡੀ ਸਿਆਸੀ ਚਾਲ ਚੱਲੀ ਹੈ, ਜਿਸ ਨੇ ਸ਼੍ਰੋਮਣੀ ਅਕਾਲੀ ਦਲ ਵਲੋਂ ਜਸਟਿਨ ਟਰੂਡੋ ਦੀ ਯਾਤਰਾ ਦਾ ਪਰਵਾਸੀ ਸਿੱਖਾਂ ਵਚ ਆਪਣੀ ਡਿੱਗੀ ਸ਼ਾਖ ਨੂੰ ਬਹਾਲ ਕਰਨ ਦੀਆਂ ਕੋਸ਼ਿਸ਼ਾਂ ਅਸਫਲ ਕਰ ਦਿੱਤੀਆਂ। ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਪਰਕਰਮਾ ਦੇ ਅੰਦਰ ਟਰੂਡੋ ਦੇ ਨਾਲ ਨਵਜੋਤ ਸਿੰਘ ਸਿੱਧੂ ਤੇ ਹਰਦੀਪ ਸਿੰਘ ਪੁਰੀ ਹੀ ਨਜ਼ਰ ਆਏ।

### ਛੋਟੇ ਟਰੂਡੋ ਦੀ ਬੱਲੇ ਬੱਲੇ .

Singh Ranbir ਸਿੱਧੂ ਨੇ ਵੀ ਵਧੀਆ ਕੀਤਾ ਜਿਹੜਾ ਚਲ਼ਾ ਗਿਆ ਸਵਾਗਤ ਲਈੲ। ਪਰ ਟਰੂਡੋ ਸਾਬ ਦਾ ਛੋਟਾ ਬੱਚਾ ਨੀ ਦਿੱਸਿਆ ਕਿਤੇ (ਟਰੂਡੋ ਦੇ ਸਵਾਗਤ ਸਮੇਂ ਉਹ ਅਜੇ ਜਹਾਜ਼ ਦੀਆਂ ਪੌੜੀਆਂ ਉੱਤਰ ਰਿਹਾ ਸੀ)

hr arvinder ਟਰੂਡੋ ਜੈਕਾਰਿਆਂ ਦਾ ਜਵਾਬ ਬਾਹਾਂ ਉਤਾਂਹ ਕਰਕੇ ਦੇ ਰਿਹੈ। ਸੰਗਤ ਨੂੰ ਵੀ ਮਿਲ ਰਿਹੈ।

ਛੋਟੂ ਹੈਡਰੀਅਨ ਨਹੀਂ ਅੱਜ ਨਾਲ। ਥੱਕ ਗਿਆ ਜਾਂ ਸਿਹਤ ਠੀਕ ਨੀ।

Kulwant Singh Khalsa ਛੋਟੂ ਜਹਾਜ ਚ ਉਤਰਦਾ ਦਿਸਦਾ ਸੀ

Balwinder Singh ਧਿਆਨ ਦਿਉ ਜੀ। ਛੋਟਾ ਭਝੰਗੀ ਮਸਤ ਏ ਜਹਾਜ਼ ਦੀਆਂ ਪੌੜੀਆਂ ਤੇ....

Singh Ranbir ਛੋਟੇ ਨੂੰ ਹੀ ਮੈਂ ਲੱਭੀ ਜਾਨਾ

Sukhjeet Singh ਗੁਰ ਫਤਿਹ ਟਰੂਡੋ ਸਾਬ ....ਗੁਰੂ ਰਾਮਦਾਸ ਜੀ ਮਿਹਰ ਕਰਨ

ਸਿੱਖਾ ਦੀ ਜਿੰਨੀ ਇੱਜ਼ਤ ਟਰੂਡੋ ਸਾਬ ਕਰਦੇ ਦੁਨੀਆ ਦਾ ਕੋਈ ਪਰਾਇਮ ਮਿਨਸਟਰ ਨੀ ਕਰਦਾ

# ਜ਼ਿੰਦਗੀ ਨੂੰ ਸੁਹਾਵਣੀ ਬਣਾਓ
# 'ਦ ਕੰਪਨੀ ਯੂ ਕੀਪ'
# ਦੇ ਨਾਲ !

NEW YORK LIFE
www.newyorklife.com

1845 ਤੋਂ ਅਸੀਂ ਲੋਕਾਂ ਨੂੰ ਉਨ੍ਹਾਂ ਦੇ ਔਖੇ ਸਮਿਆਂ 'ਚ ਮਨ ਦੀ ਸ਼ਾਂਤੀ ਲਿਆਉਣ ਦੇ ਸਮਰੱਥ ਰਹੇ ਹਾਂ। ਅਸੀਂ ਏਸ਼ੀਆ-ਭਾਰਤੀ ਕੌਮ ਦੀ ਸੇਵਾ ਕਰਦੇ ਮਾਣ ਮਹਿਸੂਸ ਕਰਦੇ ਹਾਂ ਅਤੇ ਜ਼ਿੰਦਗੀ ਦੇ ਹਰ ਪਹਿਲੂ 'ਤੇ ਤੁਹਾਡਾ ਸਾਥ ਨਿਭਾਉਣ ਦਾ ਵਾਅਦਾ ਕਰਦੇ ਹਾਂ।






COVERED CALIFORNIA

## ਸਿਮਰਨ ਕੌਰ ਅਟਵਾਲ
ਏਜੰਟ
ਲਾਇਸੰਸ # OE17073

ਨਿਊ ਯਾਰਕ ਇੰਸ਼ੋਰੈਂਸ ਕੰਪਨੀ
3255 ਵੈਸਟ ਮਾਰਚ ਲੇਨ, # 300 ਸਟਾਕਟਨ, ਕੈਲੀਫੋਰਨੀਆ 95219
ਫੋਨ : 209-955-2418, 209-993-7978
skatwal@ft.newyorklife.com

ਆਪਣੇ ਪਰਿਵਾਰ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਹੁਣੇ ਆਪਣੇ ਸਥਾਨਕ ਏਜੰਟ ਨਾਲ ਸੰਪਰਕ ਕਰੋ !!











## FUEL CARD
Our Over The Road (OTR) Fuel Card replaces cash and credit cards for fuel and maintenance - with low transaction fees - at over 6,600 truck stops across the country. We offer line of credit - $10,000 to $100,000.

## FACTORING
Fleet One introduces aggressive factoring program for Trans-Alliance members. We can beat any price to get your piece of business.

ਪੰਜਾਬੀ ਵਿਚ ਜਾਣਕਾਰੀ ਲਈ 1.855.641.6955

888.795.7035
sales@trans-alliance.com
www.trans-alliance.com

PETRO Stopping Centers · TA TravelCenters of America · Loves Travel Stops & Country Stores



## NOW OPEN IN MODESTO/CERES



# PANNU'S
## LEGAL SERVICES (Regd. & Bonded)

G.S. Pannu
Immigration Consultant-LDA

# 510.677.5200

ivisapass@gmail.com

### IMMIGRATION
- Family Petitions (Husband, Wife, Brother, Sister, Mother, Father, Son, Daughter)
- Green Card
- Citizenship
- Affidavit of Support
- Political Asylum
- Visas From India
  - Tourist • Business • H1B
  - Student • Relegious
  - ... & related matters

Family Petitions **FREE**

### DIVORCE
- Petitions
- Child Support
- Child Visitation
- Child Custody
- Modification
- ...& related matters

RADIO GAL PUNJAB DI USA
LISTEN & SPONSOR
ਰੇਡੀਓ ਗੱਲ ਪੰਜਾਬ ਦੀ ਯੂਐਸਏ
Download on the App Store · ANDROID APP ON Google Play
Live on Facebook · Video on YouTube
www.radiogalpunjabdiusa.com

POWER OF ATTORNEY · CREDIT REPAIR/CLEAR
SMALL CLAIM COURT CASES ...& help in legal documents preparation

FREMONT
40757 GRIMMER BLVD, CA 94538

MODESTO/CERES
3810 EAU CLAIRE AVE, CA 95307



# SINGH TRANSPORT INC



ਔਕਲੈਂਡ ਪੋਰਟ, ਲਾਸ ਏਂਜਲਸ ਪੋਰਟ ਅਤੇ ਲੌਂਗ ਬੀਚ ਪੋਰਟ 'ਤੇ ਕੰਮ ਕਰਨ ਲਈ ਏ ਕਲਾਸ ਡਰਾਈਵਰਾਂ ਅਤੇ ਓਨਰ ਅਪ੍ਰੇਟਰਾਂ ਦੀ ਲੋੜ ਹੈ।

STUDENT DRIVER WELCOM
ਅਸੀਂ ਲਾਇਸੰਸ ਲੈਣ ਲਈ ਤੁਹਾਡੇ ਸਕੂਲ ਦਾ ਖਰਚਾ ਵੀ ਦਿੰਦੇ ਹਾਂ।

ਫਰਿਜ਼ਨੋ ਵੈਲੀ ਏਰੀਏ ਵਿਚੋਂ ਡਰਾਈਵਰਾਂ ਦੀ ਸਖ਼ਤ ਲੋੜ

- ਡ੍ਰਾਈ ਵੈਨ ਡਰਾਈਵਰਾਂ ਦੀ ਲੋੜ
- ਵਰਕ ਪਰਮਿਟ ਹੋਲਡਰ ਨਵੇਂ ਡਰਾਈਵਰਾਂ ਦਾ ਸਵਾਗਤ
- ਨਵੇਂ ਲਾਇਸੰਸ ਡਰਾਈਵਰਾਂ ਦਾ ਸਵਾਗਤ
- ਟ੍ਰੇਨਿੰਗ ਉਪਲਬੱਧ
- Double Endorsement ਵਾਲੇ ਡਰਾਈਵਰਾਂ ਦੀ ਲੋੜ ਹੈ।
- LA ਤੋਂ Bay Area-Sacramento-LA ਵਾਸਤੇ Hook Drop ਲੋਡ ਚੁੱਕੋ।
- ਅਸੀਂ ਡਰਾਈਵਰਾਂ ਨੂੰ 55 Cent ਤੱਕ per mile ਦਿੰਦੇ ਹਾਂ।
- ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰ ਕੇ ਮਹੀਨੇ ਦਾ ਡਾਲਰ $6000 ਕਮਾਓ।
- ਕੰਮ ਕਰਨ ਲਈ ਵਧੀਆ ਅਤੇ ਆਰਾਮਦਾਇਕ ਮਾਹੌਲ।
- ਅਸੀਂ ਪੋਰਟ 'ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।
- ਅਸੀਂ ਬੋਨਸ ਵੀ ਦਿੰਦੇ ਹਾਂ।
- ਰੋਜ਼ਾਨਾ ਸ਼ਾਮ ਨੂੰ ਘਰ ਜਾਓ।

ਟਰੱਕ ਰਿਪੇਅਰ ਮਕੈਨਿਕ ਦੀ ਲੋੜ

ਸੰਪਰਕ:
ਸਤਨਾਮ ਸਿੰਘ ਖਹਿਰਾ (510) 543-3778, ਜਗਤਾਰ ਸਿੰਘ (510) 918-2439, (510) 943-9578


ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ
ਪੰਜਾਬੀ ਢਾਬਾ
Now Open
Indiana
1480 N State Road 1, Cambridge City, IN 47327.
70
Diesel/Gas
Exit 137
ਟਰੱਕਾਂ ਵਾਲੇ ਭਰਾਵਾਂ ਲਈ
ਖੁੱਲ੍ਹ ਗਿਆ
ਇਥੇ ਮੰਜਿਆਂ ਉਪਰ ਬੈਠਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਵੋ...
ਸਵਾਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਤੇ ਘਰ ਦੀ...
ਸਹੂਲਤਾਂ
ਕੀਮਤਾਂ ਬਹੁਤ ਹੀ ਵਾਜਬ !
ਪੰਜਾਬੀ ਢਾਬਾ
ਸਸਤਾ ਡੀਜ਼ਲ
Liquor, Beer & Wine
truck repair, new showers, scale.
Free Buffet
over 100 gallons
open 6am to midnight
Phone: 765-478-6300


ਉੱਘੇ ਸਿੱਖ ਵਿਦਵਾਨ ਭਾਈ ਅਜਮੇਰ ਸਿੰਘ
ਦੀਆਂ ਬੇਹੱਦ ਪੜ੍ਹਣ ਯੋਗ ਪੁਸਤਕਾਂ
ਹੁਣ ਅਮਰੀਕਾ ਵਿੱਚ ਘਰ ਬੈਠੇ ਪ੍ਰਾਪਤ ਕਰ ਸਕਦੇ ਹੋ:
ਵੀਹਵੀਂ ਸਦੀ ਦੀ ਸਿੱਖ ਰਾਜਨੀਤੀ
ਕਿਸ ਬਿਧ ਰੁਲੀ ਪਾਤਸ਼ਾਹੀ
1984 ਅਣਚਿਤਵਿਆ ਕਹਿਰ
ਸਿੱਖਾਂ ਦੀ ਸਿਧਾਂਤਕ ਘੇਰਾਬੰਦੀ
ਸ਼ਹੀਦ ਕਰਤਾਰ ਸਿੰਘ ਸਰਾਭਾ
ਗ਼ਦਰੀ ਬਾਬੇ ਕੌਣ ਸਨ?
ਅਜਮੇਰ ਸਿੰਘ
ਕੀਮਤ ਇੱਕ ਪੁਸਤਕ : 20 ਡਾਲਰ (ਡਾਕ ਖਰਚੇ ਸਮੇਤ)
ਸਾਰੀਆਂ ਪੁਸਤਕਾਂ ਦਾ ਸੈੱਟ : 100 ਡਾਲਰ (ਡਾਕ ਖਰਚੇ ਸਮੇਤ)
ਹੋਰ ਜਾਣਕਾਰੀ ਸੰਪਰਕ ਕਰੋ :
ਤਜਿੰਦਰ ਸਿੰਘ 916-529-7877
ਜਸਜੀਤ ਸਿੰਘ ਫੋਨ :510 875 3279


CHAAT BHAVAN RESTAURANT
CHAAT BHAVAN®
Best Name for Indian Vegetarian Food
DINE IN • TAKE OUT • CATERING • DELIVERY
ਵਿਆਹ ਸ਼ਾਦੀ,
ਬਰਥ ਡੇ ਪਾਰਟੀ,
ਐਨਵਰਸਰੀ ਜਾਂ ਹੋਰ
ਕਿਸੇ ਵੀ ਕਿਸਮ ਦੀ
ਕੇਟਰਿੰਗ ਲਈ ਸਦਾ
ਸਾਨੂੰ ਯਾਦ ਰੱਖੋ।
FOR CATERING INQUIRIES:
408.472.0229
Catering
FULL SERVICE CATERING
FOR YOUR SPECIAL EVENT
from 50 to upto 10,000 guests.
Setup a Tasting Appointment Today!
5355 MOWRY AVENUE • FREMONT
510.795.1100
976 E. EL CAMINO REAL • SUNNYVALE
408.795.1100
4112 GRAFTON ST • DUBLIN
925.829.1700
WWW.CHAATBHAVAN.COM


Watch Your Favorite Channel
FREE PREVIEW
jus punjabi
MUDDA
Daily Dose
KHIDI DUPEHAR
PRIME TIME NEWS
Kitty Party
Sadde Jalwe
AMERICAN VISION
FIRELINE
Ithaas De Panne
The 1st American-Punjabi Television Channel
WATCH jus punjabi ON CHANNEL 736 ON
dish | sling TELEVISION
for advertisement & more information call: +1-718-752-9290 x 202
www.jusbroadcasting.com



SANJHI SOCH WEEKLY PUNJABI NEWSPAPER PRESENTS.
SATTI SATWINDER
JEETA GILL
JAGTAR JAGGI
SUNNY BABBAR
DAVINDER PAMMI
DHARMVIR GARCHA
5th Annual Function
SPECIAL GUEST
ASHOK KUMAR NABHEWALA
SENIOR ADVOCATE
PUNJAB & HARYABA HIGH COURT
Sanjhi Soch
CHIEF GUEST
ANOKH SINGH
Ex. CHIEF SUB EDITOR
AJIT JALANDHAR
Special Photography
Lamba Video Production
on 24th Feb 2018
Saturday at 5pm to 9pm.
JOT RANJIT
ASHA SHARMA
DEVINDER HOTHI
Prize Draw Sponsors
FACE BOOK LIVE
Jagdev Bhandal
Bless-U Film Productions
PJ PRINCE JEWELERS
Bagga Palace Sacramento
Paul Fashion, Turlock
Sunrise Truck Driving School, Fresno
CATERING PUNJAB EXPRESS
PHOTOGRAPHY & VIDEO KB BRAR
DECORATION BY JS LINENS & EVENTS
Nirvaana Banquet Hall
1005 E Pescadero Ave. Tracy, CA 95304
Jaspreet Singh Attorney at law, Manvir Powar, Taj Randhawa, Bob Virk, Pritam Singh Grewal, Gulinder Gill, Mandeep Bilga , Golden State Truck Auto, Paul Sahota
Harbhinder Chuhan, G.S.Pannu Legal Services, Gurjeet Singh Chahal, Dalwinder Singh Dhoot, Ashwani Bhakri, Jasbir Takhar, Dharshan Aujla, Kashmir Dhuga ,
GN Tire & Lube, Tire & Wheel Outlet , Davinder Singh Bains, Manmeet Grewal, Magar Singh Moon Ice Cream, Sikandar Grewal, Surinder Gosal, Jaswant Pannu,
Amarjit Singh, Baljinder Singh, Tarik & Rajwant Abedi, Punjab Insurance, Paul Chadda, Sunny Babbar, Maluk Singh Dhami Harjinder Tiwana, Harvinder Singh Kullar,
Harkrishan Khatkar, California Immigration Services, MK Travel, Jaswinder Toor, Satnam Singh Khaira, Jagroop Singh Sidhu, AKB Transportation,
Surjit Singh Malhi, Legend Travel, Capital Tires, Rama Dawar & AD Sodhi, Rana Sandhu, Harpreet singh Sidhu, Harsimran Hundal, Mohinder Kanda,
Pardip Singh Saini, Sudesh Singh Atwal, Surjit Singh Sutjbansi, Kuldeep Singh Dhindsa, Gurcharan Singh Mann, Surjit Singh Manku,
Arwinder Singh Lakha, Ravinder Singh Boyal, Parminderpal Singh Rathore, Sher Singh Chuha, Bhupinder Singh Jadla, Satbir Singh Heer, Sukhwinder
Hundal, Sukhwinder Singh Ablowal, Gurnam Singh Pamma, HSD Trucking Suman Transpotation, Sardool Singh Bajwa, White Hawk Inc, Sital Singh,
Ravi Randhawa, Harjap Singh, Chalmal Singh Ajnala
Beyond Bancard
FREE
No Contract
CHICAGO'S PIZZA
Denny's
ਪੰਜਾਬ ਮੇਲ
ਅੰਮ੍ਰਿਤਸਰ ਟਾਈਮਜ਼
ਸਾਡੇ ਲੋਕ
ਪੰਜਾਬ ਲਿਸ਼ਕ
FOR MORE INFO BOOTA SINGH BASI @(209) 303-1260
R.S.V.P: Gurmit Singh Gaziana, Pal Sahota, Rana Gill, Avtar Gill, Paramjit Singh Dakha, Guri Kang, Inderjit Singh Kallirai, Sardool Singh Bajwa
Entry By Invitation Only

# ਪੰਜਾਬ 'ਚ ਹਰ ਪੰਜਵੀਂ ਔਰਤ ਘਰੇਲੂ ਹਿੰਸਾ ਦੀ ਸ਼ਿਕਾਰ

- 16449 ਪਰਿਵਾਰਾਂ ਦੀਆਂ ਔਰਤਾਂ 'ਤੇ ਕੀਤਾ ਸਰਵੇ
- ਨੈਸ਼ਨਲ ਫੈਮਲੀ ਹੈਲਥ ਸਰਵੇ ਦੀ ਰਿਪੋਰਟ ਸਮਾਜ ਨੂੰ ਸ਼ਰਮਸਾਰ ਕਰਨ ਵਾਲੀ
- ਪੁਲੀਸ ਔਰਤ ਦੇ ਪੱਖ 'ਚ ਨਹੀਂ ਕਰਦੀ ਕਾਰਵਾਈ



**ਬਲਰਾਜ ਕੌਰ ਪੰਨੂੰ**

ਪੰਜਾਬ ਵਿਚ ਹਰੇਕ ਪੰਜਵੀਂ ਔਰਤ ਘਰੇਲੂ ਹਿੰਸਾ ਦੀ ਸ਼ਿਕਾਰ ਹੈ। ਇੱਥੇ ਸ਼ਹਿਰ ਤੋਂ ਲੈ ਕੇ ਪਿੰਡ ਤੱਕ ਘਰਾਂ ਵਿਚ ਵੀ ਔਰਤਾਂ ਦੇ ਨਾਲ ਜ਼ੁਲਮ ਹੋ ਰਹੇ ਹਨ। ਸੱਸ ਨਾਲ ਸੁਆਲ-ਜੁਆਬ ਕਰਨ 'ਤੇ ਬੱਚਿਆਂ ਦੀ ਸਹੀ ਦੇਖਭਾਲ ਨਾ ਹੋਣ 'ਤੇ, ਦੋ ਸੌ ਤੋਂ ਵੱਧ ਧੀਆਂ ਹੋਣ 'ਤੇ ਘਰਾਂ ਵਿਚ ਉਨ੍ਹਾਂ ਨੂੰ ਤੰਗ ਪਰੇਸ਼ਾਨ ਕੀਤਾ ਜਾਂਦਾ ਹੈ। ਇਹ ਖੁਲਾਸਾ ਨੈਸ਼ਨਲ ਫੈਮਲੀ ਹੈਲਥ ਸਰਵੇ-4 (2015-2016) ਦੀ ਰਿਪੋਰਟ ਵਿਚ ਹੋਇਆ ਹੈ। ਪੰਜਾਬ ਦੇ 16449 ਪਰਿਵਾਰਾਂ 'ਤੇ ਹੋਏ ਇਸ ਸਰਵੇ ਵਿਚ (15 ਤੋਂ 49 ਸਾਲ) ਦੀਆਂ 21 ਹਜ਼ਾਰ ਔਰਤਾਂ ਨੇ ਬੇਬਾਕੀ ਨਾਲ ਆਪਣੀ ਗੱਲ ਰੱਖੀ ਹੈ। 20.5 ਫ਼ੀਸਦੀ ਵਿਆਹੁਤਾ ਔਰਤਾਂ ਹਨ। ਹੈਰਾਨੀ ਦੀ ਗੱਲ ਇਹ ਹੈ ਕਿ ਇਸ ਵਿਚੋਂ 63 ਫ਼ੀਸਦੀ ਔਰਤਾਂ ਘਰੇਲੂ ਹਿੰਸਾ ਦੇ ਖ਼ਿਲਾਫ਼ ਨਾ ਤਾਂ ਕਿਸੇ ਨੂੰ ਦੱਸਦੀਆਂ ਹਨ ਤੇ ਨਾ ਹੀ ਇਸ ਦੇ ਖ਼ਿਲਾਫ਼ ਅਵਾਜ਼ ਹੀ ਚੁੱਕਦੀਆਂ ਹਨ। ਉਹ ਚੁੱਪਚਾਪ ਇਸ ਜ਼ੁਲਮ ਨੂੰ ਝੱਲ ਰਹੀਆਂ ਹਨ, ਕਿਉਂਕਿ ਉਹ ਜਾਣਦੀਆਂ ਹਨ ਕਿ ਜੇਕਰ ਉਨ੍ਹਾਂ ਨੇ ਅਜਿਹਾ ਕੀਤਾ, ਤਾਂ ਮਾਪਿਆਂ ਤੇ ਸਹੁਰਿਆਂ ਦੋਵਾਂ ਘਰਾਂ ਦੇ ਦਰਵਾਜ਼ੇ ਉਨ੍ਹਾਂ ਵਾਸਤੇ ਸਦਾ ਲਈ ਬੰਦ ਹੋ ਜਾਣਗੇ। ਰਿਪੋਰਟ ਅਨੁਸਾਰ ਪੰਜਾਬ ਵਿਚ 60 ਫ਼ੀਸਦੀ ਮਾਮਲਿਆਂ ਵਿਚ ਪਾਇਆ ਗਿਆ ਕਿ ਹਿੰਸਾ ਦੇ ਵਕਤ ਪਤੀ ਸ਼ਰਾਬ ਦੇ ਨਸ਼ੇ ਵਿਚ ਹੁੰਦੇ ਹਨ ਯਾਨੀ ਕਿ ਨਸ਼ੇ ਵਿਚ ਛੋਟੀ-ਛੋਟੀ ਗੱਲ 'ਤੇ ਪਤਨੀਆਂ ਨੂੰ ਕੁੱਟਦੇ ਹਨ। ਗੱਲ ਜੇਕਰ ਗੁਆਂਢੀ ਸੂਬਾ ਹਰਿਆਣਾ ਦੀ ਕਰੀਏ, ਤਾਂ ਇੱਥੇ ਵੀ ਹਾਲਾਤ ਮਾੜੇ ਹਨ। ਹਰਿਆਣਾ ਵਿਚ 34 ਫ਼ੀਸਦੀ ਅਰਥਾਤ ਹਰ ਤੀਜੀ ਔਰਤ ਘਰੇਲੂ ਹਿੰਸਾ ਤੋਂ ਪੀੜਤ ਹੈ। ਸ਼ਰਾਬ ਦੇ ਨਸ਼ੇ 'ਚ ਪਤੀਆਂ ਵੱਲੋਂ ਹਿੰਸਾ ਕਰਨ ਦੀ ਦਰ 71 ਫ਼ੀਸਦੀ ਹੈ ਤੇ ਇਸ ਬਾਰੇ ਅਵਾਜ਼ ਨਾ ਚੁੱਕਣ ਜਾਂ ਮਦਦ ਦੀ ਗੁਹਾਰ ਨਾ ਲਗਾਉਣ ਦਾ ਪ੍ਰਤੀਸ਼ਤ 77 ਹੈ। ਹਾਲਾਂ ਕਿ, ਇਸ ਆਦਤ ਨੂੰ ਰੋਕਣ ਲਈ 2006 ਵਿਚ ਜ਼ੋਰ-ਸ਼ੋਰ ਨਾਲ 'ਘਰੇਲੂ ਹਿੰਸਾ ਐਕਟ' ਲਾਗੂ ਕੀਤਾ ਗਿਆ ਪਰ ਇਹ ਦਿਖਾਵਾ ਮਾਤਰ ਹੀ ਹੈ। ਵੱਡੀ ਗੱਲ ਇਹ ਵੀ ਹੈ ਕਿ ਘਰੇਲੂ ਹਿੰਸਾ ਵਿਚ ਕੁੱਟਮਾਰ ਨੂੰ ਬਹੁਤ ਸਾਰੀਆਂ ਔਰਤਾਂ ਨੇ ਸਹਿਜੇ ਹੀ ਸਵੀਕਾਰ ਕਰ ਲਿਆ ਹੈ। ਪੰਜਾਬ ਵਿਚ 19484 ਔਰਤਾਂ 'ਤੇ ਹੋਏ ਸਰਵੇ ਵਿਚ 33 ਫ਼ੀਸਦੀ ਔਰਤਾਂ ਵਿਸ਼ੇਸ਼ ਹਾਲਾਤ 'ਚ ਪਤੀ ਵੱਲੋਂ ਕੁੱਟਣ ਨੂੰ ਸਹੀ ਮੰਨਦੀਆਂ ਹਨ। ਉੱਥੇ, 21 ਫ਼ੀਸਦੀ ਔਰਤਾਂ ਦਾ ਕਹਿਣਾ ਹੈ ਕਿ ਜੇਕਰ ਸੱਸ ਦੇ ਨਾਲ ਉਨ੍ਹਾਂ ਨੇ ਚੰਗਾ ਵਿਵਹਾਰ ਨਹੀਂ ਕੀਤਾ ਹੈ, ਤਾਂ ਉਨ੍ਹਾਂ ਦੀ ਕੁੱਟਮਾਰ ਜਾਇਜ਼ ਹੈ। 15 ਫ਼ੀਸਦੀ ਦਾ ਮੰਨਣਾ ਹੈ ਕਿ ਬੱਚਿਆਂ ਦੀ ਸਹੀ ਦੇਖਭਾਲ ਨਾ ਕੀਤੇ ਜਾਣ 'ਤੇ ਉਨ੍ਹਾਂ ਦੀ ਕੁੱਟਮਾਰ ਉੱਚਿਤ ਹੈ। ਨੈਸ਼ਨਲ ਫੈਮਲੀ ਹੈਲਥ ਸਰਵੇ-4 (2015-16) ਸਿਹਤ ਤੇ ਪਰਿਵਾਰ ਕਲਿਆਣ ਮੰਤਰਾਲੇ ਦੇ ਲਈ ਅੰਤਰਰਾਸ਼ਟਰੀ ਜਨਸੰਖਿਆ ਵਿਗਿਆਨ ਨੇ ਕੀਤਾ ਹੈ। ਇਸ ਦਾ ਉਦੇਸ਼ ਭਾਰਤੀ ਸਮਾਜ ਦੇ ਹਰੇਕ ਖੇਤਰ ਖ਼ਾਸ ਕਰਕੇ ਸਿਹਤ, ਸਿੱਖਿਆ, ਜਨਮ ਤੇ ਮੌਤ ਦਰ, ਧਰਮ, ਜਾਤ ਆਦਿ ਵਿਚ ਹੋ ਰਹੀ ਤਬਦੀਲੀ ਦਾ ਇੱਕ ਵਧੀਆ ਡਾਟਾ ਬੈਂਕ ਬਣਾਉਣਾ ਹੈ।

## ਘਰੇਲੂ ਹਿੰਸਾ ਦੇ 7 ਵੱਡੇ ਕਾਰਨ:

* ਔਰਤਾਂ 'ਚ ਸਿੱਖਿਆ ਦੀ ਘਾਟ।
* ਆਰਥਿਕ ਤੌਰ 'ਤੇ ਉਨ੍ਹਾਂ ਦਾ ਕਮਜ਼ੋਰ ਹੋਣਾ।
* ਪਤੀ ਦਾ ਬੇਹੱਦ ਸ਼ਰਾਬੀ ਜਾਂ ਕੋਈ ਹੋਰ ਨਸ਼ੇ ਦੀ ਭੈੜੀ ਲੱਤ ਲੱਗੀ ਹੋਣਾ।
* ਦਾਜ ਦੀ ਮੰਗ ਕਰਨਾ।
* ਨੂੰਹ ਵੱਲੋਂ ਵਾਰ-ਵਾਰ ਧੀ ਪੈਦਾ ਕਰਨਾ।
* ਸਹੁਰਾ ਘਰ ਵਿਚ ਦੁਰਵਿਵਹਾਰ ਦਾ ਵਿਰੋਧ ਕਰਨਾ।
* ਪੁਰਸ਼ ਦਾ ਉਸ ਦੇ ਚਰਿੱਤਰ 'ਤੇ ਸ਼ੱਕ ਕਰਨਾ।

## ਤੰਗ ਪਰੇਸ਼ਾਨ ਕਰਨ ਦੇ ਢੰਗ-ਤਰੀਕੇ

**ਸਰੀਰਕ ਹਿੰਸਾ :** ਕੁੱਟ ਮਾਰ ਕਰਨਾ, ਧੱਕਾ ਦੇਣਾ, ਠੋਕਰ ਮਾਰਨਾ, ਲੱਤ, ਮੁੱਕਾ ਮਾਰਨਾ ਅਰਥਾਤ ਸਰੀਰਕ ਪੀੜਾ ਜਾਂ ਨੁਕਸਾਨ ਪਹੁੰਚਾਉਣਾ।

**ਯੌਨ ਹਿੰਸਾ :** ਬਲਾਤਕਾਰ, ਅਸ਼ਲੀਲ ਸਾਹਿੱਤ ਜਾਂ ਕੋਈ ਹੋਰ ਅਸ਼ਲੀਲ ਸਮੱਗਰੀ ਦਿਖਾਉਣਾ, ਦੁਰਵਿਵਹਾਰ, ਬੇਇੱਜ਼ਤ ਕਰਨਾ, ਪਰਿਵਾਰਕ ਤੇ ਸਾਮਾਜਿਕ ਸਨਮਾਨ ਨੂੰ ਨੁਕਸਾਨ ਪਹੁੰਚਾਉਣਾ।

**ਭਾਵਨਾਤਮਕ ਹਿੰਸਾ :** ਚਰਿੱਤਰ 'ਤੇ ਲੱਛਣ, ਪੁੱਤਰ ਨਾ ਹੋਣ 'ਤੇ ਬੇਇੱਜ਼ਤ ਕਰਨਾ, ਦਾਜ ਘੱਟ ਲਿਆਉਣ 'ਤੇ ਜ਼ਲੀਲ ਕਰਨਾ, ਨੌਕਰੀ ਛੱਡਣ ਨੂੰ ਮਜਬੂਰ ਕਰਨਾ, ਇੱਛਾ ਦੇ ਵਿਰੁੱਧ ਸੰਬੰਧ ਬਨਾਉਣੇ, ਗਾਲੀ-ਗਲੌਚ ਆਦਿ ਕਰਨਾ ਭਾਵਨਾਤਮਕ ਹਿੰਸਾ ਵਿਚ ਆਉਂਦੇ ਹਨ।

**ਆਰਥਿਕ ਹਿੰਸਾ :** ਬੱਚਿਆਂ ਦੇ ਪਾਲਣ-ਪੋਸ਼ਣ ਲਈ ਧਨ ਮੁਹੱਈਆ ਨਾ ਕਰਵਾਉਣਾ। ਬੱਚਿਆਂ ਲਈ ਖਾਣਾ, ਕੱਪੜੇ ਤੇ ਦਵਾਈਆਂ ਉਪਲੱਬਧ ਨਾ ਕਰਵਾਉਣਾ। ਤਨਖ਼ਾਹ ਜਾਂ ਮਜ਼ਦੂਰੀ ਤੋਂ ਆਮਦਨ ਲੈਣਾ।

## ਪੁਲੀਸ ਦੀ ਲਾਪਰਵਾਹੀ ਦੀਆਂ ਮਿਸਾਲਾਂ

1. ਘਰੇਲੂ ਹਿੰਸਾ ਵਿਚ ਕਈ ਵਾਰ ਪੁਲੀਸ ਕੇਸ ਦਰਜ ਨਹੀਂ ਕਰਦੀ। ਸਿਰਫ਼ ਡਾਇਰੀ ਵਿਚ ਲਿਖ ਲੈਂਦੀ ਹੈ। ਪੇਂਡੂ ਖੇਤਰਾਂ ਵਿਚ ਤਾਂ ਪੀੜਤ ਔਰਤਾਂ ਨੂੰ ਐੱਫ.ਆਈ. ਆਰ. ਦੀ ਨਕਲ ਤੱਕ ਨਹੀਂ ਦਿੱਤੀ ਜਾਂਦੀ। ਮੰਗਣ 'ਤੇ ਪਰੇਸ਼ਾਨ ਕੀਤਾ ਜਾਂਦਾ ਹੈ। ਘਰੇਲੂ ਹਿੰਸਾ ਦੇ ਅੰਕੜੇ ਵਧਣ ਦੇ ਡਰੋਂ ਪੁਲੀਸ ਕਾਰਵਾਈ ਤੋਂ ਬਚਦੀ ਹੈ।



2. ਪਤੀ ਵੱਲੋਂ ਔਰਤਾਂ ਨੂੰ ਕੁੱਟਣ ਨੂੰ ਪੁਲੀਸ ਵੱਡਾ ਮੁੱਦਾ ਨਹੀਂ ਮੰਨਦੀ। 'ਪਤੀ ਨੇ ਹੀ ਤਾਂ ਕੁੱਟਿਆ ਹੈ, ਪਿਆਰ ਵੀ ਉਹੀ ਕਰਦਾ ਹੈ' ਕਹਿ ਕੇ ਪੁਲੀਸ ਔਰਤਾਂ ਨੂੰ ਟਾਲ ਦਿੰਦੀ ਹੈ। ਪੁਲੀਸ ਮੁਲਾਜ਼ਮ ਰਿਸ਼ਵਤ ਲੈ ਕੇ ਤੰਗ ਪਰੇਸ਼ਾਨ ਔਰਤ ਨੂੰ ਸਮਝੌਤੇ ਲਈ ਮਜਬੂਰ ਕਰਦੇ ਹਨ ਜਾਂ ਬਦਲ ਕਮਜ਼ੋਰ ਕਰ ਦਿੰਦੇ ਹਨ।
3. ਥਾਣੇ ਵਿਚ ਸਿਰਫ਼ ਇੱਕ ਜਾਂ ਦੋ ਔਰਤ ਪੁਲੀਸ ਮੁਲਾਜ਼ਮਾਂ ਤਾਇਨਾਤ ਹੁੰਦੀਆਂ ਹਨ। ਔਰਤ ਜਾਂ ਘਰੇਲੂ ਹਿੰਸਾ ਨਾਲ ਸੰਬੰਧਿਤ ਮਾਮਲਿਆਂ ਵਿਚ ਉਨ੍ਹਾਂ ਦੀ ਦਖ਼ਲਅੰਦਾਜ਼ੀ ਵੀ ਘੱਟ ਕਰ ਦਿੱਤੀ ਜਾਂਦੀ ਹੈ। ਇਹੀ ਕਾਰਨ ਹੈ ਕਿ ਔਰਤ ਪੁਲੀਸ ਮੁਲਾਜ਼ਮ ਵੀ ਘਰੇਲੂ ਹਿੰਸਾ ਦੀ ਸ਼ਿਕਾਰ ਔਰਤ ਦੀ ਜ਼ਿਆਦਾ ਮਦਦ ਨਹੀਂ ਕਰ ਪਾਉਂਦੀਆਂ।ਕਈ ਵਾਰ ਤਾਂ ਉਨ੍ਹਾਂ ਦਾ ਹੀ ਸ਼ੋਸ਼ਣ ਕੀਤਾ ਜਾਂਦਾ ਹੈ। ਪੁਲੀਸ ਦਾ ਕਹਿਣਾ ਹੁੰਦਾ ਹੈ ਕਿ ਦਾਜ ਤੇ ਘਰੇਲੂ ਹਿੰਸਾ ਦੇ ਝੂਠੇ ਕੇਸ ਹੀ ਜ਼ਿਆਦਾ ਹੁੰਦੇ ਹਨ।

## ਘਰੇਲੂ ਹਿੰਸਾ ਐਕਟ ਦੇ ਬਾਵਜੂਦ ਨਹੀਂ ਮਿਲਦਾ ਇਨਸਾਫ਼

ਘਰੇਲੂ ਹਿੰਸਾ ਐਕਟ 2005 ਵਿਚ ਬਣਾਇਆ ਗਿਆ ਤੇ 26 ਅਕਤੂਬਰ 2006 ਤੋਂ ਇਸ ਨੂੰ ਲਾਗੂ ਕੀਤਾ ਗਿਆ। ਇਹ ਐਕਟ ਮਹਿਲਾ ਬਾਲ ਵਿਕਾਸ ਵੱਲੋਂ ਲਗਾਇਆ ਜਾਂਦਾ ਹੈ। ਸ਼ਹਿਰ ਵਿਚ ਮਹਿਲਾ ਬਾਲ ਵਿਕਾਸ ਵੱਲੋਂ ਜ਼ੋਨ ਦੇ ਅਨੁਸਾਰ ਅੱਠ ਸਰਪ੍ਰਸਤ ਅਧਿਕਾਰੀ ਨਿਯੁਕਤ ਕੀਤੇ ਗਏ ਹਨ, ਜੋ ਘਰੇਲੂ ਹਿੰਸਾ ਤੋਂ ਪੀੜਤ ਔਰਤਾਂ ਦੀਆਂ ਸ਼ਿਕਾਇਤਾਂ ਸੁਣਦੇ ਹਨ ਤੇ ਪੂਰੀ ਜਾਂਚ ਤੋਂ ਬਾਅਦ ਮਾਮਲੇ ਨੂੰ ਕੋਰਟ ਭੇਜਿਆ ਜਾਂਦਾ ਹੈ। ਐਕਟ ਦੇ ਅੰਤਰਗਤ ਔਰਤਾਂ ਦੇ ਹਰ ਰੂਪ ਮਾਂ, ਭਾਬੀ, ਭੈਣ, ਪਤਨੀ ਤੇ ਔਰਤਾਂ ਦੇ ਹਰ ਰੂਪ ਤੇ ਲੜਕੀਆਂ ਨਾਲ ਸੰਬੰਧਿਤ ਮਾਮਲਿਆਂ ਨੂੰ ਸ਼ਾਮਲ ਕੀਤਾ ਜਾਂਦਾ ਹੈ, ਪਰ ਘਰੇਲੂ ਮਾਮਲੇ ਬਾਹਰ ਆਉਂਦੇ ਹੀ ਨਹੀਂ।

# ਕੈਨੇਡਾ ਦੀ ਚਮਕ-ਦਮਕ 'ਚ ਠੱਗੀ ਗਈ ਸੁਖਜਿੰਦਰ ਕੌਰ

## ਐੱਨ. ਆਰ. ਆਈ. ਪਤੀ ਤੇ ਸੱਸ ਦੇ ਖ਼ਿਲਾਫ਼ ਧੋਖਾਦੇਹੀ ਦਾ ਕੇਸ ਦਰਜ

**ਮੋਗਾ/ਬਿਊਰੋ ਨਿਊਜ਼:** ਥਾਣਾ ਸਿਟੀ ਪੁਲੀਸ ਨੇ ਵਿਆਹ ਕਰਕੇ ਕੈਨੇਡਾ ਨਾ ਲਿਜਾਣ ਅਤੇ 10 ਲੱਖ ਰੁਪਏ ਦੀ ਠੱਗੀ ਕਰਨ ਦੇ ਦੋਸ਼ ਵਿਚ ਐੱਨ. ਆਰ. ਆਈ. ਪਤੀ ਗੁਰਵਿੰਦਰ ਸਿੰਘ ਤੇ ਸੱਸ ਕਰਮਜੀਤ ਕੌਰ ਦੇ ਖ਼ਿਲਾਫ਼ ਧੋਖਾਦੇਹੀ ਤੇ ਦਾਜ ਐਕਟ ਤਹਿਤ ਕੇਸ ਦਰਜ ਕੀਤਾ ਹੈ। ਪੁਲੀਸ ਮੁਤਾਬਕ, ਪੀੜਤ ਲੜਕੀ ਸੁਖਜਿੰਦਰ ਕੌਰ ਪਿੰਡ ਬੁੱਕਨਵਾਲਾ ਨੇ ਜ਼ਿਲ੍ਹਾ ਪੁਲੀਸ ਮੁਖੀ ਨੂੰ ਦਿੱਤੇ ਸ਼ਿਕਾਇਤ ਪੱਤਰ ਵਿਚ ਕਿਹਾ ਕਿ ਉਸ ਦਾ ਵਿਆਹ 20 ਜਨਵਰੀ 2015 ਨੂੰ ਮੂਲ ਵਾਸੀ ਪਿੰਡ ਮੱਲੀਆਂ ਵਾਲਾ ਤੇ ਕੈਨੇਡਾ ਵਿਚ ਰਹਿਣ ਵਾਲੇ ਗੁਰਵਿੰਦਰ ਸਿੰਘ ਪੁੱਤਰ ਸ਼ਮਸ਼ੇਰ ਸਿੰਘ ਨਾਲ ਹੋਇਆ ਸੀ। ਪੀੜਤਾ ਨੇ ਦੋਸ਼ ਲਗਾਇਆ ਕਿ ਉਸ ਦੇ ਸਹੁਰਿਆਂ ਨੇ ਵਿਆਹ ਦੇ ਸਮੇਂ 40 ਲੱਖ ਰੁਪਏ ਦੀ ਮੰਗ ਕੀਤੀ ਸੀ। ਵਿਆਹ ਦੇ ਮੌਕੇ 'ਤੇ 10 ਲੱਖ ਰੁਪਏ ਦਿੱਤੇ ਗਏ ਤੇ ਬਾਕੀ ਰਕਮ ਕੈਨੇਡਾ ਪਹੁੰਚ ਕੇ ਦੇਣ ਲਈ ਗੱਲ ਹੋਈ ਸੀ।




ਪੀੜਤਾ ਆਪਣੇ ਐੱਨ. ਆਰ. ਆਈ. ਪਤੀ ਦੇ ਨਾਲ ਸਹੁਰਾ ਪਰਿਵਾਰ ਵਿਚ 4-5 ਮਹੀਨੇ ਰਹੀ। ਦੋਸ਼ ਹੈ ਕਿ ਧੋਖਾਦੇਹੀ ਦੀ ਨੀਅਤ ਨਾਲ ਉਸ ਦਾ ਵਿਆਹ ਰਜਿਸਟਰਡ ਨਹੀਂ ਕਰਵਾਇਆ ਗਿਆ ਤੇ ਉਸ ਦਾ ਪਤੀ ਕੈਨੇਡਾ ਚਲਾ ਗਿਆ। ਪੀੜਤਾ ਦੇ ਮੁਤਾਬਕ ਉਸ ਦੇ ਪਤੀ ਦੇ ਵਿਦੇਸ਼ ਜਾਣ ਤੋਂ ਬਾਅਦ ਉਹ ਆਪਣੇ ਸਹੁਰਿਆਂ ਕੋਲ ਰਹੀ। ਇਸ ਤੋਂ ਬਾਅਦ ਦੋਵਾਂ ਪਰਿਵਾਰਾਂ ਦੇ ਰਿਸ਼ਤਿਆਂ ਵਿਚ ਖੱਟਾਸ ਪੈਦਾ ਹੋ ਗਈ। ਪੀੜਤਾ ਨੇ ਦੋਸ਼ ਲਾਇਆ ਕਿ 3 ਸਾਲ ਬੀਤਣ ਤੋਂ ਬਾਅਦ ਵੀ ਉਸ ਦੇ ਪਤੀ ਨੇ ਕੈਨੇਡਾ ਬੁਲਾਉਣ ਲਈ ਕੋਈ ਕਾਗਜ਼ਾਤ ਨਹੀਂ ਭੇਜੇ। ਉਨ੍ਹਾਂ ਦੋਸ਼ ਲਾਇਆ ਕਿ ਉਸ ਦੇ ਸਹੁਰੇ ਉਸ ਨੂੰ ਤੰਗ ਕਰਨ ਲੱਗੇ। ਇਸ ਤੋਂ ਬਾਅਦ ਉਹ ਮਾਪਿਆਂ ਕੋਲ ਆ ਗਈ। ਪੀੜਤਾ ਨੇ ਦੋਸ਼ ਲਗਾਇਆ ਕਿ ਉਨ੍ਹਾਂ ਦੇ ਨਾਲ ਵਿਆਹ ਕਰਕੇ ਕੈਨੇਡਾ ਲਿਜਾਣ ਦੇ ਨਾਂ 'ਤੇ ਹੋਈ ਠੱਗੀ ਦੇ ਸੱਦਮੇ ਕਾਰਨ ਉਸ ਦੇ ਪਿਤਾ ਨੇ ਖ਼ੁਦਕੁਸ਼ੀ ਕਰ ਲਈ।

# ਦਲਿਤ ਕਾਰਕੁੰਨ ਵਨਾਕਰ ਦੀ ਖ਼ੁਦਕੁਸ਼ੀ ਸਬੰਧੀ ਮੇਵਾਨੀ ਅਤੇ ਹਮਾਇਤੀ ਹਿਰਾਸਤ 'ਚ ਲਏ

**ਅਹਿਮਦਾਬਾਦ/ਬਿਊਰੋ ਨਿਊਜ਼:**

ਦਲਿਤ ਕਾਰਕੁਨ ਭਾਨੂਭਾਈ ਵਨਾਕਰ ਦੀ ਖ਼ੁਦਕੁਸ਼ੀ ਦੇ ਮਾਮਲੇ ਵਿਚ ਅਧਿਕਾਰੀਆਂ ਦੀ ਢਿੱਲ ਮੱਠ ਖ਼ਿਲਾਫ਼ ਰੋਸ ਦਰਜ ਕਰਾਉਣ ਲਈ ਗਾਂਧੀਨਗਰ, ਅਹਿਮਦਾਬਾਦ ਅਤੇ ਪੱਤਨ (ਮਹਿਸਾਣਾ) ਵਿੱਚ ਲੋਕਾਂ ਨੇ ਸੜਕਾਂ ਤੇ ਆ ਕੇ ਰੋਸ ਮੁਜ਼ਾਹਰੇ ਕੀਤੇ। ਪੁਲੀਸ ਨੇ ਦਲਿਤ ਨੇਤਾ ਤੇ ਆਜ਼ਾਦ ਵਿਧਾਇਕ ਜਿਗਨੇਸ਼ ਮੇਵਾਨੀ ਤੇ 70 ਦੇ ਕਰੀਬ ਹੋਰ ਲੋਕਾਂ ਨੂੰ ਅਹਿਮਦਾਬਾਦ ਦੇ ਸਰਸਪੁਰ ਇਲਾਕੇ ਵਿੱਚ ਰੋਕ ਲਿਆ ਗਿਆ ਜਦੋਂ ਉਹ ਵਨਾਕਰ ਦੀ ਮੌਤ ਸਬੰਧੀ ਰੋਸ ਮੁਜ਼ਾਹਰਾ ਕਰਨ ਨਿਕਲੇ ਸਨ। ਸਿਟੀ ਕ੍ਰਾਈਮ ਬ੍ਰਾਂਚ ਦੇ ਅਧਿਕਾਰੀਆਂ ਨੇ ਦਾਅਵਾ ਕੀਤਾ ਕਿ ਹਿਰਾਸਤ ਦੌਰਾਨ ਮੇਵਾਨੀ ਨੇ ਪੁਲੀਸ ਨਾਲ ਠੀਕ ਤਰ੍ਹਾਂ ਵਿਹਾਰ ਨਹੀਂ ਕੀਤਾ। ਹਾਲਾਂਕਿ ਮੇਵਾਨੀ ਨੇ ਇਕ ਟਵੀਟ ਰਾਹੀਂ ਦੱਸਿਆ ਕਿ ਪੁਲੀਸ ਨੇ ਉਸ ਨੂੰ ਇਕ ਕਾਰ ਵਿਚੋਂ ਧੂਹ ਕੇ ਲੈ ਗਈ ਤੇ ਉਸ ਨਾਲ ਬਦਸਲੂਕੀ ਕੀਤੀ ਗਈ। ਵਨਾਕਰ (62 ਸਾਲ) ਨੇ 15 ਫਰਵਰੀ ਨੂੰ ਇਕ ਦਲਿਤ ਪਰਿਵਾਰ ਨੂੰ ਜ਼ਮੀਨ ਅਲਾਟ ਕਰਨ ਦੇ ਸਵਾਲ ਤੇ ਪੱਤਨ ਦੇ ਕੁਲੈਕਟਰ ਦੇ ਦਫ਼ਤਰ ਸਾਹਮਣੇ ਖ਼ੁਦ ਨੂੰ ਅੱਗ ਲਾ ਲਈ ਸੀ ਤੇ ਅਗਲੇ ਦਿਨ ਇਕ ਪ੍ਰਾਈਵੇਟ ਹਸਪਤਾਲ ਵਿੱਚ ਜ਼ਖ਼ਮਾਂ ਦੀ ਤਾਬ ਨਾ ਸਹਿੰਦਿਆਂ ਉਸ ਨੇ ਦਮ ਤੋੜ ਦਿੱਤਾ ਸੀ। ਉਸ ਦੀ ਲਾਸ਼ ਅਜੇ ਵੀ ਗਾਂਧੀਨਗਰ ਦੇ ਸਿਵਲ ਹਸਪਤਾਲ ਵਿੱਚ ਪਈ ਹੈ ਕਿਉਂਕਿ ਉਸ ਦੇ ਵਾਰਸਾਂ ਨੇ ਲਾਸ਼ ਲੈਣ ਤੋਂ ਮਨ੍ਹਾਂ ਕਰ ਦਿੱਤਾ ਸੀ।

# ਆਸਟਰੇਲੀਆ ’ਚ ਸਿੱਖਾਂ ਦੇ ਵਸਣ ਦਾ ਕਹਾਣੀ ਡੇਢ ਸੌ ਸਾਲ ਪੁਰਾਣੀ

## ਜ਼ਮੀਨਾਂ ਦੀ ਘਾਟ ਕਾਰਨ ਅਸਟਰੇਲੀਆ ਆ ਵਸੇ ਤੇ ਨਸਲਵਾਦ ਦੀਆਂ ਮੁਸ਼ਕਲਾਂ ਦਾ ਸਾਹਮਣਾ ਕਰਦੇ ਹੋਏ ਆਪਣਾ ਵੱਕਾਰ ਬਹਾਲ ਰਖਿਆ



ਆਸਟਰੇਲੀਆ ’ਚ ਸੰਨ 1968 ’ਚ ਬਣਿਆ ਪਹਿਲਾ ਗੁਰਦੁਆਰਾ

### ਪਹਿਲੇ ਗੁਰਦੁਆਰੇ ਤੋਂ ਬਾਅਦ ਦੂਜਾ ਤੇ ਹੁਣ ਤੀਜਾ

ਜੱਟ ਸਿੱਖ ਭਾਈਚਾਰਾ ਇਸ ਤੋਂ ਬੇਹੱਦ ਬੇਇੱਜ਼ਤ ਹੋਇਆ ਤੇ ਉਨ੍ਹਾਂ ਨੇ ਗੁਰਦੁਆਰਾ ਬਣਾਉਣ ਦਾ ਫੈਸਲਾ ਕੀਤਾ। ਰਸ਼ਮੀਰ ਭੱਟੀ ਦੱਸਦੀ ਹੈ, ‘ਉਹ ਗੁਰਦੁਆਰੇ ਲਈ ਚਰਚ ਦਾ ਡਿਜ਼ਾਈਨ ਲੈ ਕੇ ਆਏ, ਪਰ ਕੁਝ ਲੋਕ ਇਸ ਗੱਲ ਨਾਲ ਸਹਿਮਤ ਨਹੀਂ ਸਨ, ਕਿਉਂਕਿ ਉਹ ਪਰੰਪਰਿਕ ਗੁਰਦੁਆਰਾ ਉਸਾਰਨਾ ਚਾਹੁੰਦੇ ਸਨ।’ ਇਸ ਲਈ ਪਹਿਲਾ ਗੁਰਦੁਆਰਾ ਬਣਨ ਦੇ ਦੋ ਸਾਲ ਬਾਅਦ ਦੂਜਾ ਨਵਾਂ ਪਰੰਪਰਿਕ ਗੁਰਦੁਆਰਾ ਬਣਿਆ। ਪਹਿਲਾ ਗੁਰਦੁਆਰਾ ਬਣਨ ਦੇ 50 ਸਾਲ ਪੂਰਾ ਹੋਣ ਦੇ ਸੰਬੰਧ ਵਿਚ ਹੁਣ ਨੇੜੇ ਹੀ ਤੀਜਾ ਗੁਰਦੁਆਰਾ ਬਣ ਰਿਹਾ ਹੈ, ਜਿਸ ’ਤੇ ਕੰਮ ਕਰਨ ਲਈ ਕਾਰੀਗਰ ਪੰਜਾਬ ਤੋਂ ਆਏ ਹਨ। ਪੰਜਾਬ ਤੋਂ ਆਏ ਸਿੱਖਾਂ ਦੇ ਕੋਲ ਅੱਜ ਬਹੁਤ ਜ਼ਮੀਨ ਹੈ ਤੇ ਉਹ ਸ਼ਾਨਦਾਰ ਘਰਾਂ ਵਿਚ ਰਹਿ ਰਹੇ ਹਨ। ਕੇਲੇ ਵਿਚ ਆਮਦਨੀ ਘੱਟ ਹੋਣ ਤੋਂ ਬਾਅਦ ਖੇਤਾਂ ਵਿਚ ਕੇਲੇ ਦੀ ਥਾਂ ਬਲੂਬੇਰੀ ਉੱਗਣ ਲੱਗੀ ਹੈ। ਪੰਜਾਬ ਤੋਂ ਆਉਣ ਵਾਲੇ ਲੋਕ ਸ਼ਾਇਦ ਪੰਜਾਬ ਨੂੰ ਵੂਲਗੂਲਗਾ ਬਣਾਉਣਾ ਚਾਹੁਣ, ਕਿਉਂਕਿ ਇੱਥੇ ਰਹਿਣ ਵਾਲਿਆਂ ਦੇ ਦਿਲਾਂ ਵਿਚ ਪੰਜਾਬ ਹਮੇਸ਼ਾਂ ਲਈ ਵਸਿਆ ਹੈ।

**ਵਿਸ਼ੇਸ਼ ਰਿਪੋਰਟ**

ਆਸਟਰੇਲੀਆ ਦੇ ‘ਮਿੰਨੀ ਪੰਜਾਬ’ ਵੂਲਗੂਲਗਾ ਵਿਚ ਗਰਿੱਲ ਨਾਲ ਘਿਰੇ ਚਮਕਦੇ ਗੁੰਬਦ ਵਾਲੇ ਦੂਜੇ ਗੁਰਦੁਆਰੇ ਦੇ ਬਾਹਰ ਸਫੈਦ ਬੋਰਡ ’ਤੇ ਅੰਗਰੇਜ਼ੀ ਵਿਚ ਲਿਖਿਆ ਹੈ-3 ਜਨਵਰੀ 1970। ਆਸਟਰੇਲੀਆ ਵਿਚ 1968 ਵਿਚ ਬਣਿਆ ਪਹਿਲਾ ਗੁਰਦੁਆਰਾ ਕੁਝ ਹੀ ਦੂਰੀ ’ਤੇ ਹੈ। ਇਸ ਡਿਜ਼ਾਈਨ ਪਰੰਪਰਿਕ ਗੁਰਦੁਆਰੇ ਤੋਂ ਵੱਖਰਾ ਹੈ। ਜਿਹੜੇ ਕਿਸੇ ਕਾਰਨਵੱਸ ਗੁਰਦੁਆਰੇ ਵਿਚ ਹੇਠਾਂ ਨਹੀਂ ਬੈਠ ਸਕਦੇ ਸਨ, ਉਨ੍ਹਾਂ ਲਈ ਕੰਧ ਨਾਲ ਕੁਰਸੀਆਂ ਲੱਗੀਆਂ ਹੋਈਆਂ ਹਨ। ਆਸਟਰੇਲੀਆ ਵਿਚ ਸਿੱਖਾਂ ਦੇ ਆਉਣ ਦੀ ਕਹਾਣੀ ਤਕਰੀਬਨ 150 ਸਾਲ ਪੁਰਾਣੀ ਹੈ। ਅਮਨਰਜੀਤ ਸਿੰਘ ਮੋਰ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਦਾਦਾ ਠਾਕੁਰ ਸਿੰਘ ਨੇ ਸਾਲ 1901 ਵਿਚ ਦੋ ਸਾਥੀਆਂ ਸਮੇਤ ਜਲੰਧਰ ਤੋਂ ਆਸਟਰੇਲੀਆ ਜਾਣ ਦਾ ਫ਼ੈਸਲਾ ਕੀਤਾ ਸੀ। ਉਹ ਦੱਸਦੇ ਹਨ, ‘ਪੰਜਾਬ ਤੋਂ ਆਸਟਰੇਲੀਆ ਆਉਣ ਦਾ ਕਾਰਨ ਪੰਜਾਬ ਵਿਚ ਜ਼ਮੀਨ ਦੀ ਘਾਟ ਸੀ ਤੇ ਉਹ ਜ਼ਿੰਦਗੀ ਵਿਚ ਜ਼ੋਖਮ ਲੈਣਾ ਚਾਹੁੰਦੇ ਹੋਣ।’

ਠਾਕੁਰ ਸਿੰਘ ਤੇ ਉਨ੍ਹਾਂ ਦੇ ਦੋ ਸਾਥੀ ਜਦੋਂ ਆਸਟਰੇਲੀਆ ਜਾਣ ਲਈ ਬੰਦਰਗਾਹ ਪੁੱਜੇ, ਤਾਂ ਮਹਾਸਾਗਰ ਦੇਖ ਕੇ ਇੱਕ ਸਾਥੀ ਦੇ ਹੱਥ-ਪੈਰ ਫੁੱਲਣ ਲੱਗੇ, ਉਹ ਘਬਰਾ ਕੇ ਵਾਪਸ ਪਰਤ ਗਿਆ। ਪਰ ਠਾਕੁਰ ਸਿੰਘ ਦੂਜੇ ਸਾਥੀ ਦੇ ਨਾਲ ਆਸਟਰੇਲੀਆ ਪੁੱਜਿਆ।

ਇਹ ਸਾਫ਼ ਨਹੀਂ ਕਿ ਠਾਕੁਰ ਸਿੰਘ ਜਿਹੇ ਲੋਕ ਭਾਰਤ ਤੋਂ ਕਿਸ ਰਸਤੇ ਆਸਟਰੇਲੀਆ ਆਉਂਦੇ ਨ, ਪਰ ਮੰਨਿਆ ਜਾਂਦਾ ਹੈ ਕਿ ਉਹ ਸਭ ਤੋਂ ਪਹਿਲਾਂ ਪੱਛਮੀ ਕੰਢੇ ’ਤੇ ਸਥਿਤ ਸ਼ਹਿਰ ਪਰਥ ਪੁੱਜਦੇ ਸਨ ਤੇ ਉਸ ਤੋਂ ਬਾਅਦ ਜ਼ਮੀਨ ਜਾਂ ਜਹਾਜ਼ ਦੇ ਰਸਤੇ ਸਫ਼ਰ ਕਰਦੇ ਸਨ। ਰਸ਼ਮੀਰ ਭੱਟੀ ਤੇ ਵਰਨ ਏ ਡੁਸੇਨਬੇਰੀ ਨੇ ਆਸਟਰੇਲੀਆ, ਖ਼ਾਸ ਕਰਕੇ ਵੂਲਗੂਲਗਾ ਵਿਚ, ਸਿੱਖਾਂ ਦੇ ਵਸਣ ’ਤੇ ਕਿਤਾਬ ਲਿਖੀ ਹੈ। ਕਿਤਾਬ ਦਾ ਨਾਂ ਹੈ ‘ਏ ਪੰਜਾਬੀ ਸਿੱਖ ਕਮਿਊਨਿਟੀ ਇਨ ਆਸਟਰੇਲੀਆ - ਫਰਾਮ ਸੋਜਰਨਰਸ ਟੂ ਸੈਟਲੇਰਸ’। ਇਸ ਕਿਤਾਬ ਦੇ ਮੁਤਾਬਕ ਜਦੋਂ ਬਰਤਾਨਵੀ ਫ਼ੌਜ ਵਿਚ ਤਾਇਨਾਤ ਸਿੱਖ ਫ਼ੌਜੀ ਸਿੰਗਾਪੁਰ ਤੇ ਹਾਂਗਕਾਂਗ ਜਿਹੇ ਦੱਖਣ ਏਸ਼ਿਆਈ ਦੇਸਾਂ ਵਿਚ ਗਏ ਤਾਂ ਉਨ੍ਹਾਂ ਨੂੰ ਆਸਟਰੇਲੀਆ ਜਿਹੇ ਦੇਸਾਂ ਵਿਚ ਕੰਮ ਬਾਰੇ ਪਤਾ ਲੱਗਿਆ। ਛੇਤੀ ਹੀ ਗੱਲ ਪੰਜਾਬ ਦੇ ਪਿੰਡਾਂ ਵਿਚ ਫੈਲ ਗਈ। 19ਵੀਂ ਸਦੀ ਦੇ ਆਖਰੀ ਵਰ੍ਹਿਆਂ ਵਿਚ ਜਦੋਂ ਸਿੱਖ ਆਸਟਰੇਲੀਆ ਪੁੱਜਣ ਲੱਗੇ ਤੇ ਉੱਥੇ ਮਾਹੌਲ ਏਸ਼ਿਆਈ ਲੋਕਾਂ ਦੇ ਖ਼ਿਲਾਫ਼ ਸੀ।

ਗੋਰੇ ਆਸਟਰੇਲੀਆਈ ਲੋਕਾਂ ਨੂੰ ਡਰ ਸੀ ਕਿ ਬਾਹਰਲੇ ਲੋਕ ਉਨ੍ਹਾਂ ਦੀਆਂ ਨੌਕਰੀਆਂ ਆਪਣੀ ਮਿਹਨਤ ਸਦਕਾ ਉਨ੍ਹਾਂ ਤੋਂ ਖੋਹ ਲੈਣਗੇ। ਭਾਰਤ ਤੋਂ ਆਉਣ ਵਾਲੇ ਇਹ ਪੰਜਾਬੀ ਅਣਜਾਣ ਲੋਕਾਂ ਵਿਚਾਲੇ ਬੇਹੱਦ ਮੁਸ਼ਕਲ ਹਾਲਾਤ ਵਿਚ ਕੰਮ ਕਰਦੇ ਸਨ। ਭਾਰਤ ਵਿਚ ਬਰਤਾਨੀਆ ਸ਼ਾਸਨ ਦੇ ਕਾਰਨ ਕਈ ਲੋਕ ਅੰਗਰੇਜ਼ੀ ਭਾਸ਼ਾ ਤੋਂ ਪੂਰੀ ਤਰ੍ਹਾਂ ਅਣਜਾਣ ਨਹੀਂ ਸਨ, ਪਰ ਪੰਜਾਬ ਵਿਚ ਪਰਿਵਾਰਾਂ ਤੋਂ ਵਰ੍ਹਿਆਂ ਦੂਰ ਰਹਿਣਾ ਬੇਹੱਦ ਚੁਣੌਤੀਪੂਰਨ ਸੀ। ਇਹ ਲੋਕ ਕੁਝ ਵਰ੍ਹੇ ਆਸਟਰੇਲੀਆ ਦੇ ਗੰਨੇ, ਮੱਕੇ, ਕੇਲੇ ਦੇ ਖੇਤਾਂ ਆਦਿ ਥਾਵਾਂ ਵਿਚ ਕੰਮ ਕਰਦੇ ਤੇ ਫਿਰ ਪੈਸੇ ਕਮਾ ਕੇ ਵਾਪਸ ਭਾਰਤ ਪਰਤ ਜਾਂਦੇ ਤੇ ਫਿਰ ਵਾਪਸ ਆਸਟਰੇਲੀਆ ਆ ਜਾਂਦੇ।

ਭਾਰਤ ਤੇ ਆਸਟਰੇਲੀਆ ਦੋਵਾਂ ’ਤੇ ਬ੍ਰਿਟੇਨ ਦਾ ਸ਼ਾਸਨ ਸੀ ਇਸ ਲਈ ਆਉਣ-ਜਾਣ ਵਿਚ ਪਰੇਸ਼ਾਨੀ ਨਹੀਂ ਸੀ। ਵੂਲਗੂਲਗਾ-ਕਾਫਸ ਹਾਰਬਰ ਵਿਚ ਰਹਿਣ ਵਾਲਾ ਪੰਜਾਬੀ ਸਿੱਖ ਭਾਈਚਾਰਾ ਇਨ੍ਹਾਂ ਦਾ ਵੰਸ਼ਜ ਹੈ।

ਆਸਟਰੇਲੀਆ ਵਿਚ ਬਾਹਰਲੇ ਲੋਕਾਂ ਦਾ ਡਰ ਏਨਾ ਵਧਿਆ ਕਿ ਸਾਲ 1901 ਵਿਚ ਇਮੀਗ੍ਰੇਸ਼ਨ ਰਿਸਟ੍ਰਿਕਸ਼ਨ ਐਕਟ ਕਾਨੂੰਨ ਪਾਸ ਹੋਇਆ। ਇਸ ਨੂੰ ਵ੍ਹਾਈਟ ਆਸਟਰੇਲੀਅਨ ਨੀਤੀ ਦੇ ਨਾਂ ਨਾਲ ਜਾਣਿਆ ਜਾਂਦਾ ਹੈ ਅਰਥਾਤ ਕਾਨੂੰਨਨ ਆਸਟਰੇਲੀਆ ਵਿਚ ਏਸ਼ਿਆਈ ਲੋਕਾਂ ਦੇ ਆਉਣ ’ਤੇ ਪਾਬੰਦੀ ਲੱਗ ਗਈ।

ਕਿਤਾਬ ਦੇ ਮੁਤਾਬਕ ਬਰਤਾਨਵੀ ਅਧਿਕਾਰੀਆਂ ਨੂੰ ਚਿੰਤਾ ਸੀ ਕਿ ਜੇਕਰ ਆਸਟਰੇਲੀਆ ਵਿਚ ਭਾਰਤੀਆਂ ਦੇ ਖ਼ਿਲਾਫ਼ ਖੁੱਲ੍ਹਾ ਭੇਦਭਾਵ ਹੋਇਆ, ਤਾਂ ਅਸਰ ਬ੍ਰਿਟਿਸ਼ ਤੇ ਭਾਰਤੀਆਂ ਵਿਚਾਲੇ ਸੰਬੰਧਾਂ ’ਤੇ ਪਵੇਗਾ।

ਉੱਧਰ, ਹਕੀਕਤ ਇਹ ਸੀ ਕਿ ਏਸ਼ਿਆਈ ਅਪ੍ਰਵਾਸ ਕੰਟਰੋਲ ਤਾਂ ਕੀਤਾ ਗਿਆ, ਪਰ ਉਹ ਜਾਰੀ ਰਿਹਾ। ਲੋਕਾਂ ਨੂੰ ਵੂਲਗੂਲਗਾ ਦੇ ਕੇਲੇ ਦੇ ਖੇਤਾਂ ਵਿਚ ਕੰਮ ਦਿਸਿਆ ਤੇ ਉਹ ਇੱਥੇ ਆਉਣ ਲੱਗੇ। ਜਦੋਂ ਲੋਕਾਂ ਨੂੰ ਲੱਗਿਆ ਕਿ ਔਰਤਾਂ ਲਈ ਇਹ ਥਾਂ ਸੁਰੱਖਿਅਤ ਹੈ, ਤਾਂ ਉਹ ਪਰਿਵਾਰਾਂ ਨੂੰ ਵੀ ਪੰਜਾਬ ਤੋਂ ਨਾਲ ਲਿਆਉਣ ਲੱਗੇ।

### ਰਘਬੀਰ ਕੌਰ ਤੇ ਮਨਜੀਤ ਦੋਸਾਂਝ ਦੀ ਕਹਾਣੀ

ਰਘਬੀਰ ਕੌਰ ਵੀ ਪਿਤਾ ਦੇ ਸੱਦੇ ’ਤੇ ਆਸਟਰੇਲੀਆ ਆ ਗਈ। ਗੁਰਦੁਆਰੇ ਦੀ ਪਹਿਲੀ ਮੰਜ਼ਿਲ ’ਤੇ ਵਿਛੀ ਦਰੀ ’ਤੇ ਬੈਠ ਕੇ ਉਹ ਗੁਜ਼ਰੇ ਦਿਨਾਂ ਨੂੰ ਯਾਦ ਕਰਦੀ ਹੈ, ‘ਇੱਥੇ ਸਭ ਗੋਰੇ ਹੁੰਦੇ ਸਨ, ਮੇਰੇ ਪਿਤਾ ਜੀ ਕੋਲ ਨਾ ਕੋਈ ਕਾਰ ਸੀ, ਨਾ ਕੁਝ ਹੋਰ। ਉਨ੍ਹਾਂ ਦਾ ਇੱਕ ਗੋਰਾ ਦੋਸਤ ਸੀ, ਜਿਸ ਦੀ ਗੱਡੀ ਉਹ ਕੰਮ ਵਿਚ ਵਰਤਦੇ ਸਨ। ਚਾਰ ਸਾਲ ਇੱਥੇ ਰਹਿਣ ਤੋਂ ਬਾਅਦ ਭਾਰਤ ਵਾਪਸ ਚਲੀ ਗਈ।’



ਉਹ ਦੱਸਦੀ ਹੈ, ਇੱਥੇ ਖਾਣਾ ਮਿਲ ਜਾਂਦਾ ਸੀ। ਇੱਥੇ ਦਾਲ, ਪੀਸਿਆ ਮਸਾਲਾ, ਹਲਕੀ ਲੋਕ ਪੰਜਾਬ ਵਿਚੋਂ ਲੈ ਆਉਂਦੇ ਨ। ਕੇਲੇ ਦੇ ਖੇਤ ਵਿਚ ਬਿਜਲੀ ਨਹੀਂ ਹੋਇਆ ਕਰਦੀ ਸੀ। ਅਸੀਂ ਲੱਕੜੀ ਦੇ ਚੁੱਲ੍ਹੇ ’ਤੇ ਰੋਟੀ ਬਣਾ ਲੈਂਦੇ ਸੀ। ਪਾਣੀ ਚੁੱਲ੍ਹੇ ’ਤੇ ਗਰਮ ਕਰਕੇ ਉਸੇ ਨਾਲ ਇਸ਼ਨਾਨ ਕਰ ਲੈਂਦੇ ਸੀ। ਮਨਜੀਤ ਦੋਸਾਂਝ ਦਾ ਜਨਮ ਆਸਟਰੇਲੀਆ ਵਿਚ ਹੋਇਆ। ਉਨ੍ਹਾਂ ਦੇ ਘਰ ਵਿਚ ਉਨ੍ਹਾਂ ਦਾ ਸੰਯੁਕਤ ਪਰਿਵਾਰ ਰਹਿੰਦਾ ਹੈ।

### ਨਵੀਂ ਪੀੜ੍ਹੀ ਨਹੀਂ ਜਾਣਦੀ ਬਜ਼ੁਰਗਾਂ ਦੀ ਘਾਲਣਾ

ਬਚਪਨ ਵਿਚ ਉਹ ਆਪਣੀ ਮਾਂ ਜਿੰਦੋ ਸਿੰਘ ਤੇ ਪਿਤਾ ਝਾਲਮਨ ਫੂਨੀ ਦੇ ਨਾਲ ਕੇਲੇ ਦੇ ਖੇਤਾਂ ਵਿਚ ਕੰਮ ਕਰਦੀ ਸੀ। ਜਿੱਥੇ ਪੁਰਸ਼ ਕੇਲੇ ਨੂੰ ਮੋਢਿਆਂ ’ਤੇ ਲੱਦ ਕੇ ਪਹਾੜਾਂ ਦੇ ਉੱਪਰ ਜਾਂ ਹੇਠਾਂ ਲਿਜਾਂਦੇ ਸਨ। ਔਰਤਾਂ ਕੇਲੇ ਪੈਕ ਕਰਨ ਲਈ ਹੱਥਾਂ ਨਾਲ ਲੱਕੜੀ ਦੇ ਡੱਬੇ ਬਣਾਉਂਦੀਆਂ ਸਨ। ਮਨਜੀਤ ਕੌਰ ਗੁਜ਼ਰੇ ਦਿਨਾਂ ਨੂੰ ਯਾਦ ਕਰਕੇ ਭਾਵੁਕ ਹੋ ਜਾਂਦੀ ਹੈ, ‘ਪਰਿਵਾਰਾਂ ਲਈ ਖਾਣੇ, ਕੱਪੜਿਆਂ ਦਾ ਪ੍ਰਬੰਧ ਕਰਨਾ ਸਭ ਤੋਂ ਵੱਡੀ ਚੁਣੌਤੀ ਹੁੰਦੀ ਸੀ, ਪਰ ਮੈਂ ਕਿਸੇ ਨੂੰ ਸ਼ਿਕਾਇਤ ਕਰਦਿਆਂ ਨਹੀਂ ਸੁਣਿਆ। ਅਸੀਂ ਅੱਜ ਜੋ ਹਾਂ, ਆਪਣੇ ਮਾਤਾ-ਪਿਤਾ ਦੀ ਮਿਹਨਤ ਦੇ ਕਾਰਨ ਹਾਂ। ਅਜੋਕੀ ਨਵੀਂ ਪੀੜ੍ਹੀ ਨੂੰ ਪਤਾ ਵੀ ਨਹੀਂ ਹੋਵੇਗਾ ਕਿ ਸਾਡੇ ਬਜ਼ੁਰਗਾਂ ਨੇ ਸਾਡੇ ਲਈ ਕੀ-ਕੀ ਕੀਤਾ।



### ਸਿੱਖਾਂ ਨੂੰ ਕੀਤਾ ਅਪਮਾਨਿਤ

ਅਮਰਜੀਤ ਸਿੰਘ ਮੋਰ ਮਾਂ ਤੇ ਭੈਣ ਦੇ ਨਾਲ 1964 ਵਿਚ ਵੂਲਗੂਲਗਾ ਪੁੱਜੇ। ਉਸ ਦੇ ਪਿਤਾ ਦੋ ਸਾਲ ਪਹਿਲਾਂ ਇੱਥੇ ਆਏ ਸਨ। ਉਨ੍ਹਾਂ ਲਈ ਇੱਥੇ ਹਜ਼ਾਰਾਂ ਮੀਲ ਦੂਰ ਆਉਣਾ ਬਹੁਤ ਵੱਡੀ ਤਬਦੀਲੀ ਸੀ। ਉਹ ਯਾਦ ਕਰਦੇ ਹਨ, ‘ਉਸ ਵਕਤ ਵੂਲਗੂਲਗਾ ਦੀ ਜਨਸੰਖਿਆ ਲੱਗਭਗ 200-300 ਹੋਵੇਗੀ ਤੇ ਪੰਜ ਜਾਂ ਛੇ ਸਿੱਖ ਪਰਿਵਾਰ ਹੋਣਗੇ। ਮੈਂ ਪਿੰਡ ਦੇ ਸਕੂਲ ਵਿਚ ਪੜ੍ਹਾਈ ਕੀਤੀ ਸੀ ਤੇ ਅੰਗਰੇਜ਼ੀ ਨਹੀਂ ਆਉਂਦੀ ਸੀ।’



ਅਮਰਜੀਤ ਸਿੰਘ ਮੋਰ ਦੇ ਮੁਤਾਬਕ ਆਸਟਰੇਲੀਆ ਦੇ ਪਹਿਲੇ ਗੁਰਦੁਆਰੇ ਦੇ ਪਿੱਛੇ 1967 ਦੀ ਇਕ ਘਟਨਾ ਹੈ। ਇੱਕ ਕਮਿਊਨਿਟੀ ਮੈਗਜ਼ੀਨ ਵਿਚ ਉਹ ਲਿਖਦੇ ਹਨ, ‘ਇੱਕ ਸਥਾਨਕ ਝਗੜੇ ਦੇ ਹੱਲ ਲਈ ਪਿੰਡ ਦੀ ਪੰਚਾਇਤ ਦੀ ਪਾਰਕ ਵਿਚ ਇਕ ਮੀਟਿੰਗ ਹੋਈ, ਵਿਦੇਸ਼ੀ ਭਾਸ਼ਾ ਵਿਚ ਤੇਜ਼ ਅਵਾਜ਼ ਵਿਚ ਗੱਲ ਕਰਦੇ ਹੋਏ ਜਦੋਂ ਕੇਅਰਟੇਕਰ ਨੇ ਸੁਣਿਆ, ਤਾਂ ਉਸ ਨੂੰ ਗੁੱਸਾ ਆ ਗਿਆ ਤੇ ਉਸ ਨੇ ਉਨ੍ਹਾਂ ਨੂੰ ਪਾਰਕ ਤੋਂ ਚਲੇ ਜਾਣ ਲਈ ਕਿਹਾ।’

## ਹਿਜਾਬ ’ਤੇ ਪਾਬੰਦੀ ਲਈ ਭਾਰਤੀ ਮੂਲ ਦੀ ਪ੍ਰਿੰਸੀਪਲ ਦੀ ਹਿਟਲਰ ਨਾਲ ਤੁਲਣਾ

**ਲੰਡਨ/ਬਿਊਰੋ ਨਿਊਜ਼:** ਸੇਂਟ ਸਟੀਫ਼ਨਜ਼ ਸਕੂਲ ਦੀ ਭਾਰਤੀ ਮੂਲ ਦੀ ਮੁੱਖ ਅਧਿਆਪਕਾ ਨੀਨਾ ਲਾਲ ਵੱਲੋਂ ਸਕੂਲ ’ਚ ਹਿਜਾਬ ’ਤੇ ਪਾਬੰਦੀ ਲਾਉਣ ਦੀਆਂ ਕੋਸ਼ਿਸ਼ਾਂ ਮਗਰੋਂ ਉਨ੍ਹਾਂ ਖ਼ਿਲਾਫ਼ ਆਨਲਾਈਨ ਕੂੜ ਪ੍ਰਚਾਰ ਕੀਤਾ ਜਾ ਰਿਹਾ ਹੈ। ਉਨ੍ਹਾਂ ਦੀ ਤੁਲਨਾ ਜਰਮਨੀ ਦੇ ਤਾਨਾਸ਼ਾਹ ਅਡੋਲਫ ਹਿਟਲਰ ਨਾਲ ਕੀਤੀ ਗਈ ਜਿਸ ਤੋਂ ਬਾਅਦ ਯੂਕੇ ਪੁਲੀਸ ਵੱਲੋਂ ਇਸ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਨੀਨਾ ਲਾਲ ਨੇ ਪਿਛਲੇ ਮਹੀਨੇ ਅੱਠ ਸਾਲ ਤੋਂ ਘੱਟ ਉਮਰ ਵਰਗ ਦੀਆਂ ਲੜਕੀਆਂ ਲਈ ਹਿਜਾਬ ’ਤੇ ਪਾਬੰਦੀ ਲਾਉਣ ਦਾ ਫ਼ੈਸਲੇ ਕੀਤਾ ਸੀ ਜਿਸ ਕਾਰਨ ਉਹ ਵਿਵਾਦਾਂ ’ਚ ਘਿਰ ਗਈ ਸੀ। ਰੌਲਾ ਪੈਣ ਕਾਰਨ ਉਸ ਨੂੰ ਆਪਣਾ ਫ਼ੈਸਲਾ ਵਾਪਸ ਲੈਣਾ ਪੈ ਗਿਆ ਸੀ। ਪੂਰਬੀ ਲੰਡਨ ਦੇ ਨਿਊਹੈਮ ’ਚ ਪੁਲੀਸ ਕੋਲ ਈ-ਮੇਲਜ਼, ਫੇਸਬੁੱਕ ਪੋਸਟਾਂ ਅਤ ਹੋਰ ਸੋਸ਼ਲ ਮੀਡੀਆ ਸੁਨੇਹਿਆਂ ਬਾਰੇ ਸ਼ਿਕਾਇਤ ਦਰਜ ਕਰਵਾਈ ਗਈ ਹੈ। ਦਿ ਸੰਡੇ ਟਾਈਮਜ਼’ ਨੇ ਦੱਸਿਆ ਕਿ ਨੀਨਾ ਲਾਲ ਅਤੇ ਸਕੂਲ ਦੇ ਗਵਰਨਰਜ਼ ਦੇ ਸਾਬਕਾ ਚੇਅਰਮੈਨ ਆਰਿਫ਼ ਕਾਵੀ ਵੱਲੋਂ ਇਹ ਸ਼ਿਕਾਇਤਾਂ ਦਿੱਤੀਆਂ ਗਈਆਂ ਹਨ। ਸਥਾਨਕ ਪੁਲੀਸ ਨੇ ਸ਼ਿਕਾਇਤਾਂ ਦੀ ਜਾਂਚ ਕਰਨ ਬਾਰੇ ਤਸਦੀਕ ਕੀਤੀ ਹੈ। ਕਾਵੀ ਨੇ ਦਾਅਵਾ ਕੀਤਾ ਕਿ ਪਿਛਲੇ ਕਈ ਦਿਨਾਂ ਤੋਂ ਮਿਲ ਰਹੇ ਭੱਦੇ ਸੁਨੇਹਿਆਂ ਕਰਕੇ ਸਕੂਲ ਨੂੰ ਹਿਜਾਬ ’ਤੇ ਪਾਬੰਦੀ ਲਾਉਣ ਸਬੰਧੀ ਫ਼ੈਸਲੇ ਨੂੰ ਵਾਪਸ ਲੈਣਾ ਪਿਆ। ਇਸੇ ਕਰਕੇ ਉਨ੍ਹਾਂ ਆਪਣੇ ਅਹੁਦੇ ਤੋਂ ਅਸਤੀਫ਼ਾ ਵੀ ਦੇ ਦਿੱਤਾ ਹੈ। ਯੂਕੇ ਦੇ ਸਿੱਖਿਆ ਮੰਤਰੀ ਡੇਮੀਅਨ ਹਿੰਡਜ਼ ਨੇ ਕਿਹਾ ਕਿ ਕਿਸੇ ਵੀ ਅਧਿਆਪਕ ਖ਼ਿਲਾਫ਼ ਅਜਿਹੀ ਭੱਦੀ ਸ਼ਬਦਾਵਲੀ ਨਹੀਂ ਵਰਤੀ ਜਾਣੀ ਚਾਹੀਦੀ।

# ਪੰਜਾਬੀ ’ਚ ਆਈਏਐੱਸ ਪਾਸ ਕਰਨ ਵਾਲਾ ਪਹਿਲਾ ਡੀਸੀ

**ਜਲੰਧਰ/ਬਿਊਰੋ ਨਿਊਜ਼:**

ਪੰਜਾਬੀ ਮਾਂ ਬੋਲੀ ਨੂੰ ਪ੍ਰਣਾਈ ਸ਼ਖ਼ਸੀਅਤ ਸਥਾਨਕ ਜ਼ਿਲ੍ਹੇ ਦੇ ਡੀਸੀ ਵਰਿੰਦਰ ਕੁਮਾਰ ਸ਼ਰਮਾ ਉਨ੍ਹਾਂ ਵਿਰਲੇ ਲੋਕਾਂ ਵਿਚੋਂ ਇਕ ਹਨ, ਜਿਨ੍ਹਾਂ ਨੇ ਇਹ ਸਿੱਧ ਕਰ ਦਿੱਤਾ ਹੈ ਕਿ ਉਹ ਆਪਣੀ ਮਾਂ-ਬੋਲੀ ਦਾ ਸੱਚਾ ਪੁੱਤਰ ਹੈ। ਪੁਆਧ ਦੇ ਛੋਟੇ ਜਿਹੇ ਪਿੰਡ ਭਗਸੀ ਦੇ ਜੰਮਪਲ ਸ਼ਰਮਾ ਨੇ ਸਰਕਾਰੀ ਪ੍ਰਾਇਮਰੀ ਸਕੂਲ ਘਨੌਰ ਤੋਂ ਪੰਜਵੀਂ ਤੱਕ, ਕਾਮੀ ਕਲਾਂ ਤੋਂ ਅੱਠਵੀਂ ਅਤੇ ਲਾਛੜੂ ਕਲਾਂ ਤੋਂ ਦਸਵੀਂ ਦੀ ਸਿੱਖਿਆ ਗ੍ਰਹਿਣ ਕੀਤੀ। ਅੰਬਾਲੇ ਦੇ ਹੰਸਰਾਜ ਕਾਲਜ ਵਿਚ ਉਨ੍ਹਾਂ 12ਵੀਂ ਤੇ ਪੰਜਾਬ ਯੂਨੀਵਰਸਿਟੀ ਤੋਂ ਬੀ ਟੈੱਕ ਕੀਤੀ। ਫਿਰ ਉਨ੍ਹਾਂ ਨੂੰ ਪੰਜਾਬ ਰਾਜ ਬਿਜਲੀ ਬੋਰਡ ਵਿਚ ਸਾਲ 1995 ਵਿਚ ਐੱਸਡੀਓ ਨੌਕਰੀ ਮਿਲ ਗਈ। ਉਨ੍ਹਾਂ ਪੀਸੀਐੱਸ ਦੀ ਪ੍ਰੀਖਿਆ ਪਾਸ ਕੀਤੀ ਤੇ ਲੁਧਿਆਣੇ ਵਿਚ ਜ਼ਿਲ੍ਹਾ ਖ਼ੁਰਾਕ ਅਤੇ ਸਪਲਾਈ ਅਫਸਰ ਤਾਇਨਾਤ ਹੋਏ ਪਰ ਉਨ੍ਹਾਂ ਦੀ ਚਾਹਤ ਅਜੇ ਹੋਰ ਬੁਲੰਦੀਆਂ ਛੂਹਣ ਦੀ ਸੀ। 2008 ਵਿਚ ਵਰਿੰਦਰ ਸ਼ਰਮਾ ਦੀ ਹਮਸਫ਼ਰ ਪਰਵੀਨ ਸ਼ਰਮਾ ਨੇ ਆਪਣੇ ਪਤੀ ਨੂੰ ਅਲਟੀਮੇਟਮ ਦੇ ਦਿੱਤਾ ਕਿ ਇਹ ਆਖ਼ਰੀ ਮੌਕਾ ਹੈ, ਜੇ ਆਈਏਐੱਸ ਕਰ ਸਕਦੇ ਹੋ, ਤਾਂ ਕਰ ਲਓ। ਚਾਰ ਕੁ ਮਹੀਨਿਆਂ ਦੀ ਮਿਹਨਤ ਨਾਲ ਜਦੋਂ ਪੰਜਾਬੀ ਵਿਚ ਆਈਏਐੱਸ ਦੀ ਪ੍ਰੀਖਿਆ ਪਾਸ ਕੀਤੀ, ਤਾਂ ਉਨ੍ਹਾਂ ਦੇ ਮੂੰਹ ਵਿਚੋਂ ਨਿਕਲਿਆ ‘ਪੰਜਾਬੀ ਮਾਂ ਬੋਲੀ ਤੈਨੂੰ ਸਜਦਾ’।



**ਬਹੁਪੱਖੀ ਸ਼ਖ਼ਸੀਅਤ**

ਵਰਿੰਦਰ ਸ਼ਰਮਾ ਨਿਮਰਤਾ, ਸਹਿਜ ਤੇ ਸਿਆਣਪ ਨਾਲ ਪਰਨਾਈ ਬਹੁਪੱਖੀ ਸ਼ਖ਼ਸੀਅਤ ਹਨ। ਉਹ ਸਾਹਿਤ ਪ੍ਰੇਮੀ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਪੰਜਾਬੀ ਮਾਂ ਬੋਲੀ ਕੋਲ ਸਾਹਿਤ ਤੇ ਸੱਭਿਆਚਾਰ ਦਾ ਅਮੀਰ ਖ਼ਜ਼ਾਨਾ ਹੈ।

ਸ਼ਰਮਾ ਹਮੇਸ਼ਾਂ ਆਪਣਾ ਸਾਰਾ ਕੰਮ ਪੰਜਾਬੀ ਵਿਚ ਹੀ ਕਰਦੇ ਹਨ ਤੇ ਪੰਜਾਬੀ ਬੋਲਣ ਨੂੰ ਪਹਿਲ ਦਿੰਦੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਪੰਜਾਬੀ ਭਾਸ਼ਾ ਸਦਾ ਰਹੇਗੀ। ਪੰਜਾਬ ਦਾ ਸੱਭਿਆਚਾਰ ਅਤੇ ਸਾਹਿਤ ਏਨਾ ਅਮੀਰ ਹੈ ਕਿ ਇਸ ਨੂੰ ਮਿਟਾਉਣਾ ਮੁਸ਼ਕਲ ਹੈ। ਹੁਣ ਤਾਂ ਪੰਜਾਬੀ ਵਿਦੇਸ਼ਾਂ ਵਿਚ ਵੀ ਆਪਣਾ ਲੋਹਾ ਮੰਨਵਾ ਚੁੱਕੀ ਹੈ। ਫਿਕਰਮੰਦੀ ਇਹ ਹੈ ਕਿ ਇਸ ਵਿਚਲੀ ਠੇਠਤਾ ਜ਼ਰੂਰ ਲੋਪ ਹੋ ਰਹੀ ਹੈ। ਇਸ ਲਈ ਬੇਸ਼ੱਕ ਹੋਰ ਭਾਸ਼ਾਵਾਂ ਸਿੱਖੋ ਪਰ ਆਪਣੀ ਮਾਂ ਬੋਲੀ ਦੀ ਠੇਠਤਾ, ਸੁੱਚਮਤਾ ਨੂੰ ਉੱਪਰ ਚੁੱਕੋ। ਚੰਗਾ ਸਾਹਿਤ ਪੜ੍ਹੋ। ਘਰ ਵਿਚ ਬੱਚਿਆਂ ਨੂੰ ਪੰਜਾਬੀ ਪੜ੍ਹਾਓ, ਪੰਜਾਬੀ ਵਿਚ ਗੱਲ ਕਰੋ ਤੇ ਉਨ੍ਹਾਂ ਨੂੰ ਆਪਣੇ ਵਿਚਾਰ ਪੰਜਾਬੀ ਵਿਚ ਪ੍ਰਗਟਾਉਣ ਦਿਓ।

ਵਰਿੰਦਰ ਸ਼ਰਮਾ, ਜਿਹੜੈ ਇਸ ਵੇਲੇ ਜਲੰਧਰ ਦੇ ਮੌਜੂਦਾ ਡੀਸੀ ਹਨ, ਆਪਣੀ ਸਫਲਤਾ ਦਾ ਸਿਹਰਾ ਆਪਣੀ ਮਾਤਾ ਰਾਮ ਮੂਰਤੀ, ਪਿਤਾ ਜੀਤ ਰਾਮ ਸ਼ਰਮਾ ਤੇ ਆਪਣੇ ਅਧਿਆਪਕਾਂ ਨੂੰ ਦਿੰਦੇ ਹਨ। ਉਨ੍ਹਾਂ ਦੀ ਸਫਲਤਾ ਦੇ ਪਿੱਛੇ ਉਨ੍ਹਾਂ ਨੂੰ ਪਰਿਵਾਰ ਵੱਲੋਂ ਮਿਲੇ ਸੰਸਕਾਰੀ ਗੁਣ ਹਨ। ਉਨ੍ਹਾਂ ਦਾ ਬਚਪਨ ਅਜਿਹੀ ਸੰਗਤ ਵਿਚ ਬੀਤਿਆ ਜਿਸ ਵਿਚ ਪੁੱਤਰ ਨੂੰ ਸਪੁੱਤਰ ਬਣਾਉਣ ਦੀ ਤਾਕਤ ਸੀ। ਉਨ੍ਹਾਂ ਦਾ ਕਹਿਣਾ ਹੈ ਕਿ ਮੇਰੀ ਮਾਂ ਨੇ ਜੇਕਰ ਮੈਨੂੰ ਪੰਜਾਬੀ ਪੜ੍ਹਨ ਦੀ ਚੇਟਕ ਨਾ ਲਾਈ ਹੁੰਦੀ ਤਾਂ ਅੱਜ ਮੈਨੂੰ ਇਹ ਮੁਕਾਮ ਹਾਸਲ ਨਾ ਹੁੰਦਾ। ਉਨ੍ਹਾਂ ਦੀ ਅੰਗਰੇਜ਼ੀ ’ਤੇ ਵੀ ਪੂਰੀ ਮੁਹਾਰਤ ਸੀ।

# ਕੈਪਟਨ ਸਰਕਾਰ ਦਾ ਨੌਕਰੀ ਮੇਲਾ ਠੁੱਸ

**ਤਲਵੰਡੀ ਸਾਬੋ/ਬਿਊਰੋ ਨਿਊਜ਼:**
ਕਾਂਗਰਸ ਸਰਕਾਰ ਵੱਲੋਂ ਚੋਣਾਂ ਦੌਰਾਨ ਘਰ-ਘਰ ਨੌਕਰੀ ਦੇਣ ਦੇ ਕੀਤੇ ਵਾਅਦੇ ਨੂੰ ਪੂਰਾ ਕਰਨ ਦੇ ਮਕਸਦ ਨਾਲ ਮੰਗਲਵਾਰ ਨੂੰ ਸਥਾਨਕ ਗੁਰੂ ਕਾਸ਼ੀ ਯੂਨੀਵਰਸਿਟੀ ਤਲਵੰਡੀ ਸਾਬੋ ਵਿੱਚ ਸ਼ੁਰੂ ਕੀਤੇ ਦੂਜੇ ਚਾਰ ਰੋਜ਼ਾ ਨੌਕਰੀ ਮੇਲੇ ਦੇ ਪਹਿਲੇ ਦਿਨ ਹੀ ਫੂਕ ਨਿਕਲ ਗਈ ਅਤੇ ਬੇਰੁਜ਼ਗਾਰਾਂ ਨੇ ਬਹੁਤੀ ਦਿਲਚਸਪੀ ਨਹੀਂ ਦਿਖਾਈ।

ਦੱਸਣਯੋਗ ਹੈ ਕਿ ਪਿਛਲੀਆਂ ਵਿਧਾਨ ਸਭਾ ਚੋਣਾਂ ਮੌਕੇ ਕਾਂਗਰਸ ਨੇ ਪੰਜਾਬ ਦੇ ਨੌਜਵਾਨਾਂ ਨਾਲ ਘਰ-ਘਰ ਸਰਕਾਰੀ ਨੌਕਰੀ ਦੇਣ ਦੇ ਸਬਜਬਾਗ਼ ਦਿਖਾਏ ਸਨ ਪਰ ਸਰਕਾਰ ਬਣਨ ਤੋਂ ਬਾਅਦ ਇਹ ਵਾਅਦਾ ਪੂਰਾ ਨਾ ਹੁੰਦਾ ਦੇਖ ਕੇ ਅਤੇ ਵਿਰੋਧੀ ਧਿਰਾਂ ਤੇ ਪੰਜਾਬ ਦੇ ਬੇਰੁਜ਼ਗਾਰਾਂ ਦੇ ਵਿਰੋਧ ਦੇ ਡਰੋਂ ਪੰਜਾਬ ਦੇ ਟੈਕਨੀਕਲ ਕਾਲਜਾਂ ਤੇ ਯੂਨੀਵਰਸਿਟੀਆਂ ਵਿੱਚ ਅਗਸਤ 2017 ਦੇ ਅਖ਼ੀਰਲੇ ਹਫ਼ਤੇ ਉਨ੍ਹਾਂ ਪ੍ਰਾਈਵੇਟ ਕੰਪਨੀਆਂ ਨੂੰ ਨੌਕਰੀ ਮੇਲੇ ਦੇ ਬੈਨਰ ਹੇਠ ਪਲੇਸਮੈਂਟ ਲਈ ਭੇਜਿਆ ਸੀ, ਜਿਹੜੀਆਂ ਪਹਿਲਾਂ ਹੀ ਸਮੇਂ-ਸਮੇਂ 'ਤੇ ਇਨ੍ਹਾਂ ਕਾਲਜਾਂ-ਯੂਨੀਵਰਸਿਟੀਆਂ ਵਿੱਚ ਅਖ਼ੀਰਲੇ ਸਾਲ ਦੇ ਵਿਦਿਆਰਥੀਆਂ ਦੀ ਨੌਕਰੀਆਂ ਲਈ ਚੋਣ ਕਰਨ ਆਉਂਦੀਆਂ ਸਨ।

ਮੰਗਲਵਾਰ ਨੂੰ ਇੱਥੇ ਕੈਪਟਨ ਸਰਕਾਰ ਨੇ ਪੰਜਾਬ ਸਰਕਾਰ ਦੇ ਨੌਕਰੀ ਮੇਲੇ ਦੇ ਨਾਮ ਹੇਠ 20 ਤੋਂ 23 ਫਰਵਰੀ ਤੱਕ ਨੌਕਰੀ ਮੇਲੇ ਦੀ ਸ਼ੁਰੂਆਤ ਕੀਤੀ ਜਿਸ ਤਹਿਤ ਇਹ ਨੌਕਰੀ ਮੇਲਾ ਅੱਜ ਸਥਾਨਕ ਗੁਰੂ ਕਾਸ਼ੀ ਯੂਨੀਵਰਸਿਟੀ ਵਿੱਚ ਵੀ ਸ਼ੁਰੂ ਹੋਇਆ ਜਿਸਦਾ ਉਦਘਾਟਨ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਕਰਨਾ ਸੀ, ਪਰ ਉਹ ਨਾ ਆਏ। ਨੌਕਰੀ ਮੇਲੇ ਦੇ ਪਹਿਲੇ ਦਿਨ 25 ਨਿੱਜੀ ਕੰਪਨੀਆਂ ਪਹੁੰਚੀਆਂ ਹੋਈਆਂ ਸਨ। ਰਜਿਸਟ੍ਰੇਸ਼ਨ ਬੂਥਾਂ ਤੋਂ ਇਲਾਵਾ ਪ੍ਰਬੰਧਕਾਂ ਵੱਲੋਂ ਆਉਣ ਵਾਲੇ ਬੇਰੁਜ਼ਗਾਰਾਂ ਲਈ ਇੱਕ ਵੱਡਾ ਪੰਡਾਲ ਸਜਾ ਕੇ ਕੁਰਸੀਆਂ ਸਜਾਈਆਂ ਗਈਆਂ ਸਨ, ਪਰ ਬੇਰੁਜ਼ਗਾਰਾਂ ਨੇ ਇਸ ਵਾਰ ਉਕਤ ਨੌਕਰੀ ਮੇਲੇ ਲਈ ਕੋਈ ਬਹੁਤੀ ਦਿਲਚਸਪੀ ਨਹੀਂ ਦਿਖਾਈ ਜਿਸ ਕਾਰਨ ਵੱਖ-ਵੱਖ ਲੱਗੇ ਬੂਥ ਬੇਰੁਜ਼ਗਾਰਾਂ ਨੂੰ ਨੌਕਰੀਆਂ ਦੇਣ ਲਈ ਉਡੀਕਦੇ ਰਹੇ ਤੇ ਕੁਰਸੀਆਂ ਵੀ ਖਾਲੀ ਰਹੀਆਂ ਅਤੇ ਬਹੁਤ ਥੋੜ੍ਹੇ ਹੀ ਨੌਜਵਾਨਾਂ ਨੇ ਸ਼ਿਰਕਤ ਕੀਤੀ। ਨੌਜਵਾਨਾਂ ਦਾ ਬਹੁਤ ਹੀ ਘੱਟ ਗਿਣਤੀ ਵਿੱਚ ਆਉਣ ਤੋਂ ਪ੍ਰਬੰਧਕ ਵੀ ਨਿਰਾਸ਼ ਦੇਖੇ ਗਏ। ਕੁਝ ਨੇ ਇਸ ਦੇ ਪਰਦਾ ਪਾਉਂਦਿਆਂ ਕਿਹਾ ਕਿ ਇੱਕ ਤਾਂ ਨੌਜਵਾਨਾਂ ਦੀ ਇੰਜੀਨੀਅਰਿੰਗ ਪਾਸੇ ਦਿਲਚਸਪੀ ਘਟ ਗਈ ਹੈ ਅਤੇ ਦੂਜਾ ਅੱਜ ਪੰਜਾਬ ਭਰ ਵਿੱਚ ਕਈ ਥਾਵਾਂ 'ਤੇ ਨੌਕਰੀ ਮੇਲੇ ਸ਼ੁਰੂ ਹੋਣ ਕਰਕੇ ਬੇਰੁਜ਼ਗਾਰ ਵੱਖ-ਵੱਖ ਵੰਡੇ ਗਏ ਹਨ। ਨੌਕਰੀ ਮੇਲੇ ਬਾਰੇ ਹਲਕਾ ਵਿਧਾਇਕ ਪ੍ਰੋਫੈਸਰ ਬਲਜਿੰਦਰ ਕੌਰ ਦਾ ਕਹਿਣਾ ਸੀ ਕਿ ਚੋਣਾਂ ਦੌਰਾਨ ਵੱਡੇ-ਵੱਡੇ ਵਾਅਦੇ ਕਰ ਕੇ ਬਣੀ ਕੈਪਟਨ ਸਰਕਾਰ ਹਰ ਫਰੰਟ 'ਤੇ ਫੇਲ੍ਹ ਹੋ ਚੁੱਕੀ ਹੈ ਅਤੇ ਕੀਤੇ ਵਾਅਦਿਆਂ ਤੋਂ ਭੱਜ ਕੇ ਕਾਂਗਰਸ ਨੇ ਪੰਜਾਬ ਦੇ ਲੋਕਾਂ ਨਾਲ ਧੋਖਾ ਕੀਤਾ ਹੈ। ਇਸ ਲਈ ਸਰਕਾਰ 'ਤੇ ਧੋਖਾਧੜੀ ਦੇ ਕੇਸ ਦਰਜ ਹੋਣੇ ਚਾਹੀਦੇ ਹਨ।


ਗੁਰੂ ਕਾਸ਼ੀ ਯੂਨੀਵਰਸਿਟੀ ਵਿੱਚ ਲੱਗੇ ਨੌਕਰੀ ਮੇਲੇ ਲਈ ਲੱਗੀਆਂ ਕੁਰਸੀਆਂ ਖਾਲੀ ਪਈਆਂ ਹੋਈਆਂ।

### ਚੰਨੀ ਵੱਲੋਂ ਨੌਕਰੀ ਮੇਲੇ ਦਾ ਪੋਸਟਰ ਜਾਰੀ

ਚੰਡੀਗੜ੍ਹ: ਆਰੀਅਨਜ਼ ਗਰੁੱਪ ਆਫ਼ ਕਾਲਜਿਜ ਰਾਜਪੁਰਾ, ਯੂਨੀਵਰਸਲ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਲਾਲੜੂ ਅਤੇ ਆਦੇਸ਼ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਘੜੂੰਆਂ ਵਿੱਚ ਪੰਜਾਬ ਸਰਕਾਰ ਦੀ ਹਰ ਘਰ ਰੁਜ਼ਗਾਰ ਮੁਹਿੰਮ ਤਹਿਤ 22 ਫਰਵਰੀ ਨੂੰ ਆਈਕੇਜੀ-ਪੀਟੀਯੂ ਮੁਹਾਲੀ ਕੈਂਪਸ ਵਿੱਚ ਦੂਜਾ ਨੌਕਰੀ ਮੇਲਾ ਲਾਇਆ ਜਾ ਰਿਹਾ ਹੈ।ਤਕਨੀਕੀ ਸਿੱਖਿਆ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਨੌਕਰੀ ਮੇਲੇ ਦਾ ਪੋਸਟਰ ਜਾਰੀ ਕੀਤਾ। ਇਸ ਮੌਕੇ ਡਾ. ਅੰਸ਼ੂ ਕਟਾਰੀਆ, ਚੇਅਰਮੈਨ ਆਰੀਅਨਜ਼ ਗਰੁੱਪ ਤੇ ਗੁਰਫਤਿਹ ਸਿੰਘ ਡਾਇਰੈਕਟਰ ਟੈਕਨੀਕਲ ਆਦੇਸ਼ ਗਰੁੱਪ ਸਮੇਤ ਕਈ ਹੋਰ ਪਤਵੰਤੇ ਹਾਜ਼ਰ ਸਨ।

# ਸ਼ੀਸ਼ ਮਹਿਲ ਵਿਚ ਧਰਤੀ ਉੱਤੇ ਡਿੱਗੀਆਂ ਵਿਰਾਸਤੀ ਤੋਪਾਂ ਨੂੰ ਦੁਲਹਨਾਂ ਬਣਾਇਆ

**ਪਟਿਆਲਾ/ਬਿਊਰੋ ਨਿਊਜ:** ਸ਼ੀਸ਼ ਮਹਿਲ ਦੇ ਵਿਰਾਸਤੀ ਤਲਾਬ ਦੇ ਦੁਆਲੇ ਦਰਜਨ ਦੇ ਕਰੀਬ ਤੋਪਾਂ ਦਹਾਕਿਆਂ ਤੋਂ ਪ੍ਰਦਰਸ਼ਿਤ ਕੀਤੀਆਂ ਗਈਆਂ ਸਨ। ਇਨ੍ਹਾਂ 'ਚੋਂ ਛੇ ਤੋਪਾਂ ਟੁੱਟ-ਭੱਜ ਕੇ ਜ਼ਮੀਨ 'ਤੇ ਡਿੱਗ ਗਈਆਂ ਸਨ। ਤੋਪਾਂ ਦੀ ਅਜਿਹੀ ਤਰਾਸਦੀ ਬਿਆਨ ਕਰਦੀ ਇੱਕ ਰਿਪੋਰਟ ਪਿਛਲੇ ਹਫ਼ਤੇ ਅਖ਼ਬਾਰਾਂ ਵੱਲੋਂ ਪ੍ਰਮੁੱਖਤਾ ਨਾਲ ਛਾਪੀ ਗਈ ਸੀ.ਗ ਅਜੇ ਇਹ ਗੱਲ ਸਾਫ਼ ਨਹੀਂ ਹੋ ਸਕੀ ਹੈ ਕਿ ਕਿਹੜੇ ਵਿਭਾਗ ਵੱਲੋਂ ਤੋਪਾਂ ਦੀ ਮੁਰੰਮਤ ਕਰਵਾਈ ਹੈ ਪਰ ਅਹਿਮ ਗੱਲ ਇਹ ਹੈ ਕਿ ਤੋਪਾਂ 'ਚ ਨਵੀਂ ਜੂਨ ਪਾ ਕੇ ਮੁੜ ਪਹਿਲਾਂ ਵਾਂਗ ਪਹਿਲੀ ਵਾਲੀ ਥਾਂ 'ਤੇ ਹੀ ਸੁਸ਼ੋਭਿਤ ਕਰ ਦਿੱਤਾ ਗਿਆ ਹੈ। ਕਾਰੀਗਰਾਂ ਨੇ ਤੋਪਾਂ ਨੂੰ ਹਰੇ ਰੰਗ ਦਾ ਕੰਮ ਹਾਲੇ ਪਰਸੋਂ ਹੀ ਮੁਕਾਇਆ ਹੈ। ਅਹਿਮ ਗੱਲ ਇਹ ਹੈ ਕਿ ਤੋਪਾਂ ਮੁੜ ਸਜਾ ਕੇ ਪਹਿਲਾਂ ਵਾਂਗ ਪਹਿਲੀ ਵਾਲੀ ਥਾਂ 'ਤੇ ਹੀ ਰੱਖਿਆ ਗਿਆ ਹੈ। ਭਲਕੇ ਸ਼ੁਰੂ ਹੋਣ ਵਾਲੇ ਵਿਰਾਸਤੀ ਮੇਲਿਆਂ ਦਾ ਆਗਾਜ਼ ਵੱਖ-ਵੱਖ ਥਾਵਾਂ 'ਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਸਾਬਕਾ ਵਿਦੇਸ਼ ਰਾਜ ਮੰਤਰੀ ਪਰਨੀਤ ਕੌਰ ਕਰਨਗੇ। ਮੇਲੇ ਦੇ ਪ੍ਰਬੰਧਾਂ ਨੂੰ ਲੈ ਕੇ ਸ਼ੀਸ਼ ਮਹਿਲ 'ਚ ਕੰਟਰੋਲ ਰੂਮ ਸਥਾਪਤ ਕਰ ਦਿੱਤਾ ਗਿਆ ਹੈ। ਸ਼ੀਸ਼ ਮਹਿਲ ਵਿੱਚ 21 ਫਰਵਰੀ ਤੋਂ ਸ਼ੁਰੂ ਹੋਇਆ ਸਾਰਸ ਮੇਲਾ 4 ਮਾਰਚ ਤੱਕ ਰਹੇਗਾ ਜਦਕਿ ਕਿਲ੍ਹਾ ਮੁਬਾਰਕ 'ਚ ਵੀ ਲੱਗਿਆ ਹੈਰੀਟੇਜ ਮੇਲਾ 27 ਫਰਵਰੀ ਤੱਕ ਰਹੇਗਾ।



### ਸ਼੍ਰੋਮਣੀ ਕਮੇਟੀ ਦਾ ਨਿਸ਼ਾਨਾ : 'ਇਕ ਪਿੰਡ ਇਕ ਗੁਰਦੁਆਰਾ'

**ਸੰਗਰੂਰ/ਬਿਊਰੋ ਨਿਊਜ਼:** ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਕਿਹਾ ਹੈ ਕਿ ਪੰਜਾਬ ਦੇ ਤਕਰੀਬਨ ਹਰੇਕ ਪਿੰਡ ਵਿਚ ਇਕ ਤੋਂ ਵੱਧ ਗੁਰਦੁਆਰੇ ਹਨ। ਚਾਹੀਦਾ ਇਹ ਹੈ ਕਿ ਇਕ ਪਿੰਡ ਵਿਚ ਇਕ ਗੁਰੂ ਘਰ ਹੋਵੇ। ਉਨ੍ਹਾਂ ਕਿਹਾ ਕਿ ਪਿੰਡਾਂ ਦੀ ਧੜੇਬਾਜ਼ੀ ਅਤੇ ਚੌਧਰ ਦੀ ਭੁੱਖ ਕਾਰਨ ਇਕ-ਇਕ ਪਿੰਡ ਵਿਚ ਕਈ-ਕਈ ਗੁਰੂ ਘਰ ਬਣ ਚੁੱਕੇ ਹਨ ਇਸ ਲਈ ਸ਼੍ਰੋਮਣੀ ਕਮੇਟੀ ਵਲੋਂ ਇਕ ਵਿਸ਼ੇਸ਼ ਮੁਹਿੰਮ ਚਲਾਈ ਜਾਵੇਗੀ, ਜਿਸ ਤਹਿਤ 'ਇਕ ਪਿੰਡ ਇਕ ਗੁਰਦੁਆਰਾ' ਲਈ ਸੰਗਤ ਨੂੰ ਪ੍ਰੇਰਿਤ ਕੀਤਾ ਜਾਵੇਗਾ। ਇਸ ਮੁਹਿੰਮ ਵਿਚ ਜੁੜਨ ਵਾਲੀਆਂ ਪਿੰਡਾਂ ਦੀਆਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਨੂੰ ਸਨਮਾਨਿਤ ਕਰਨ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਬੇਨਤੀ ਕੀਤੀ ਜਾਵੇਗੀ।



# ਫਰਿਜ਼ਨੋ ਵਿਖੇ ਵਿਰਾਸਤੀ ਖੇਡਾਂ ਅਤੇ ਫੈਮਲੀ ਪਿਕਨਿਕ ਦੀਆਂ ਤਿਆਰੀਆਂ ਜ਼ੋਰਾਂ 'ਤੇ

**ਫਰਿਜ਼ਨੋ (ਕੁਲਵੰਤ ਧਾਲੀਆਂ/ਨੀਟਾ ਮਾਛੀਕੇ):**
ਸ਼ੈਂਟਰਲ ਵੈਲੀ ਫਰਿਜ਼ਨੋ ਵਿਖੇ ਸਥਾਪਤ ਜੀ.ਐਚ.ਜੀ. ਅਕੈਡਮੀ ਦੀ ਹੋਣ ਜਾ ਰਹੀ ਪਿਕਨਿਕ ਵਿੱਚ ਹਿੱਸਾ ਲੈਣ ਲਈ ਬੱਚਿਆਂ ਵੱਲੋਂ ਹਰ ਐਤਵਾਰ ਮਾਹਰ ਕੋਚਾਂ ਦੀ ਅਗਵਾਈ ਅਧੀਨ ਤਿਆਰੀਆਂ ਜ਼ੋਰਾਂ ਸ਼ੋਰਾਂ ਨਾਲ ਚੱਲ ਰਹੀਆਂ ਹਨ, ਜਿਸ ਨੂੰ ਦੇਖ ਕੇ ਲੱਗ ਰਿਹਾ ਹੈ ਕਿ ਇਸ ਸਾਲ ਬੱਚੇ ਵਿਰਾਸਤੀ ਖੇਡਾਂ ਸਿੱਖਣ ਅਤੇ ਉਨ੍ਹਾਂ ਦਾ ਪ੍ਰਦਰਸ਼ਨ ਕਰਨ ਲਈ ਬਹੁਤ ਦਿਲਚਸਪੀ ਦਿਖਾ ਰਹੇ ਹਨ। ਪ੍ਰਬੰਧਕਾਂ ਦੁਆਰਾ ਨਿਯਤ ਪ੍ਰੋਗਰਾਮ ਅਨੁਸਾਰ ਇਹ ਪਿਕਨਿਕ 'ਸ਼ਹੀਦ ਜਸਵੰਤ ਸਿੰਘ ਖਾਲੜਾ' ਪਾਰਕ ਦੇ ਖੁੱਲੇ ਗਰਾਉਂਡਾਂ ਵਿੱਚ ਹੋਵੇਗੀ। ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਜੀ.ਐਚ.ਜੀ. ਅਕੈਡਮੀ ਵੱਲੋਂ ਸਮੁੱਚੇ ਭਾਈਚਾਰੇ ਦੇ ਸਹਿਯੋਗ ਨਾਲ ਵਿਰਾਸਤੀ ਖੇਡਾਂ ਅਤੇ ਪਰਿਵਾਰਕ ਪਿਕਨਿਕ 10 ਮਾਰਚ, 2018 ਨੂੰ ਹੋਵੇਗੀ। ਜਿਸ ਦੌਰਾਨ ਇਸ ਸਾਲ 17 ਸਾਲ ਅਤੇ ਇਸ ਤੋਂ ਘੱਟ ਉਮਰ ਦੇ ਬੱਚਿਆਂ ਦੇ ਬਾਸਕਟਬਾਲ ਮੁਕਾਬਲੇ ਸ਼ਾਮਲ ਕੀਤੇ ਗਏ ਹਨ। ਇਸ ਤੋਂ ਇਲਾਵਾ ਛੋਟੇ ਬੱਚਿਆਂ ਲਈ ਸ਼ਾਕਰ ਅਤੇ ਫੀਲਡ ਹਾਕੀ ਖੇਡ ਨੂੰ ਵੀ ਉਤਸ਼ਾਹਤ ਕੀਤਾ ਜਾਵੇਗਾ। ਇਸ ਤੋਂ ਇਲਾਵਾ ਬੱਚਿਆ ਦਾ ਗਿੱਧਾ-ਭੰਗੜਾ ਅਤੇ ਹੋਰ ਬਹੁਤ ਕੁਝ ਮੰਨੋਰੰਜਨ ਲਈ ਹੋਵੇਗਾ।ਇਸ ਪਿਕਨਿਕ ਅਤੇ ਵਿਰਾਸਤੀ ਖੇਡ ਮੇਲੇ ਵਿੱਚ ਹਿੱਸਾ ਲੈਣ ਵਾਲੇ ਬੱਚਿਆਂ ਨੂੰ ਮਾਣ-ਸਨਮਾਨ ਦਿੱਤਾ ਜਾਵੇਗਾ।

ਇਸ ਪ੍ਰੋਗਰਾਮ ਦੌਰਾਨ ਸਹਿਯੋਗ ਦੇਣ ਅਤੇ ਵਧੇਰੇ ਜਾਣਕਾਰੀ ਲਈ ਪਰਮਜੀਤ ਧਾਲੀਵਾਲ (559) 351-9465, ਊਦੈਦੀਪ ਸਿੰਘ ਸਿੱਧੂ (559) 355-4065 ਜਾਂ ਗੁਰਦੀਪ ਸ਼ੇਰਗਿੱਲ (569) 349-1481 ਨਾਲ ਸੰਪਰਕ ਕੀਤਾ ਜਾ ਸਕਦਾ ਹੈ। ਚਾਹ-ਪਾਣੀ, ਪਕੌੜੇ ਤੇ ਤਾਜਾ ਜਲੇਬੀਆਂ ਦੇ ਲੰਗਰਾਂ ਦਾ ਖੁੱਲਾ ਪ੍ਰਬੰਧ ਹੋਵੇਗਾ।

ਪ੍ਰਬੰਧਕਾਂ ਵਲੋਂ ਸਮੁੱਚੇ ਭਾਈਚਾਰੇ ਨੂੰ ਪ੍ਰਬੰਧਕਾਂ ਵੱਲੋਂ ਇਸ ਪਿਕਨਿਕ ਵਿੱਚ ਸ਼ਾਮਲ ਹੋਣ ਲਈ ਖੁੱਲਾ ਸੱਦਾ ਦਿੱਤਾ ਜਾਂਦਾ ਹੈ।

# ਕੈਨੇਡਾ ਤੇ ਭਾਰਤ ਵਿਚਾਲੇ ਸਾਂਝ ਹੋਰ ਵਧੇਗੀ: ਰੂਬੀ ਸਹੋਤਾ

**ਪਟਿਆਲਾ/ਬਿਊਰੋ ਨਿਊਜ਼** , ਕੈਨੇਡਾ ਦੀ ਸੰਸਦ ਮੈਂਬਰ ਰੂਬੀ ਸਹੋਤਾ ਨੇ ਕਿਹਾ ਹੈ ਕਿ ਕੈਨੇਡਾ ਸਰਕਾਰ ਭਾਰਤ ਨਾਲ ਚੰਗੇ ਸਬੰਧ ਬਣਾਉਣ ਦੇ ਮੁੱਦੇ 'ਤੇ ਕੰਮ ਕਰ ਰਹੀ ਹੈ। ਸਾਨੂੰ ਕਾਫ਼ੀ ਉਮੀਦ ਹੈ ਕਿ ਸਾਡੀ ਭਾਰਤ ਨਾਲ ਕਾਫ਼ੀ ਨੇੜਤਾ ਬਣੇਗੀ ਤੇ ਅਸੀਂ ਭਾਰਤ ਨਾਲ ਕਈ ਮੁੱਦਿਆਂ ਤੇ ਸਾਂਝ ਪਾਵਾਂਗੇ। ਉਹ ਇੱਥੇ ਪੰਜਾਬੀ ਯੂਨੀਵਰਸਿਟੀ ਵਿੱਚ ਮੀਡੀਆ ਨਾਲ ਗੱਲਬਾਤ ਕਰ ਰਹੇ ਸਨ। ਉਨ੍ਹਾਂ ਮੀਡੀਆ ਵੱਲੋਂ ਪੁੱਛੇ ਖ਼ਾਲਿਸਤਾਨ ਜਾਂ ਫਿਰ 2020 ਰਿਫਰੈਂਡਮ ਬਾਰੇ ਪੁੱਛੇ ਸਵਾਲਾਂ ਦੇ ਜਵਾਬ ਦੇਣ ਤੋਂ ਬਿਲਕੁਲ ਇਨਕਾਰ ਕਰ ਦਿੱਤਾ ਤੇ ਕਿਹਾ ਕਿ ਉਹ ਭਾਈਚਾਰਕ ਸਾਂਝ ਬਣਾਉਣ ਦੀ ਗੱਲ ਕਰ ਰਹੇ ਹਨ। ਰੂਬੀ ਸਹੋਤਾ ਨੇ ਕਿਹਾ ਕਿ ਕੈਨੇਡਾ ਵਿੱਚ ਲੱਖਾਂ ਭਾਰਤੀ ਵੱਸਦੇ ਹਨ। ਉਨ੍ਹਾਂ ਇੱਥੇ ਪੰਜਾਬੀ ਬੋਲਦਿਆਂ ਹੁੰਦੀਆਂ ਗ਼ਲਤੀਆਂ ਦੀ ਮੁਆਫ਼ੀ ਮੰਗਦਿਆਂ ਕਿਹਾ ਕਿ ਉਹ ਕੈਨੇਡਾ ਦੇ ਜੰਮਪਲ ਹਨ ਪਰ ਫਿਰ ਵੀ ਉਨ੍ਹਾਂ ਦੇ ਮਾਪਿਆਂ ਨੇ ਉਨ੍ਹਾਂ ਨੂੰ ਪੰਜਾਬੀ ਨਾਲ ਜੋੜਿਆ ਹੈ। ਉਹ ਕਰੀਬ ਸੱਤ ਵਾਰ ਪੰਜਾਬ ਆਏ ਹਨ ਤੇ ਉਨ੍ਹਾਂ ਵੇਖਿਆ ਹੈ ਕਿ ਪੰਜਾਬ ਵਿੱਚ ਪੰਜਾਬੀ ਆਪਣਾ ਸੱਭਿਆਚਾਰ, ਪੰਜਾਬੀ ਬੋਲੀ, ਪੰਜਾਬੀ ਖਾਣਾ ਤੇ ਪੰਜਾਬੀ ਪਹਿਰਾਵਾ ਭੁੱਲਦੇ ਜਾ ਰਹੇ ਹਨ। ਉਨ੍ਹਾਂ ਯੂਨੀਵਰਸਿਟੀ ਦੀ ਤਾਰੀਫ਼ ਕਰਦਿਆਂ ਕਿਹਾ ਕਿ ਪੰਜਾਬੀ ਬੋਲੀ ਲਈ ਇਹ ਯੂਨੀਵਰਸਿਟੀ ਚੰਗਾ ਕੰਮ ਕਰ ਰਹੀ ਹੈ। ਇਸ ਮੌਕੇ ਉਨ੍ਹਾਂ ਦੇ ਪਿਤਾ ਵੀ ਹਾਜ਼ਰ ਸਨ।

# ਰੂਬੀ ਸਹੋਤਾ ਦਾ ਪਿੰਡ ਵਾਲਿਆਂ ਨੇ ਕੀਤਾ ਸ਼ਾਨਦਾਰ ਸਨਮਾਨ

**ਮੰਡੀ ਅਹਿਮਦਗੜ੍ਹ/ਬਿਊਰੋ ਨਿਊਜ਼:** ਇੱਥੋਂ ਨੇੜਲੇ ਪਿੰਡ ਜੰਡਾਲੀ ਕਲਾਂ ਵਿਥੇ ਭਾਰਤ ਅਤੇ ਕੈਨੇਡਾ ਦੇ ਕੌਮਾਂ ਤਰਾਨਿਆਂ ਨਾਲ ਸ਼ੁਰੂ ਹੋਏ ਸਮਾਗਮ ਦੌਰਾਨ ਪਿੰਡ ਦੀ ਧੀ ਅਤੇ ਬਰੈਂਪਟਨ ਦੀ ਐਮ ਪੀ ਰੂਬੀ ਸਹੋਤਾ ਨੂੰ ਇਲਾਕੇ ਦੀਆਂ ਸੰਸਥਾਵਾਂ ਵੱਲੋਂ ਸ਼ਾਈਨਿੰਗ ਡਾਟਰ ਆਫ਼ ਪੰਜਾਬ' ਦੇ ਖਿਤਾਬ ਨਾਲ ਸਨਮਾਨਿਤ ਕੀਤਾ ਗਿਆ। ਸਬ ਡਿਵੀਜ਼ਨ ਅਹਿਮਦਗੜ੍ਹ ਜਰਨਲਿਸਟ ਐਸੋਸੀਏਸ਼ਨ ਦੇ ਚੇਅਰਮੈਨ ਰਵਿੰਦਰ ਪੁਰੀ ਦੀ ਰਹਿਨੁਮਾਈ ਵਿੱਚ ਕਰੀਬ 50 ਸੰਸਥਾਵਾਂ ਵੱਲੋਂ ਰੂਬੀ ਸਹੋਤਾ ਨੂੰ ਸਨਮਾਨਿਤ ਕੀਤਾ ਗਿਆ। ਰਲਵੀਂ ਪੰਜਾਬੀ ਅਤੇ ਅੰਗਰੇਜ਼ੀ ਵਿੱਚ ਦਿੱਤੇ ਆਪਣੇ ਭਾਸ਼ਣ ਦੌਰਾਨ ਰੂਬੀ ਸਹੋਤਾ ਨੇ ਕਿਹਾ ਕਿ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਅਗਵਾਈ ਵਿੱਚ ਆਏ ਵਫ਼ਦ ਦਾ ਮੁੱਖ ਮਕਸਦ ਦੋਵਾਂ ਮੁਲਕਾਂ ਦੇ ਲੋਕਾਂ ਦਰਮਿਆਨ ਪਿਆਰ ਵਧਾਉਣਾ ਅਤੇ ਕੈਨੇਡਾ ਤੇ ਭਾਰਤ ਦੀ ਦੋਸਤੀ ਨੂੰ ਪਹਿਲਾਂ ਨਾਲੋਂ ਵੀ ਗੂੜ੍ਹਾ ਕਰਨ ਦੀ ਕੋਸ਼ਿਸ਼ ਕਰਨਾ ਹੈ। ਰੂਬੀ ਸਹੋਤਾ ਦੇ ਪਿਤਾ ਅਤੇ ਪਿੰਡ ਜੰਡਾਲੀ ਕਲਾਂ ਦੇ ਜੰਮਪਲ ਪਰਵਾਸੀ ਭਾਰਤੀ ਹਰਬੰਸ ਸਿੰਘ ਜੰਡਾਲੀ ਨੇ ਪ੍ਰਬੰਧਕਾਂ ਅਤੇ ਸਨਮਾਨ ਕਰਨ ਵਾਲੀਆਂ ਸੰਸਥਾਵਾਂ ਦਾ ਧੰਨਵਾਦ ਕੀਤਾ।


ਕੈਨੇਡਿਆਈ ਐੱਮ ਪੀ ਰੂਬੀ ਸਹੋਤਾ ਦਾ ਸਨਮਾਨ ਕੀਤੇ ਜਾਣ ਦੀ ਝਲਕ।

JESSIE TAX SERVICES
We Provide Comprehensive Tax Services


JASWANT S. JESSIE
Enrolled Agent (EA), NTPI Fellow

Specializing in:
- Comprehensive Tax Return Preparation (including international income)
- Individual & All Business Tax Returns (Multiple States)
- Creation of Partnership, LLC & Corporation
- F-BAR, OVDPI & Streamline Filings
- Book keeping, Payroll & Sales Tax
- Audit Representations to IRS, Franchise Tax Board, EDD & Sales Tax

1491 S. Wolfe Road, Sunnyvale, CA 94087 | By Appointment Only
Phone (408) 736-2451 | Fax (408) 736-8626
Email: jessie@jessietax.com
www.jessietax.com

# ਪੰਜਾਬ ਕੈਬਨਿਟ 'ਚ ਉੱਠਿਆ 'ਗੁੰਡਾ ਟੈਕਸ' ਦਾ ਮਸਲਾ

## ਸਾਬਕਾ ਅਕਾਲੀ ਵਿਧਾਇਕ ਨੇ 'ਆਪ' ਦੀ ਵਿਧਾਇਕਾ ਉੱਤੇ ਲਾਏ ਗੁੰਡਾ ਟੈਕਸ 'ਚੋਂ ਹਿੱਸਾ ਲੈਣ ਦੇ ਦੋਸ਼

**ਤਲਵੰਡੀ ਸਾਬੋ/ਬਿਊਰੋ ਨਿਊਜ਼:** ਉਪ ਮੰਡਲ ਤਲਵੰਡੀ ਸਾਬੋ ਦੇ ਪਿੰਡ ਫੁੱਲੋ ਖਾਰੀ ਵਿੱਚ ਲੱਗੇ ਗੁਰੂ ਗੋਬਿੰਦ ਸਿੰਘ ਤੇਲ ਸੋਧਕ ਕਾਰਖਾਨੇ ਦੇ ਗੁੰਡਾ ਟੈਕਸ ਮਾਮਲੇ ਬਾਰੇ ਹਲਕੇ ਦੇ ਸਾਬਕਾ



ਵਿਧਾਇਕ ਤੇ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਜੀਤ ਮਹਿੰਦਰ ਸਿੰਘ ਸਿੱਧੂ ਨੇ ਇੱਕ ਵਾਰ ਫਿਰ ਹਲਕੇ ਦੀ 'ਆਪ' ਵਿਧਾਇਕਾ ਖ਼ਿਲਾਫ਼ ਮੋਰਚਾ ਖੋਲ੍ਹ ਦਿੱਤਾ ਹੈ। ਪ੍ਰੈੱਸ ਨੂੰ ਜਾਰੀ ਬਿਆਨ ਵਿੱਚ ਸਾਬਕਾ ਵਿਧਾਇਕ ਜੀਤ ਮੁਹਿੰਦਰ ਸਿੰਘ ਸਿੱਧੂ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਰਿਫਾਈਨਰੀ ਕੋਲੋਂ ਗੁੰਡਾ ਟੈਕਸ ਦੀ ਵਸੂਲੀ ਦਾ ਸੱਚ ਜਾਣਨ ਲਈ ਆਰਗੇਨਾਈਜ਼ਡ ਕ੍ਰਾਈਮ ਕੰਟਰੋਲ ਯੂਨਿਟ (ਓਕੂ) ਦੀ ਇੱਕ ਟੀਮ ਦੀ ਡਿਊਟੀ ਲਾਈ ਗਈ ਸੀ। ਟੀਮ ਨੇ ਆਪਣੀ ਰਿਪੋਰਟ ਸਰਕਾਰ ਨੂੰ ਭੇਜਦਿਆਂ ਕਾਂਗਰਸ ਦੇ ਤਿੰਨ ਵਿਧਾਇਕਾਂ, 'ਆਪ' ਦਾ ਇੱਕ ਵਿਧਾਇਕ ਅਤੇ ਇੱਕ ਹਾਰੇ ਹੋਏ ਕਾਂਗਰਸੀ ਆਗੂ ਨੂੰ ਉਕਤ ਟੈਕਸ ਵਸੂਲਣ ਵਾਲਿਆਂ ਵਿੱਚ ਸ਼ਾਮਲ ਕੀਤਾ ਹੈ। ਉਨ੍ਹਾਂ ਕਿਹਾ ਕਿ ਇਸ ਰਿਪੋਰਟ ਵਿੱਚ ਜਿਸ 'ਆਪ' ਵਿਧਾਇਕ ਦਾ ਜ਼ਿਕਰ ਕੀਤਾ ਗਿਆ ਹੈ, ਉਹ ਤਲਵੰਡੀ ਸਾਬੋ ਦੀ ਵਿਧਾਇਕਾ ਹੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਇਨਕਲਾਬ ਦਾ ਹੋਕਾ ਦੇ ਕੇ ਵਿਧਾਇਕ ਬਣਨ ਵਾਲੀ ਆਗੂ ਦੇ ਹੱਥ ਵੀ ਗੁੰਡਾ ਟੈਕਸ ਵਿੱਚ ਰੰਗੇ ਹੋਏ ਹਨ। ਸਾਬਕਾ ਵਿਧਾਇਕ ਨੇ ਕਿਹਾ ਕਿ ਇਸ ਰਿਪੋਰਟ ਨੇ ਹਲਕੇ ਅੰਦਰ ਕਾਂਗਰਸ ਤੇ 'ਆਪ' ਦੇ ਲੁਕਵੇਂ ਗੱਠਜੋੜ ਨੂੰ ਵੀ ਬੇਪਰਦ ਕਰ ਦਿੱਤਾ ਹੈ। ਇਸ ਲਈ ਵਿਧਾਇਕਾ ਨੂੰ ਹੁਣ ਤੁਰੰਤ ਅਸਤੀਫ਼ਾ ਦੇ ਦੇਣਾ ਚਾਹੀਦਾ ਹੈ।

### *ਮੁੱਖ ਮੰਤਰੀ ਨੇ ਕਾਰਵਾਈ ਕਰਨ ਦਾ ਭਰੋਸਾ ਦਿੱਤਾ*

**ਚੰਡੀਗੜ੍ਹ/ਬਿਊਰੋ ਨਿਊਜ਼:**
ਹਾਕਮ ਧਿਰ ਨਾਲ ਸਬੰਧਤ ਜ਼ੋਰਾਵਰ ਹਸਤੀਆਂ ਵਲੋਂ ਬਠਿੰਡਾ ਵਿਚ 'ਗੁੰਡਾ ਟੈਕਸ' ਵਸੂਲੀ ਅਤੇ ਦਰਿਆਵਾਂ ਸਣੇ ਹੋਰ ਥਾਵਾਂ ਤੋਂ ਸ਼ਰੇਆਮ ਰੇਤਾ-ਬਜਰੀ ਦੇ ਨਾਜਾਇਜ਼ ਖਣਨ ਦੀ ਗੂੰਜ ਵੀਰਵਾਰ ਨੂੰ ਪੰਜਾਬ ਵਜ਼ਾਰਤ ਵਿਚ ਸੁਣਾਈ ਦਿੱਤੀ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਮੰਤਰੀ ਮੰਡਲ ਨੂੰ ਭਰੋਸਾ ਦਿਤਾ ਕਿ ਉਹ 'ਗੁੰਡਾ ਟੈਕਸ' ਅਤੇ ਨਾਜਾਇਜ਼ ਖਣਨ ਨੂੰ ਜੜ੍ਹੋਂ ਖਤਮ ਦੀ ਜ਼ਿੰਮੇਵਾਰੀ ਖੁਦ ਲੈਂਦੇ ਹਨ ਤੇ ਇਸ ਨੂੰ ਜਲਦੀ ਰੋਕ ਦਿਤਾ ਜਾਵੇਗਾ। ਵਜ਼ਾਰਤ ਦੀ ਮੀਟਿੰਗ ਵਿਚ ਕੁਝ ਮੰਤਰੀਆਂ ਨੇ ਇਹ ਮਾਮਲੇ ਉਠਾਉਂਦਿਆਂ ਕਿਹਾ ਕਿ ਇਸ ਨਾਲ ਰਾਜ ਸਰਕਾਰ ਦੀ ਭਾਰੀ ਬਦਨਾਮੀ ਹੋ ਰਹੀ ਹੈ। ਮੀਟਿੰਗ ਤੋਂ ਬਾਅਦ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਦਸਿਆ ਬਠਿੰਡਾ ਵਿਚ 'ਗੁੰਡਾ ਟੈਕਸ' ਵਸੂਲਣ ਦਾ ਮਾਮਲਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਉਠਾਉਂਦਿਆਂ ਇਸ ਨੂੰ ਹਰ ਹਾਲ ਰੋਕਣ 'ਤੇ ਜ਼ੋਰ ਦਿੱਤਾ। ਇਸ 'ਤੇ 'ਗੁੰਡਾ ਟੈਕਸ' ਅਤੇ ਰੇਤੇ ਦਾ ਨਾਜਾਇਜ਼ ਖਣਨ ਰੋਕਣ ਲਈ ਮੁੱਖ ਮੰਤਰੀ ਜ਼ਿੰਮੇਵਾਰੀ ਲਈ ਹੈ। ਉਹ ਅਗਲੇ ਦਿਨੀਂ ਇਸ ਬਾਰੇ ਮੀਡੀਆ ਨੂੰ ਵੀ ਜਾਣਕਾਰੀ ਦੇਣਗੇ।
ਬਠਿੰਡਾ ਵਿਚ 'ਗੁੰਡਾ ਟੈਕਸ' ਵਸੂਲੀ ਦਾ ਮਾਮਲਾ ਸਭ ਤੋਂ ਪਹਿਲਾਂ 'ਪੰਜਾਬੀ ਟ੍ਰਿਬਿਊਨ' ਨੇ ਉਭਾਰਿਆ ਸੀ। ਰੇਤੇ ਦੇ ਨਾਜਾਇਜ਼ ਖਣਨ ਦਾ ਮਾਮਲਾ ਵੀ 'ਟ੍ਰਿਬਿਊਨ'




ਗਰੁੱਪ ਨੇ ਹੀ ਉਠਾਇਆ ਸੀ ਕਿ ਕਾਂਗਰਸੀ ਵਿਧਾਇਕ ਸ਼ਰੇਆਮ ਨਾਜਾਇਜ਼ ਖਣਨ ਕਰਵਾ ਰਹੇ ਹਨ। ਇਸ ਪਿਛੋਂ ਮੁੱਖ ਮੰਤਰੀ ਨੇ ਡਿਪਟੀ ਕਮਿਸ਼ਨਰਾਂ ਦੀ ਅਗਵਾਈ ਹੇਠ ਕਮੇਟੀਆਂ ਬਣਾਉਣ ਦਾ ਐਲਾਨ ਕੀਤਾ ਸੀ ਪਰ ਨਾਜਾਇਜ਼ ਖਣਨ ਰੁਕਿਆ ਨਹੀਂ।
ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਆਪਣੀ ਪਾਰਟੀ ਦੀਆਂ 'ਪੋਲ ਖੋਲ੍ਹ ਰੈਲੀਆਂ' ਵਿੱਚ ਇਹ ਦੋਵੇਂ ਮਾਮਲੇ ਜ਼ੋਰ ਸ਼ੋਰ ਨਾਲ ਉਭਾਰਨ ਬਾਰੇ ਪੁੱਛੇ ਜਾਣ 'ਤੇ ਸ੍ਰੀ ਸਿੱਧੂ ਨੇ ਕਿਹਾ ਕਿ ਸੁਖਬੀਰ ਬਾਦਲ ਤਾਂ ਖੁਦ 'ਡਾਕੂ' ਹੈ। ਉਹ ਦੱਸੇ ਕਿ ਉਹ ਕਿੰਨੇ ਪੈਸੇ ਲੈਂਦਾ ਰਿਹਾ ਹੈ। ਉਨ੍ਹਾਂ ਕਿਹਾ ਕਿ ਉਹ ਇਨ੍ਹਾਂ ਮੁੱਦਿਆਂ 'ਤੇ ਬਾਦਲ ਨਾਲ ਕਿਤੇ ਵੀ ਬਹਿਸ ਲਈ ਤਿਆਰ ਹਨ। ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਵਲੋਂ ਨਵਜੋਤ ਸਿੱਧੂ ਅਤੇ ਮਨਪ੍ਰੀਤ ਬਾਦਲ ਦੀ ਤੁਲਨਾ 'ਬੰਟੀ ਤੇ ਬਬਲੀ' ਨਾਲ ਕੀਤੇ ਜਾਣ ਸਬੰਧੀ ਟਿੱਪਣੀ ਕਰਦਿਆਂ ਸ੍ਰੀ ਸਿੱਧੂ ਨੇ ਸ੍ਰੀ ਮਜੀਠਿਆ ਸੂਬੇ 'ਤੇ 'ਕਲੰਕ' ਕਰਾਰ ਦਿੱਤਾ।

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ 'ਗੁੰਡਾ ਟੈਕਸ' ਵਸੂਲੀ ਦਾ ਗੰਭੀਰ ਨੋਟਿਸ ਲੈਂਦਿਆਂ ਡੀਜੀਪੀ ਸੁਰੇਸ਼ ਅਰੋੜਾ ਨੂੰ 'ਗੁੰਡਾ ਟੈਕਸ' ਰੋਕਣ ਲਈ ਸਖ਼ਤ ਕਾਰਵਾਈ ਕਰਨ ਦਾ ਹੁਕਮ ਦਿੱਤਾ ਹੈ। ਉਨ੍ਹਾਂ ਡੀਜੀਪੀ ਨੂੰ ਟੈਕਸ ਉਗਰਾਹੁਣ ਵਾਲਿਆਂ ਦੇ ਸਿਆਸੀ ਪ੍ਰਭਾਵ ਜਾਂ ਅਹੁਦੇ ਦੀ ਪ੍ਰਵਾਹ ਕੀਤੇ ਬਿਨਾਂ ਤੁਰੰਤ ਕਦਮ ਚੁੱਕਣ ਦਾ ਹੁਕਮ ਦਿੰਦਿਆਂ ਕਿਹਾ ਕਿ ਇਸ ਮਸਲੇ 'ਚ ਕੋਈ ਢਿੱਲ-ਮੱਠ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

### ਸਾਰੇ ਮੰਤਰੀ ਖ਼ੁਦ ਆਮਦਨ ਕਰ ਭਰਨਗੇ

**ਚੰਡੀਗੜ੍ਹ/ਬਿਊਰੋ ਨਿਊਜ਼:**
ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਉਨ੍ਹਾਂ ਦੇ ਵਜ਼ਾਰਤੀ ਸਾਥੀਆਂ ਨੇ ਆਪਣਾ ਆਮਦਨ ਕਰ ਖ਼ੁਦ ਭਰਨ ਦਾ ਫੈਸਲਾ ਕੀਤਾ ਹੈ। ਇਸ ਵੇਲੇ ਆਮਦਨ ਕਰ ਸਰਕਾਰੀ ਖ਼ਜ਼ਾਨੇ 'ਚੋਂ ਅਦਾ ਕੀਤਾ ਜਾ ਰਿਹਾ ਹੈ। ਇਹ ਫੈਸਲਾ ਅੱਜ ਪੰਜਾਬ ਵਜ਼ਾਰਤ ਦੀ ਮੀਟਿੰਗ ਦੌਰਾਨ ਮੁੱਖ



ਮੰਤਰੀ ਵੱਲੋਂ ਨਿੱਜੀ ਤੌਰ 'ਤੇ ਕੀਤੀ ਅਪੀਲ ਤੋਂ ਬਾਅਦ ਕੀਤੀ ਗਿਆ। ਮੁੱਖ ਮੰਤਰੀ ਨੇ ਕਿਹਾ ਕਿ ਵਿਧਾਇਕਾਂ ਵੱਲੋਂ ਆਮਦਨ ਕਰ ਦੀ ਸਵੈ-ਅਦਾਇਗੀ ਬਾਰੇ ਫੈਸਲਾ ਉਨ੍ਹਾਂ ਦੀ ਰਾਇ ਮਿਲਣ ਤੋਂ ਬਾਅਦ ਲਿਆ ਜਾਵੇਗਾ। ਸ਼ਾਇਦ ਪੰਜਾਬ ਹੀ ਦੇਸ਼ ਦਾ ਅਜਿਹਾ ਸੂਬਾ ਹੈ ਜਿੱਥੇ ਮੰਤਰੀਆਂ ਤੇ ਵਿਧਾਇਕਾਂ ਦਾ ਆਮਦਨ ਕਰ ਸਰਕਾਰ ਭਰਦੀ ਹੈ।

# ਸੁਖਬੀਰ ਬਾਦਲ ਦਾ ਕੈਪਟਨ ਉੱਤੇ ਕਰੜਾ ਹੱਲਾ

### *ਕਹਿੰਦਾ : 'ਅਮਰਿੰਦਰ ਦਾ ਤਾਂ ਦਿਮਾਗ ਹੀ ਹਿੱਲਿਆ ਹੋਇਐ'*

**ਹੁਸ਼ਿਆਰਪੁਰ/ਗੜ੍ਹਸ਼ੰਕਰ/ਬਿਊਰੋ ਨਿਊਜ਼:**
ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਸਾਬਕਾ ਉੱਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਕਾਂਗਰਸ ਸਰਕਾਰ 'ਤੇ ਤਿੱਖੇ ਹਮਲੇ ਕਰਦਿਆਂ ਕੈਪਟਨ ਅਮਰਿੰਦਰ ਸਿੰਘ ਨੂੰ ਵਿਗੜੇ ਦਿਮਾਗੀ ਸੰਤੁਲਨ ਵਾਲਾ ਮੁੱਖ ਮੰਤਰੀ ਕਿਹਾ ਹੈ। ਇੱਥੇ ਕਸਬਾ ਸੈਲਾ ਖੁਰਦ ਦੀ ਦਾਣਾ ਮੰਡੀ ਵਿੱਚ ਕਾਂਗਰਸ ਸਰਕਾਰ ਦੀਆਂ ਕਥਿਤ ਨਾਕਾਮੀਆਂ ਦੀ ਪੋਲ੍ਹ ਖੋਲ੍ਹਣ ਦੇ ਉਦੇਸ਼ ਨਾਲ ਸ਼੍ਰੋਮਣੀ ਅਕਾਲੀ ਦਲ ਵੱਲੋਂ ਰੱਖੀ ਗਈ 'ਪੋਲ ਖੋਲ੍ਹ' ਰੈਲੀ ਵਿੱਚ ਹਾਜ਼ਰ ਇਕੱਠ ਨੂੰ ਸੰਬੋਧਨ ਕਰਦਿਆਂ ਸੁਖਬੀਰ ਬਾਦਲ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਦੀ ਸਾਂਝੀ ਸਰਕਾਰ ਨੇ ਆਪਣੇ 10 ਸਾਲਾਂ ਦੇ ਕਾਰਜਕਾਲ ਵਿੱਚ ਜਿਹੜੀਆਂ ਲੋਕ ਭਲਾਈ ਸਕੀਮਾਂ ਸ਼ੁਰੂ ਕੀਤੀਆਂ ਸਨ, ਉਨ੍ਹਾਂ ਨੂੰ ਕੈਪਟਨ ਦੀ ਕਾਂਗਰਸ ਸਰਕਾਰ ਨੇ ਬੰਦ ਕਰਕੇ ਲੋਕ ਵਿਰੋਧੀ ਹੋਣ ਦਾ ਸਬੂਤ ਦਿੱਤਾ ਹੈ।
ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਨੇ ਕਿਹਾ ਕਿ ਇਸ ਤਹਿਸੀਲ ਵਿੱਚ ਤਪ ਅਸਥਾਨ ਗੁਰੂ ਰਵਿਦਾਸ ਮਹਾਰਾਜ ਖੁਰਾਲਗੜ੍ਹ ਵਿਖੇ ਕਰੋੜਾਂ ਰੁਪਏ ਦੀ ਲਾਗਤ ਨਾਲ ਸ਼ੁਰੂ ਕੀਤਾ ਮੀਨਾਰ-ਏ-ਬੇਗਮਪੁਰਾ ਪ੍ਰੋਜੈਕਟ ਵੀ ਅਕਾਲੀ ਸਰਕਾਰ ਨੇ ਸ਼ੁਰੂ ਕਰਵਾਇਆ ਸੀ ਪਰ ਕੈਪਟਨ ਸਰਕਾਰ ਇੱਥੇ ਇੱਕ ਇੱਟ ਵੀ ਨਹੀਂ ਲਗਾ ਸਕੀ। ਉਨ੍ਹਾਂ ਕੈਬਨਿਟ ਮੰਤਰੀਆਂ 'ਤੇ ਵੀ ਸ਼ਬਦੀ ਹਮਲੇ ਕਰਦਿਆਂ ਕਿਹਾ ਕਿ ਮਨਪ੍ਰੀਤ ਸਿੰਘ ਬਾਦਲ ਅਤੇ ਨਵਜੋਤ ਸਿੰਘ ਸਿੱਧੂ ਦਾ ਮਨ ਕਾਂਗਰਸ ਸਰਕਾਰ ਤੋਂ ਭਰ ਗਿਆ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਇਹ ਦੋਵੇਂ ਆਗੂ ਕਿਸੇ ਵੀ ਵੇਲੇ ਕਾਂਗਰਸ ਪਾਰਟੀ ਛੱਡ ਸਕਦੇ ਹਨ। ਉਨ੍ਹਾਂ ਕਿਹਾ ਕਿ ਸ੍ਰੀ ਸਿੱਧੂ ਕਾਂਗਰਸ ਸਰਕਾਰ ਲਈ ਚਿੱਟਾ ਹਾਥੀ ਸਾਬਤ ਹੋ ਰਹੇ ਹਨ। ਉਹ ਸਰਕਾਰ ਵਿੱਚ ਕੋਈ ਵੀ ਕਾਰਗੁਜ਼ਾਰੀ ਵਿਖਾਉਣ ਵਿੱਚ ਨਾਕਾਮ ਰਹਿਣ ਮਗਰੋਂ ਹੁਣ ਪਾਰਟੀ ਛੱਡਣ ਦੀ ਯੋਜਨਾ



ਬਣਾ ਰਹੇ ਹਨ। ਉਨ੍ਹਾਂ ਦੋਸ਼ ਲਾਇਆ ਕਿ ਸ੍ਰੀ ਸਿੱਧੂ ਤਾਂ ਅੰਮ੍ਰਿਤਸਰ ਵਿੱਚ ਸ੍ਰੀ ਦਰਬਾਰ ਸਾਹਿਬ ਦੁਆਲੇ ਗਲਿਆਰੇ ਦੀ ਸਾਂਭ-ਸੰਭਾਲ ਕਰਨ ਵਾਲੀ ਕੰਪਨੀ ਨੂੰ ਵੀ ਉਸ ਦਾ ਬਕਾਇਆ ਨਹੀਂ ਦੇ ਰਹੇ। ਇਸ ਲਈ ਹੁਣ ਇਸ ਕਾਰਜ ਨੂੰ ਅਕਾਲੀ ਦਲ ਦੇ ਵਾਲੰਟੀਅਰਾਂ ਨੇ ਆਪਣੇ ਹੱਥ ਵਿੱਚ ਲਿਆ ਹੈ। ਉਨ੍ਹਾਂ ਦੋਸ਼ ਲਾਇਆ ਕਿ ਕੈਪਟਨ ਨੇ ਪੰਜਾਬ ਦੇ ਗਰੀਬ ਲੋਕਾਂ ਨੂੰ ਪੈਨਸ਼ਨਾਂ ਵਧਾਉਣ, ਸ਼ਗਨ ਸਕੀਮਾਂ ਦੀ ਰਾਸ਼ੀ ਵਧਾਉਣ ਵਰਗੇ ਝੂਠੇ ਵਾਅਦੇ ਕਰਕੇ ਵੋਟਰਾਂ ਨਾਲ ਧ੍ਰੋਹ ਕਮਾਇਆ ਹੈ। ਉਨ੍ਹਾਂ ਕਿਹਾ ਕਿ ਆਗਾਮੀ ਲੋਕ ਸਭਾ ਚੋਣਾਂ ਵਿੱਚ ਸੂਬੇ ਦੇ ਲੋਕ ਕਾਂਗਰਸ ਸਰਕਾਰ ਦਾ ਸਫ਼ਾਇਆ ਕਰ ਦੇਣਗੇ ਰੈਲੀ ਮੌਕੇ ਅਕਾਲੀ ਆਗੂ ਪ੍ਰੇਮ ਸਿੰਘ ਚੰਦੂਮਾਜਰਾ, ਡਾ. ਦਲਜੀਤ ਸਿੰਘ ਚੀਮਾ, ਬੀਬੀ ਜਗੀਰ ਕੌਰ, ਸਾਬਕਾ ਮੰਤਰੀ ਸੋਹਣ ਸਿੰਘ ਠੰਡਲ ਤੇ ਦੇਸ ਰਾਜ ਧੁੱਗਾ ਨੇ ਵੀ ਸੰਬੋਧਨ ਕੀਤਾ।

# 'ਗੁੰਡਾ ਟੈਕਸ' ਦੀ ਮਾਰੀ, ਰਿਫਾਈਨਰੀ ਵੱਲੋਂ ਰੇਲ ਸਫ਼ਰ ਦੀ ਤਿਆਰੀ

**ਬਠਿੰਡਾ/ਬਿਊਰੋ ਨਿਊਜ਼:**
ਬਠਿੰਡਾ ਰਿਫਾਈਨਰੀ ਗੁੰਡਾ ਟੈਕਸ' ਦੇ ਰੱਫੜ ਤੋਂ ਬਚਣ ਲਈ ਰੇਤਾ-ਬਜਰੀ ਹੁਣ ਰੇਲ ਰਾਹੀਂ ਮੰਗਵਾਉਣ ਦੀ ਵਿਉਂਤ ਬਣਾਉਣ ਲੱਗੀ ਹੈ। ਇਸ ਪੈਟਰੋ ਕੈਮੀਕਲ ਪ੍ਰਾਜੈਕਟ ਦੇ ਪ੍ਰਬੰਧਕਾਂ ਨੂੰ ਗੁੰਡਾ ਟੈਕਸ' ਕਾਰਨ ਪ੍ਰਾਜੈਕਟ ਪਛੜਨ ਦਾ ਡਰ ਲੱਗ ਰਿਹਾ ਹੈ। ਪ੍ਰਬੰਧਕਾਂ ਨੇ ਇਸ ਮੁਤੱਲਕ ਭਾਵੇਂ ਕੋਈ ਲਿਖਤੀ ਫੈਸਲਾ ਤਾਂ ਨਹੀਂ ਕੀਤਾ, ਪਰ ਉਨ੍ਹਾਂ ਹਰਿਆਣਾ ਤੇ ਰਾਜਸਥਾਨ 'ਚੋਂ ਰੇਲ ਰਾਹੀਂ ਰੇਤਾ-ਬਜਰੀ' ਮੰਗਵਾਉਣ ਲਈ ਪੁੱਛ-ਗਿੱਛ ਸ਼ੁਰੂ ਕਰ ਦਿੱਤੀ ਹੈ। ਸੂਤਰਾਂ ਮੁਤਾਬਕ ਜੇ ਆਉਂਦੇ ਦਿਨਾਂ 'ਚ ਵੀ 'ਗੁੰਡਾ ਟੈਕਸ' ਨੇ ਟਰੱਕਾਂ ਦੇ ਰਾਹ ਰੋਕੇ, ਤਾਂ ਰਿਫਾਈਨਰੀ ਬਦਲਵੇਂ ਪ੍ਰਬੰਧਾਂ ਲਈ ਪੈਰ ਪੁੱਟ ਸਕਦੀ ਹੈ। ਰਿਫਾਈਨਰੀ ਕੋਲ ਰੇਲ ਲਿੰਕ ਮੌਜੂਦ ਹੈ, ਜਿਸ ਕਾਰਨ ਇਸ ਸਬੰਧੀ ਕੋਈ ਅੜਿੱਕਾ ਵੀ ਨਹੀਂ ਹੈ।
ਗ਼ੌਰਤਲਬ ਹੈ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਗੁੰਡਾ ਟੈਕਸ' ਬਾਰੇ ਸਖ਼ਤੀ ਤਾਂ ਦਿਖਾਈ ਹੈ, ਪਰ ਜ਼ਮੀਨੀ ਹਕੀਕਤ 'ਚ ਖ਼ਾਸ ਤਬਦੀਲੀ ਨਾ ਹੋਣ 'ਤੇ ਰਿਫਾਈਨਰੀ ਰੇਤਾ-ਬਜਰੀ ਲਈ ਗੁਆਂਢੀ ਸੂਬਿਆਂ ਵੱਲ ਮੂੰਹ ਕਰ ਸਕਦੀ ਹੈ। ਪ੍ਰਬੰਧਕਾਂ ਨੇ ਉਸਾਰੀ ਠੇਕੇਦਾਰਾਂ ਨੂੰ ਵੀ ਇਸ ਸਬੰਧੀ ਭਰੋਸਾ ਦਿੱਤਾ ਹੈ। ਦੂਜੇ ਪਾਸੇ ਜੇ ਰੇਲ ਮਾਰਗ ਰਾਹੀਂ ਦੂਜੇ ਸੂਬਿਆਂ 'ਚੋਂ ਰੇਤਾ-ਬਜਰੀ ਆਉਂਦਾ ਹੈ, ਤਾਂ ਇਹ ਪੰਜਾਬ ਸਰਕਾਰ ਲਈ ਭਾਰੀ ਨਮੋਸ਼ੀ ਅਤੇ ਪੰਜਾਬ ਦੀ ਟਰਾਂਸਪੋਰਟ ਲਈ ਵੱਡੀ ਸੱਟ ਵਾਲੀ ਗੱਲ ਹੋਵੇਗੀ। ਇਸ ਪੈਟਰੋ ਕੈਮੀਕਲ ਪ੍ਰਾਜੈਕਟ ਦੀ ਲਾਗਤ 25 ਹਜ਼ਾਰ ਕਰੋੜ ਰੁਪਏ ਹੈ, ਜੋ ਤਿੰਨ ਵਰ੍ਹਿਆਂ 'ਚ ਮੁਕੰਮਲ ਹੋਣਾ ਹੈ ਪਰ ਮੌਜੂਦਾ ਹਾਲਾਤ ਇਸ ਮਿਆਦ ਨੂੰ ਪ੍ਰਭਾਵਿਤ ਕਰ ਰਹੇ ਹਨ। ਵੇਰਵਿਆਂ ਅਨੁਸਾਰ ਯੂਪੀ ਵਿਚ ਰੇਤਾ-ਬਜਰੀ ਰੇਲ ਰਾਹੀਂ ਰਾਜਸਥਾਨ ਅਤੇ ਹਰਿਆਣਾ 'ਚੋਂ ਜਾ ਰਿਹਾ ਹੈ। ਹਾਲ ਹੀ ਵਿਚ ਰਾਜਸਥਾਨ ਦੇ ਭਗੇਗਾ ਰੇਲਵੇ ਸਟੇਸ਼ਨ ਤੋਂ ਅਲੀਗੜ੍ਹ ਅਤੇ ਮੇਰਠ ਲਈ ਸੜਕ ਉਸਾਰੀ ਵਾਸਤੇ ਐਪਕੋ ਇਨਫਰਾਟੈਕ ਤੇ ਹੋਰ ਕੰਪਨੀਆਂ ਨੇ ਰੇਤਾ-ਬਜਰੀ ਮੰਗਵਾਇਆ ਹੈ। ਰੇਲ ਰਾਹੀਂ ਰੇਤਾ-ਬਜਰੀ ਭਾਵੇਂ ਮਹਿੰਗਾ ਵੀ ਪੈ ਸਕਦਾ ਹੈ ਪਰ ਰਿਫਾਈਨਰੀ ਪ੍ਰਬੰਧਕ ਝਮੇਲੇ 'ਚੋਂ ਨਿਕਲਣ ਲਈ ਕੋਈ ਵੀ ਬਦਲ ਮਨਜ਼ੂਰ ਕਰ ਸਕਦੇ ਹਨ।
ਜਾਣਕਾਰੀ ਅਨੁਸਾਰ ਪੈਟਰੋ ਕੈਮੀਕਲ ਪ੍ਰਾਜੈਕਟ 'ਚ ਇੱਕ ਭਾਗ ਮੋਡਿਡ ਬੁਲੇਟ' ਦੀ ਉਸਾਰੀ ਦਾ ਹੈ, ਜਿਸ ਦੀ ਲਾਗਤ ਕਰੀਬ 400 ਕਰੋੜ ਰੁਪਏ ਦੱਸੀ ਜਾ ਰਹੀ ਹੈ। ਸੂਤਰਾਂ ਅਨੁਸਾਰ ਰਿਫਾਈਨਰੀ ਦੀ ਸਰਕਾਰੀ ਸਲਾਹਕਾਰ

**ਬਾਕੀ ਸਫ਼ਾ 28 'ਤੇ**

# ਆਸਟਰੇਲਿਆਈ ਹਾਈ ਕਮਿਸ਼ਨਰ ਹਰਿੰਦਰ ਸਿੱਧੂ ਵੱਲੋਂ ਪੰਜਾਬ ਦੇ ਮੰਤਰੀ ਨਵਜੋਤ ਸਿੱਧੂ ਨਾਲ ਮੁਲਾਕਾਤ

**ਅੰਮ੍ਰਿਤਸਰ/ਬਿਊਰੋ ਨਿਊਜ਼**, ਪੰਜਾਬ ਦੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਇੱਥੇ ਆਸਟਰੇਲੀਆ ਦੀ ਹਾਈ ਕਮਿਸ਼ਨਰ ਹਰਿੰਦਰ ਸਿੱਧੂ ਨਾਲ ਮੀਟਿੰਗ ਮਗਰੋਂ ਐਲਾਨ ਕੀਤਾ ਕਿ ਆਸਟਰੇਲੀਆ ਵੱਲੋਂ ਪੰਜਾਬ ਨੂੰ ਖੇਡਾਂ, ਸੈਰ ਸਪਾਟਾ, ਸਨਅਤ ਅਤੇ ਖੇਤੀਬਾੜੀ ਖੇਤਰ ਵਿੱਚ ਮੰਡੀਕਰਨ ਖੇਤਰਾਂ 'ਚ ਸਹਿਯੋਗ ਲਈ ਹਾਮੀ ਭਰੀ ਗਈ ਹੈ। ਇਸ ਸਬੰਧੀ ਪੰਜਾਬ ਸਰਕਾਰ ਵੱਲੋਂ ਇੱਕ ਉੱਚ ਪੱਧਰੀ ਵਫ਼ਦ ਆਸਟਰੇਲੀਆ ਭੇਜਿਆ ਜਾਵੇਗਾ, ਜੋ ਉੱਥੇ ਇਨ੍ਹਾਂ ਖੇਤਰਾਂ ਵਿੱਚ ਲੋੜੀਂਦੀਆਂ ਸੰਭਾਵਨਾਵਾਂ ਵੇਖੇਗਾ।
ਆਸਟਰੇਲੀਆ ਦੀ ਹਾਈ ਕਮਿਸ਼ਨਰ ਹਰਿੰਦਰ ਸਿੱਧੂ ਚਾਰ ਦਿਨਾਂ ਪੰਜਾਬ ਦੌਰੇ 'ਤੇ ਆਏ ਹੋਏ ਹਨ। ਵੀਰਵਾਰ ਨੂੰ ਉਨ੍ਹਾਂ ਇੱਥੇ ਸਥਾਨਕ ਸਰਕਾਰਾਂ ਅਤੇ ਸੈਰ ਸਪਾਟਾ ਮੰਤਰੀ ਨਵਜੋਤ ਸਿੰਘ ਸਿੱਧੂ ਨਾਲ ਮੀਟਿੰਗ ਕੀਤੀ। ਇਸ ਮਗਰੋਂ ਸ੍ਰੀ ਸਿੱਧੂ ਨੇ ਕਿਹਾ ਕਿ ਆਸਟਰੇਲੀਆ ਖੇਡ ਤਕਨੀਕ ਅਤੇ ਖੇਤੀ ਉਤਪਾਦਾਂ ਦੀ ਵਿਸ਼ਵ ਪੱਧਰੀ ਮੰਡੀਕਰਨ ਲਈ ਆਪਣੀ



**ਅੰਮ੍ਰਿਤਸਰ ਵਿੱਚ ਪ੍ਰੈੱਸ ਕਾਨਫਰੰਸ ਕਰਦੇ ਹੋਏ ਆਸਟਰੇਲਿਆਈ ਹਾਈ ਕਮਿਸ਼ਨਰ ਹਰਿੰਦਰ ਸਿੱਧੂ ਅਤੇ ਨਵਜੋਤ ਸਿੰਘ ਸਿੱਧੂ।**

ਪਛਾਣ ਬਣਾ ਚੁੱਕਾ ਹੈ। ਆਸਟਰੇਲੀਆ ਦੇ ਸਹਿਯੋਗ ਨਾਲ ਪੰਜਾਬ ਵੀ ਇਨ੍ਹਾਂ ਦੋਵਾਂ ਖੇਤਰਾਂ ਵਿੱਚ ਸਫਲਤਾ ਹਾਸਲ ਕਰ ਸਕਦਾ ਹੈ। ਉਨ੍ਹਾਂ ਦੱਸਿਆ ਕਿ ਖੇਡਾਂ ਦੇ ਖੇਤਰ ਵਿੱਚ ਸਹਿਯੋਗ ਲਈ ਸਾਬਕਾ ਹਾਕੀ ਕਪਤਾਨ ਪ੍ਰਗਟ ਸਿੰਘ ਅਤੇ ਸੁਖਬੀਰ ਸਿੰਘ ਗਰੇਵਾਲ ਆਸਟਰੇਲਿਆਈ ਅਧਿਕਾਰੀਆਂ ਨਾਲ ਸੰਪਰਕ ਕਰਨਗੇ। ਆਸਟਰੇਲੀਆ ਵੱਲੋਂ ਪੰਜਾਬ ਇੰਸਟੀਚਿਊਟ ਆਫ਼ ਸਪੋਰਟਸ ਮੁਹਾਲੀ ਤੋਂ ਇਲਾਵਾ ਪਟਿਆਲਾ ਵਿੱਚ ਬਣਨ ਵਾਲੀ ਨਵੀਂ ਖੇਡ ਯੂਨੀਵਰਸਿਟੀ ਨੂੰ ਖੇਡ ਤਕਨੀਕ, ਕੋਚਾਂ ਨੂੰ ਸਿਖਲਾਈ ਅਤੇ ਖਿਡਾਰੀਆਂ ਨੂੰ ਖੇਡ ਹੁਨਰ ਦੇਣ ਵਿੱਚ ਸਹਿਯੋਗ ਦਿੱਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਫ਼ਸਲਾਂ ਦੀ ਰਹਿੰਦ-ਖੂੰਹਦ ਸਾਂਭਣ, ਮਿੱਟੀ ਤੇ ਪਾਣੀ ਵਰਗੇ ਕੁਦਰਤੀ ਸਰੋਤਾਂ ਦੀ ਸੰਭਾਲ ਤੇ ਖੇਤੀ ਉਤਪਾਦਾਂ ਲਈ ਵਿਸ਼ਵ ਪੱਧਰ 'ਤੇ ਮੰਡੀਕਰਨ ਵਿੱਚ ਪੰਜਾਬ ਦਾ ਸਾਥ ਦੇਣ ਲਈ ਆਸਟਰੇਲੀਆ ਨੇ ਹਾਮੀ ਭਰੀ ਹੈ। ਇਨ੍ਹਾਂ ਖੇਤਰਾਂ ਵਿੱਚ ਸਹਿਯੋਗ ਲੈਣ ਲਈ ਮੁੱਖ ਮੰਤਰੀ ਦੀ ਸਲਾਹ ਨਾਲ ਉੱਚ ਪੱਧਰੀ ਵਫ਼ਦ ਆਸਟਰੇਲੀਆ ਭੇਜਿਆ ਜਾਵੇਗਾ, ਜੋ ਇਨ੍ਹਾਂ ਖੇਤਰਾਂ ਵਿੱਚ ਸੰਭਾਵਨਾਵਾਂ ਦੀ ਤਲਾਸ਼ ਕਰ ਕੇ ਰਾਹ ਪੱਧਰਾ ਕਰੇਗਾ। ਇਸੇ ਤਰ੍ਹਾਂ ਆਸਟਰੇਲੀਆ ਦੇ ਸੈਰ ਸਪਾਟਾ ਵਿਭਾਗ ਵੱਲੋਂ ਪੰਜਾਬ ਦੇ ਸੈਰ ਸਪਾਟਾ ਸਨਅਤ ਨੂੰ ਵਿਸ਼ਵ ਪੱਧਰ 'ਤੇ ਪਹੁੰਚਾਉਣ ਵਿੱਚ ਮਦਦ ਦਿੱਤੀ ਜਾਵੇਗੀ।
ਉਨ੍ਹਾਂ ਦੱਸਿਆ ਕਿ ਇਸੇ ਵਿਸ਼ੇ 'ਤੇ ਆਸਟਰੇਲਿਆਈ ਹਾਈ ਕਮਿਸ਼ਨਰ ਹਰਿੰਦਰ ਸਿੱਧੂ ਨਾਲ ਉਨ੍ਹਾਂ ਦੀ ਇਹ ਲਗਾਤਾਰ ਦੂਜੀ ਮੀਟਿੰਗ ਹੋਈ ਹੈ ਅਤੇ ਆਸ ਹੈ ਕਿ ਅੰਮ੍ਰਿਤਸਰ ਨੂੰ ਆਸਟਰੇਲੀਆ ਦੇ ਸਹਿਯੋਗ ਨਾਲ ਵਿਸ਼ਵ ਪੱਧਰ 'ਤੇ ਪ੍ਰਚਾਰਨ-ਪ੍ਰਸਾਰਨ ਵਿੱਚ ਮਦਦ ਮਿਲੇਗੀ। ਇਸ ਮੌਕੇ ਡਿਪਟੀ ਕਮਿਸ਼ਨਰ ਕਮਲਦੀਪ ਸਿੰਘ ਸੰਘਾ, ਅਸ਼ੀਸ਼ ਸ਼ਰਮਾ ਡਾਇਰੈਕਟਰ ਆਸਟਰੇਲੀਆ ਵਪਾਰ ਅਤੇ ਨਿਵੇਸ਼ ਕਮਿਸ਼ਨ, ਸਹਾਇਕ ਕਮਿਸ਼ਨਰ ਸ੍ਰੀਮਤੀ ਅਲਕਾ ਕਾਲੀਆ ਅਤੇ ਆਸਟਰੇਲੀਆ ਦੇ ਕਈ ਅਧਿਕਾਰੀ ਹਾਜ਼ਰ ਸਨ।

# ਸ਼੍ਰੋਮਣੀ ਕਮੇਟੀ ਵਲੋਂ ਬੰਗਲਾਦੇਸ਼ ਵਿਚਲੇ ਗੁਰਧਾਮਾਂ ਦੇ ਦਰਸ਼ਨਾਂ ਲਈ ਹਰ ਸਾਲ ਜਥੇ ਭੇਜਣ ਦਾ ਫੈਸਲਾ

**ਪਟਿਆਲਾ/ਬਿਊਰੋ ਨਿਊਜ਼:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਬੰਗਲਾਦੇਸ਼ ਸਥਿਤ ਇਤਿਹਾਸਕ ਗੁਰਧਾਮਾਂ ਦੇ ਦਰਸ਼ਨਾਂ ਲਈ ਜਥੇ ਭੇਜਣ ਦਾ ਫ਼ੈਸਲਾ ਲਿਆ ਹੈ ? ਇਹ ਫ਼ੈਸਲਾ ਅੱਜ ਇਥੇ ਗੁਰਦੁਆਰਾ ਦੂਖਨਿਵਾਰਨ ਸਾਹਿਬ ਵਿਖੇ ਭਾਈ ਗੋਬਿੰਦ ਸਿੰਘ ਲੌਂਗੋਵਾਲ ਦੀ ਪ੍ਰਧਾਨਗੀ ਹੇਠ ਹੋਈ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਦੌਰਾਨ ਲਿਆ ਗਿਆ। ਇਕੱਤਰਤਾ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਬੰਗਲਾਦੇਸ਼ ਵਿਖੇ ਇਤਿਹਾਸਕ ਗੁਰਧਾਮਾਂ ਦੇ ਦਰਸ਼ਨਾਂ ਲਈ ਹਰ ਸਾਲ ਜਥੇ ਭੇਜੇ ਜਾਣਗੇ। ਉਨ੍ਹਾਂ ਦੱਸਿਆ ਕਿ ਇਸ ਸਾਲ 101 ਸ਼ਰਧਾਲੂਆਂ ਦਾ ਪਹਿਲਾ ਜਥਾ ਉਥੇ ਜਾਵੇਗਾ ਅਤੇ ਇਸ ਦੀ ਅਗਵਾਈ ਅੰਤ੍ਰਿੰਗ ਕਮੇਟੀ ਮੈਂਬਰ ਗੁਰਮੀਤ ਸਿੰਘ ਤ੍ਰਿਲੋਕੇਵਾਲਾ ਅਤੇ ਹਰਦੇਵ ਸਿੰਘ ਰੋਗਲਾ ਕਰਨਗੇ ? ਸ਼੍ਰੋਮਣੀ ਕਮੇਟੀ ਵੱਲੋਂ ਗੁਰੂ ਨਾਨਕ ਦੇਵ ਦੇ 550 ਸਾਲਾ ਪ੍ਰਕਾਸ਼ ਪੁਰਬ ਸਮਾਗਮਾਂ ਸਮੇਂ ਸੋਨੇ ਅਤੇ ਚਾਂਦੀ ਦੇ ਯਾਦਗਾਰੀ ਸਿੱਕੇ ਤਿਆਰ ਕੀਤੇ ਜਾਣਗੇ। ਭਾਈ ਲੌਂਗੋਵਾਲ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਪ੍ਰਬੰਧ ਹੇਠਲੇ ਇਤਿਹਾਸਕ ਗੁਰਦੁਆਰਿਆਂ ਦੇ ਪ੍ਰਬੰਧ ਨੂੰ ਹੋਰ ਸੁਚਾਰੂ ਬਣਾਉਣ ਲਈ ਆਨਲਾਈਨ ਕੈਮਰਿਆਂ ਦਾ ਪ੍ਰਬੰਧ ਕੀਤਾ ਜਾਵੇਗਾ। ਇਸ ਰਾਹੀਂ ਗੋਲਕ ਦੀ ਗਿਣਤੀ ਅਤੇ ਸਟੋਰ ਆਦਿ ਦੀ ਆਨਲਾਈਨ ਨਿਗਰਾਨੀ ਕੀਤੀ ਜਾਵੇਗੀ, ਜਿਸ ਨੂੰ ਸ਼੍ਰੋਮਣੀ ਕਮੇਟੀ ਦੇ ਮੁੱਖ ਦਫ਼ਤਰ ਅੰਮ੍ਰਿਤਸਰ ਨਾਲ ਜੋੜਿਆ ਜਾਵੇਗਾ। ਉਨ੍ਹਾਂ ਦੱਸਿਆ ਕਿ ਗੁਰਦੁਆਰਿਆਂ ਦੇ ਮੈਨੇਜਰਾਂ, ਅਕਾਊਂਟੈਂਟਾਂ ਅਤੇ ਸਟੋਰ ਕੀਪਰਾਂ ਨੂੰ ਤਿੰਨ ਸਾਲ ਤੋਂ ਵਧ ਇਕੋ ਸਥਾਨ 'ਤੇ ਤਾਇਨਾਤ ਨਹੀਂ ਕੀਤਾ ਜਾਵੇਗਾ ਅਤੇ ਤਿੰਨ ਸਾਲ ਤੋਂ



ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਦੀ ਪ੍ਰਧਾਨਗੀ ਕਰਦੇ ਹੋਏ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ।

ਵਧ ਸੇਵਾ ਵਾਲਿਆਂ ਦੇ ਤਬਾਦਲੇ ਯਕੀਨੀ ਬਣਾਏ ਜਾਣਗੇ। ਕਮੇਟੀ ਅਧੀਨ ਵੱਖ-ਵੱਖ ਗੁਰਦੁਆਰਿਆਂ ਲਈ ਰਸਦਾਂ ਅਤੇ ਹੋਰ ਖ਼ਰੀਦ ਸਬੰਧੀ ਤਿੰਨ ਕੇਂਦਰੀ ਸਟੋਰ ਸਥਾਪਤ ਕੀਤੇ ਜਾਣਗੇ ਜਿਥੋਂ ਹਰੇਕ ਗੁਰਦੁਆਰੇ ਲਈ ਖ਼ਰੀਦ ਕੀਤੀ ਜਾ ਸਕੇਗੀ। ਇਹ ਤਿੰਨ ਸਟੋਰ ਅੰਮ੍ਰਿਤਸਰ, ਆਨੰਦਪੁਰ ਸਾਹਿਬ ਅਤੇ ਤਖ਼ਤ ਦਮਦਮਾ ਸਾਹਿਬ ਵਿਖੇ ਬਣਾਏ ਜਾਣਗੇ। ਸ਼੍ਰੋਮਣੀ ਕਮੇਟੀ ਦੇ ਸਮੁੱਚੇ ਰਿਕਾਰਡ ਦਾ ਕੰਪਿਊਟਰੀਕਰਨ ਕੀਤੇ ਜਾਣ ਦਾ ਵੀ ਫ਼ੈਸਲਾ ਲਿਆ ਗਿਆ ਹੈ ਜਿਸ ਤਹਿਤ ਗੁਰੂ ਘਰਾਂ ਦੀਆਂ ਜ਼ਮੀਨਾਂ ਤੇ ਜਾਇਦਾਦਾਂ ਦੇ ਮੁਕੰਮਲ ਵੇਰਵੇ ਵੀ ਕੰਪਿਊਟਰਾਂ ਰਾਹੀਂ ਸੰਭਾਲੇ ਜਾਣਗੇ। ਭਾਈ ਲੌਂਗੋਵਾਲ ਨੇ ਮੀਡੀਆ ਦੀ ਸਮਾਜ ਅੰਦਰ ਭੂਮਿਕਾ ਦੀ ਸ਼ਲਾਘਾ ਕਰਦਿਆਂ ਇਕ ਟੀਵੀ ਚੈਨਲ ਵੱਲੋਂ ਜਾਣ ਬੁੱਝ ਕੇ ਸ਼੍ਰੋਮਣੀ ਕਮੇਟੀ ਨੂੰ ਨਿਸ਼ਾਨਾ ਬਣਾਉਣ ਦਾ ਦੋਸ਼ ਲਾਇਆ। ਉਨ੍ਹਾਂ ਕਿਹਾ ਕਿ ਜੇਕਰ ਇਸ ਚੈਨਲ ਨੇ ਗਿਣੀ-ਮਿੱਥੀ ਸਾਜ਼ਿਸ਼ ਤਹਿਤ ਇਹ ਸਰਗਰਮੀਆਂ ਨਾ ਰੋਕੀਆਂ ਤਾਂ ਉਸ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਬੈਠਕ 'ਚ ਸੀਨੀਅਰ ਮੀਤ ਪ੍ਰਧਾਨ ਰਘੂਜੀਤ ਸਿੰਘ ਵਿਰਕ, ਜੂਨੀਅਰ ਮੀਤ ਪ੍ਰਧਾਨ ਹਰਪਾਲ ਸਿੰਘ ਜੱਲਾ, ਜਨਰਲ ਸਕੱਤਰ ਗੁਰਬਚਨ ਸਿੰਘ ਕਰਮੂੰਵਾਲਾ, ਅੰਤ੍ਰਿੰਗ ਮੈਂਬਰ ਲਖਬੀਰ ਸਿੰਘ ਅਰਾਈਆਂਵਾਲਾ, ਨਵਤੇਜ ਸਿੰਘ ਕਾਉਣੀ, ਭਗਵੰਤ ਸਿੰਘ ਸਿਆਲਕਾ, ਗੁਰਮੀਤ ਸਿੰਘ ਬੂਹ, ਗੁਰਤੇਜ ਸਿੰਘ ਢੱਡੇ, ਰਵਿੰਦਰ ਸਿੰਘ ਚੱਕ, ਸੱਜਣ ਸਿੰਘ ਬੱਜੂਮਾਨ, ਹਰਦੇਵ ਸਿੰਘ ਰੋਗਲਾ, ਗੁਰਮੀਤ ਸਿੰਘ ਤ੍ਰਿਲੋਕੇਵਾਲਾ, ਗੁਰਪ੍ਰੀਤ ਕੌਰ ਰੂਹੀ, ਅਮਰੀਕ ਸਿੰਘ ਸ਼ਾਹਪੁਰ, ਮੁੱਖ ਸਕੱਤਰ ਰੂਪ ਸਿੰਘ, ਸਕੱਤਰ ਮਨਜੀਤ ਸਿੰਘ ਚੀਮਾ ਅਤੇ ਅਵਤਾਰ ਸਿੰਘ ਸੈਂਪਲਾ, ਪਰਮਜੀਤ ਸਿੰਘ ਸਰੋਆ ਤੇ ਬਿਜੈ ਸਿੰਘ, ਨਿੱਜੀ ਸਹਾਇਕ ਜਗਜੀਤ ਸਿੰਘ ਜੱਗੀ, ਪੀਏ ਦਰਸ਼ਨ ਸਿੰਘ ਅਤੇ ਹੋਰ ਹਾਜ਼ਰ ਸਨ।

## ਪਾਕਿਤਾਨ ਤੋਂ ਹਰਿਦੁਆਰ 'ਚ ਅਸਥੀਆਂ ਜਲ ਪ੍ਰਵਾਹ ਕਰਨ ਆਏ ਹਿੰਦੂਆਂ ਯਾਤਰੀਆਂ ਦੇ ਵੀਜ਼ੇ ਵਧਾਏ

**ਅੰਮ੍ਰਿਤਸਰ/ਬਿਊਰੋ ਨਿਊਜ਼:** ਪਾਕਿਸਤਾਨ ਤੋਂ ਆਏ 142 ਹਿੰਦੂ ਤੀਰਥ ਯਾਤਰੀਆਂ ਦੇ ਵੀਜ਼ੇ ਦੀ ਮਿਆਦ ਵਿੱਚ ਕੇਂਦਰ ਸਰਕਾਰ ਵੱਲੋਂ 15 ਦਿਨਾਂ ਦਾ ਹੋਰ ਵਾਧਾ ਕਰਨ ਦੇ ਨਾਲ ਉਨ੍ਹਾਂ ਨੂੰ ਦਿੱਲੀ ਅਤੇ ਹਰਿਦੁਆਰ ਜਾਣ ਦੀ ਆਗਿਆ ਮਿਲ ਗਈ ਹੈ। ਹੁਣ ਹਿੰਦੂ ਪਰਿਵਾਰ ਆਪਣੇ ਵਿਛੜੇ ਪਰਿਵਾਰਕ ਮੈਂਬਰਾਂ ਦੀਆਂ ਅਸਥੀਆਂ ਹਰਿਦੁਆਰ 'ਚ ਗੰਗਾ ਵਿੱਚ ਜਲ ਪ੍ਰਵਾਹ ਕਰ ਸਕਣਗੇ। ਪਾਕਿਸਤਾਨ ਤੋਂ ਆਏ ਇਨ੍ਹਾਂ ਹਿੰਦੂ ਯਾਤਰੀਆਂ ਨੂੰ ਪਹਿਲਾਂ ਅੰਮ੍ਰਿਤਸਰ ਸ਼ਹਿਰ ਵਿਚਲੇ ਤੀਰਥ ਅਸਥਾਨ ਦੇਖਣ ਲਈ ਚਾਰ ਦਿਨਾਂ ਦਾ ਵੀਜ਼ਾ ਦਿੱਤਾ ਗਿਆ ਸੀ। ਉਨ੍ਹਾਂ ਦੇ ਵੀਜ਼ੇ ਦੀ ਮਿਆਦ ਸ਼ੁਕਰਵਾਰ ਨੂੰ ਖ਼ਤਮ ਹੋ ਗਈ ਸੀ। ਸਥਾਨਕ ਭਾਜਪਾ ਆਗੂਆਂ ਨੇ ਵੀਰਵਾਰ ਨੂੰ ਕੇਂਦਰੀ ਰਾਜ ਮੰਤਰੀ ਅਤੇ ਪੰਜਾਬ ਭਾਜਪਾ ਦੇ ਪ੍ਰਧਾਨ ਵਿਜੈ ਸਾਂਪਲਾ ਕੋਲ ਵੀਜ਼ੇ ਦੀ ਮਿਆਦ ਵਧਾਉਣ ਦਾ ਮਾਮਲਾ ਉਠਾਇਆ ਸੀ। ਉਨ੍ਹਾਂ ਕੇਂਦਰੀ ਗ੍ਰਹਿ ਮੰਤਰੀ ਅਤੇ ਵਿਦੇਸ਼ ਮੰਤਰੀ ਨਾਲ ਮਿਲ ਕੇ ਇਹ ਮਾਮਲਾ ਹੱਲ ਕਰਨ ਦਾ ਭਰੋਸਾ ਦਿੱਤਾ ਸੀ। ਕਾਂਗਰਸ ਵਿਧਾਇਕ ਰਾਜ ਕੁਮਾਰ ਵੇਰਕਾ ਨੇ ਹਿੰਦੂ ਤੀਰਥ ਯਾਤਰੀਆਂ ਨੂੰ ਜਾਣਕਾਰੀ ਦਿੱਤੀ ਕਿ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਵੱਲੋਂ ਉਨ੍ਹਾਂ ਦੇ ਵੀਜ਼ੇ ਦੀ ਮਿਆਦ ਵਿੱਚ 15 ਦਿਨਾਂ ਦਾ ਵਾਧਾ ਕਰ ਦਿੱਤਾ ਗਿਆ ਹੈ ਅਤੇ ਨਾਲ ਹੀ ਦਿੱਲੀ ਤੇ ਹਰਿਦੁਆਰ ਜਾਣ ਦੀ ਪ੍ਰਵਾਨਗੀ ਦੇ ਦਿੱਤੀ ਹੈ। ਉਨ੍ਹਾਂ ਖ਼ੁਲਾਸਾ ਕੀਤਾ ਕਿ ਵਿਦੇਸ਼ ਮੰਤਰੀ ਨੇ ਇਹ ਪ੍ਰਵਾਨਗੀ ਪੱਤਰ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਭੇਜਿਆ ਹੈ। ਹਿੰਦੂ ਤੀਰਥ ਯਾਤਰੀਆਂ ਦੇ ਜਥੇ ਦੀ ਅਗਵਾਈ ਕਰ ਰਹੇ ਮੁਕੇਸ਼ ਰਾਣਾ ਨੇ ਵੀਜ਼ੇ ਦੀ ਮਿਆਦ 'ਚ ਵਾਧੇ ਦੀ ਪ੍ਰਵਾਨਗੀ ਲਈ ਧੰਨਵਾਦ ਕਰਦਿਆਂ ਆਖਿਆ ਕਿ ਜਥੇ ਵਿੱਚ 8-10 ਵਿਅਕਤੀ ਅਜਿਹੇ ਹਨ, ਜੋ ਆਪਣੇ ਪਰਿਵਾਰਕ ਮੈਂਬਰਾਂ ਦੀਆਂ ਅਸਥੀਆਂ ਜਲ ਪ੍ਰਵਾਹ ਕਰਨ ਲਈ ਲੈ ਕੇ ਆਏ ਸਨ। ਉਨ੍ਹਾਂ ਪਾਕਿਸਤਾਨ ਵਿੱਚ ਹਿੰਦੂਆਂ ਨਾਲ ਮਾੜੇ ਵਤੀਰੇ ਦੇ ਦੋਸ਼ਾਂ ਨੂੰ ਰੱਦ ਕੀਤਾ। ਉਧਰ ਭਾਜਪਾ ਦੇ ਸਾਬਕਾ ਮੰਤਰੀ ਅਨਿਲ ਜੋਸ਼ੀ ਅਤੇ ਹੋਰ ਆਗੂ ਹਿੰਦੂ ਤੀਰਥ ਯਾਤਰੀਆਂ ਕੋਲ ਪੁੱਜੇ ਅਤੇ ਉਨ੍ਹਾਂ ਨੂੰ ਕੇਂਦਰ ਸਰਕਾਰ ਵੱਲੋਂ ਵੀਜ਼ੇ ਦੀ ਮਿਆਦ ਵਿੱਚ ਕੀਤੇ ਵਾਧੇ ਦੀ ਜਾਣਕਾਰੀ ਦਿੱਤੀ। ਇਸ ਦੌਰਾਨ ਹਿੰਦੂ ਔਰਤਾਂ ਨੇ ਭੰਗੜਾ ਕਰਕੇ ਖ਼ੁਸ਼ੀ ਵੀ ਜਤਾਈ।



ਪਾਕਿਸਤਾਨ ਤੋਂ ਆਏ ਹਿੰਦੂ ਸ਼ਰਧਾਲੂ ਭਾਰਤ ਵਿੱਚ ਕੁਝ ਦਿਨ ਹੋਰ ਰੁਕਣ ਦੀ ਇਜਾਜ਼ਤ ਮਿਲਣ ਮਗਰੋਂ ਕਾਂਗਰਸੀ ਵਿਧਾਇਕ ਰਾਜ ਕੁਮਾਰ ਵੇਰਕਾ ਦੀ ਹਾਜ਼ਰੀ 'ਚ ਨੱਚ ਟੱਪ ਕੇ ਆਪਣੀ ਖ਼ੁਸ਼ੀ ਦਾ ਇਜ਼ਹਾਰ ਕਰਦੇ ਹੋਏ।


DIAMOND TRANSPORTATION

DIAMOND
Transportation Logistics, Inc.

Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ

Good Pay

Dedicated Routs

Weekly Payment
ਇਕ ਹਫ਼ਤੇ 'ਚ ਪੇਮੈਂਟ ਲਵੋ



ਅੱਜ ਹੀ ਕਾਲ ਕਰੋ :

ਗੁਲਵਿੰਦਰ ਸਿੰਘ ਗਾਖ਼ਲ
209.487.3699

ਹਰਨੇਕ ਸਿੰਘ ਅਟਵਾਲ
209.351.5965

2850 Loomis Rd, Stockton, CA 95205

# Sir Speedy Tustin
*Printers to the Community*

**Outdoor 3'x11' Promo Flag**
Only $29/-
Pole & Spike $55/-

**Outdoor 3'x6' Durable Banner**
All weather, durable to sunlight, rain and wear & tear. Text only.
Only $69/-

**Receipt Books**
Customized with your information and design. 2 part carbonless with numbering and perforation.
Call for Price

**Retractable 33"x 80" Banner**
Includes stand and carry bag. Hi-res imaging, durable and Brilliant colors!
Only $225/-

**All Weather 18"x24" Yard Signs**
Includes H-stakes. Single sided, durable to sunlight and rain. Reusable!
$49/- for 4

**11" Printed Balloons**
Printed with your logo and info. One color, one location. Min. qty 1000
19¢ each

**Your Printed T-Shirts**
White T-Shirts, 1 color screen printing in 1 position. Min Qty. 100
Only $4.99

**Your Printed Caps**
1 color in 1 position. Min Qty. 100
Only $4.99

**Trip Envelopes** Qty 1000
Only $199/-

**What we can do for you today?**
- Printing & Copying
- Creative Services
- Mailing Services
- Mailing List Aquisition
- Signs Posters & Banners
- Promotional Producst
- Website design and development

1045 East Main Street, Tustin, CA 92780
**Call 562-881-7430**
Fax: 714-731-8931
E-mail: sirspeedy_tustin@yahoo.com
www.sirspeedy.com/tustin


Jagjit Singh Bains

**CUSTOMIZED SWEET BOXES**

*South Asian Wedding Cards*

CALL NOW

## ਸਿੱਖ ਅਰਦਾਸ ਦਾ ਹਿੱਸਾ ਬਣੀ ਇਤਿਹਾਸਕ ਘਟਨਾ

# ਸ੍ਰੀ ਨਨਕਾਣਾ ਸਾਹਿਬ ਦਾ ਸ਼ਹੀਦੀ ਸਾਕਾ



**ਪ੍ਰਮਿੰਦਰ ਸਿੰਘ ਪ੍ਰਵਾਨਾ**
(ਫੋਨ ਸੰਪਰਕ: 510-781-0487)

ਸ੍ਰੀ ਨਨਕਾਣਾ ਸਾਹਿਬ ਦਾ ਸ਼ਹੀਦੀ ਸਾਕਾ ਜਿਸਨੇ ਇਤਿਹਾਸ ਨੂੰ ਦੁਹਰਾਉ ਦਿੱਤਾ ਕਿ ਸਿੱਖ ਸੰਘਰਸ਼ ਦੇ ਧਰਮ ਯੁੱਧ ਦੀਆਂ ਲਾਸ਼ਾਨੀ



ਸ਼ਹੀਦੀਆਂ ਦੀ ਜਿਵੇਂ ਦੇਗਾਂ ਵਿਚ ਉਬਾਲੇ ਗਏ, ਆਰੀਆ ਨਾਲ ਚੀਰੇ ਗਏ, ਖੋਪੜੀਆਂ ਲਹਾਈਆਂ, ਚਰਖੜੀਆਂ ਤੇ ਚਾੜ੍ਹ ਤੂੰਬਾ ਤੂੰਬਾ ਕੱਤੇ ਗਏ, ਨੀਹਾਂ ਵਿਚ ਚਿਣੇ ਗਏ ਮਿਸ਼ਾਲ ਹੋਰ ਕਿਧਰੇ ਨਹੀਂ ਮਿਲਦੀ।

ਸਾਹਿਬ ਏ ਕਮਾਲ ਗੁਰੂ ਗੋਬਿੰਦ ਸਿੰਘ ਜੀ ਤੇ ਬਾਬਾ ਬੰਦਾ ਸਿੰਘ ਬਹਾਦਰ ਜੀ ਦੇ ਸਮੇਂ ਤੋਂ ਬਾਅਦ ਖਾਲਸੇ ਲਈ ਬੜੀ ਕਠਨਾਈਆਂ ਦਾ ਸਮਾਂ ਸੀ। ਹਕੂਮਤ ਦਾ ਖਾਲਸੇ ਦਾ ਖੁਰਾ ਖੋਜ਼ ਮਿਟਾਉਣ ਦਾ ਖੂਨੀ ਇਰਾਦਾ ਸੀ। ਸਿੱਖ ਘਰ ਘਾਟ ਛੱਡ ਜੰਗਲਾਂ ਬੇਲਿਆਂ, ਪਹਾੜਾਂ ਰੇਗਸਤਾਨਾਂ ਅਤੇ ਹੋਰ ਸੁਰੱਖਿਅਤ ਥਾਵਾਂ ਤੇ ਜਾ ਕੇ ਆਪਣੀ ਹੋਂਦ ਕਾਇਮ ਰੱਖਣ ਲਈ ਦਿਨ ਕਟਣ ਲੱਗੇ। ਉਸ ਬਿਖੜੇ ਸਮੇਂ ਸਿੱਖ ਪੰਥ ਆਪਣੇ ਪਵਿੱਤਰ ਗੁਰਧਾਮਾਂ ਦਾ ਪ੍ਰਬੰਧ ਸੁਖਾਵੇਂ ਢੰਗ ਨਾਲ ਨਾ ਚਲਾ ਸਕਿਆ।

ਗੁਰਧਾਮਾਂ ਦੀ ਸੇਵਾ ਸੰਭਾਲ ਉਦਾਸੀ ਜਾਂ ਸੰਪਰਦਾਈ ਸਾਧੂਆਂ ਕੋਲ ਚਲੀ ਗਈ। ਜਿਨ੍ਹਾਂ ਨੇ ਆਪਣੀ ਮਰਜ਼ੀ ਦੀ ਮਰਯਾਦਾ ਚਲਾਈ ਰੱਖੀ। ਸਿੱਖ ਰਾਜ ਦੀ ਸਥਾਪਤੀ ਸਮੇਂ ਗੁਰਧਾਮਾਂ ਦੇ ਸੁਧਾਰ ਲਈ ਉਸਾਰੀਆਂ ਅਤੇ ਆਮਦਨ ਲਈ ਜਗੀਰਾਂ ਲਗਵਾਂ ਦਿੱਤੀਆਂ। ਅੰਦਰੂਨੀ ਮਰਯਾਦਾ ਵਿਚ ਕੋਈ ਸੁਧਾਰ ਨਾ ਹੋਇਆ। ਸੰਪਰਦਾਈ ਸਿੱਖ ਮਰਯਾਦਾ ਦੇ ਉਲਟ ਕਾਰਵਾਈਆਂ ਕਰਨ ਲੱਗ ਪਏ। ਇਹ ਮਸੰਦ ਬਣ ਬੈਠੇ ਅਤੇ ਗੁਰਧਾਮਾਂ ਨੂੰ ਆਪਣੀ ਨਿਜੀ ਜਾਇਦਾਦ ਸਮਝਣ ਲੱਗੇ। ਉਪਰੋਂ ਇਨ੍ਹਾਂ ਨੂੰ ਅੰਗਰੇਜ਼ ਹਕੂਮਤ ਦੀ ਸ਼ਹਿ ਪ੍ਰਾਪਤ ਸੀ। ਉਹ ਆਮਦਨੀ ਤੇ ਅਯਾਸ਼ੀ ਕਰਨ ਲੱਗ ਪਏ।

ਨਨਕਾਣਾ ਸਾਹਿਬ ਦਾ ਮਹੰਤ ਨਰਾਇਣ ਦਾਸ ਸੀ। ਉਸ ਨੇ ਗੁਰਦੁਆਰਾ ਸਾਹਿਬ ਨੂੰ ਗੁੰਡਿਆਂ ਬਦਮਾਸ਼ਾਂ ਅਤੇ ਨਸ਼ਈਆਂ ਦਾ ਅੱਡਾ ਬਣਾ ਲਿਆ। ਉਸਨੇ ਗੁਰਦੁਆਰਾ ਵਿਚ ਵੇਸਵਾਵਾਂ ਦਾ ਨਾਚ ਕਰਵਾਇਆ। ਸਿੱਖ ਜਗਤ ਵਿਚ ਗੁੱਸੇ ਦੀ ਲਹਿਰ ਦੌੜ ਪਈ। ਅਕਤੂਬਰ 1920 ਦੇ ਧਰੋਵਾਲ ਦੇ ਦੀਵਾਨ ਵਿਚ ਮਹੰਤ ਨੂੰ ਮਨਮਾਨੀਆ ਕਰਨ ਤੋਂ ਰੋਕਣ ਦਾ ਮਤਾ ਪਾਸ ਹੋਇਆ। ਮਹੰਤ ਨੇ ਸਿੱਖਾਂ ਨਾਲ ਟੱਕਰ ਲੈਣ ਦਾ ਮਨ ਬਣਾ ਲਿਆ। ਉਸਨੇ ਪੂਰੀ ਜੰਗੀ ਤਿਆਰੀ ਕਰਨੀ ਸ਼ੁਰੂ ਕਰ ਦਿੱਤੀ। ਭਾਈ ਵਰਿਆਮ ਸਿੰਘ ਜੀ ਨੇ ਭਾਈ ਅਵਤਾਰ ਸਿੰਘ ਜੀ ਰਾਹੀਂ ਕਰਤਾਰ ਸਿੰਘ ਝੱਬਰ ਨੂੰ ਖ਼ਬਰ ਦਿੱਤੀ ਕਿ ਮਹੰਤ ਨਰਾਇਣ ਦੀ ਨੀਤ ਸਾਫ਼ ਨਹੀਂ। ਉਹ ਪੰਥਕ ਆਗੂਆਂ ਨੂੰ ਖਤਮ ਕਰਵਾਉਣਾ ਚਾਹੁੰਦਾ ਹੈ। ਝੱਬਰ ਜੀ ਨੇ ਭਾਈ ਲਛਮਣ ਸਿੰਘ ਧਰੋਵਾਲੀ, ਭਾਈ ਬੂਟਾ ਸਿੰਘ ਲਾਇਲਪੁਰੀ ਅਤੇ ਤੇਜ਼ਾ ਸਿੰਘ ਨਾਲ ਸਲਾਹ ਕੀਤੀ ਕਿ ਮਾਰਚ ਦੀ ਸਿੱਖ ਕਾਨਫਰੰਸ ਤੋਂ ਪਹਿਲਾਂ ਮਹੰਤ ਨਾਲ ਸਿਲ ਲਿਆ ਜਾਵੇ। ਗੁਰਦੁਆਰਾ ਤੇ ਅਚਾਨਕ ਕਬਜ਼ਾ ਕਰ ਲਿਆ ਜਾਵੇ। ਜਦੋਂ ਮਹੰਤ ਲਹੌਰ ਵਿਖੇ ਹੋ ਰਹੀ ਸਨਾਤਨ ਕਾਨਫਰੰਸ ਵਿਚ ਗਿਆ ਹੋਵੇ।

ਪ੍ਰੋਗਰਾਮ ਤਹਿ ਹੋ ਗਿਆ ਕਿ 20 ਫਰਵਰੀ 1921 ਨੂੰ ਭਾਈ ਲਛਮਣ ਸਿੰਘ ਦੇ ਜੱਥੇ ਨੇ ਧਰੋਵਾਲ ਤੋਂ ਚਲ ਕੇ ਝੱਬਰ ਦੇ ਜਥੇ ਨੂੰ ਨਨਕਾਣਾ ਸਾਹਿਬ ਤੋਂ ਪੰਜ ਮੀਲ ਦੂਰ ਚੰਦਰਕੋਟ ਦੀ ਝਾਲ ਤੇ ਮਿਲਣਾ ਸੀ। ਲਾਇਲਪੁਰ ਤੋਂ ਆਏ ਸਿੰਘਾਂ ਨੇ ਇਨ੍ਹਾਂ ਨੂੰ 20 ਫਰਵਰੀ ਸਵੇਰੇ ਚਾਰ ਵਜੇ ਨਨਕਾਣਾ ਸਾਹਿਬ ਦੇ ਨੇੜੇ ਭੱਠਿਆਂ ਤੇ ਮਿਲ ਕੇ ਗੁਰਦੁਆਰਾ ਨਨਕਾਣਾ ਸਾਹਿਬ ਸਵੇਰੇ ਪੰਜ ਵਜੇ ਪੁੱਜਣਾ ਸੀ। ਮਾਸਟਰ ਤਾਰਾ ਸਿੰਘ ਅਤੇ ਤੇਜ਼ਾ ਸਿੰਘ ਸਮੁੰਦਰੀ ਨੇ ਚੂਹੜ ਕਾਵੇ ਵਿਚ ਫੈਸਲਾ ਹੋਇਆ ਕਿ ਜਥੇ ਨਾ ਭੇਜੇ ਜਾਣ ਦਾ ਸੁਨੇਹਾ ਭਾਈ ਸੁਚਾ ਸਿੰਘ ਚਕਵਾਲਾ ਜੀ ਹਥੀਂ ਕਰਤਾਰ ਸਿੰਘ ਝੱਬਰ ਨੂੰ ਭੇਜਿਆ। ਜਿਨ੍ਹਾਂ ਜਥਿਆਂ ਨੂੰ ਸੁਨੇਹਾ ਮਿਲ ਦਾ ਗਿਆ ਉਹ ਨਾ ਗਏ। ਭਾਈ ਲਛਮਣ ਸਿੰਘ ਧਰੋਵਾਲੀ ਨੂੰ ਇਹ ਸੁਨੇਹਾ ਨਾ ਮਿਲ ਸਕਿਆ। ਉਹ ਆਪਣੇ ਜਥੇ ਸਮੇਤ ਅਰਦਾਸ ਕਰਕੇ ਨਨਕਾਣਾ ਸਾਹਿਬ ਵਲ ਰਵਾਨਾ ਹੋ ਗਏ। ਜਥੇ ਵਿਚ ਭਾਈ ਲਛਮਣ ਸਿੰਘ ਦੀ ਪਤਨੀ ਨਨਕਾਣਾ ਸਾਹਿਬ ਵੱਲ ਰਵਾਨਾ ਹੋ ਗਏ। ਜਥੇ ਵਿਚ ਭਾਈ ਲਛਮਣ ਸਿੰਘ ਦੀ ਪਤਨੀ ਬੀਬੀ ਇੰਦਰ ਕੌਰ ਅਤੇ ਦੋ ਹੋਰ ਬੀਬੀਆਂ ਵੀ ਸ਼ਾਮਲ ਸਨ। ਇਹ ਜਥਾ ਨਜ਼ਾਮਪੁਰਾ, ਦੇਵਾ ਸਿੰਘ ਵਾਲਾ, ਧੰਨੂਵਾਲਾ, ਚੇਲਾਵਾਲ, ਠਠੀਆਂ, ਮੂਲ ਸਿੰਘ ਵਾਲਾ ਆਦਿ ਪਿੰਡਾਂ ਵਿਚੋਂ ਹੁੰਦਾ ਹੋਇਆ ਮੋਹਲਵਾ ਪੁੱਜ ਗਿਆ ਜੋ ਨਨਕਾਣਾ ਸਾਹਿਬ ਤੋਂ 6 ਮੀਲ ਦੂਰ ਸੀ।

20 ਫਰਵਰੀ 1921 ਨੂੰ ਭਾਈ ਲਛਮਣ ਸਿੰਘ 150 ਸਿੰਘਾਂ ਦਾ ਜਥਾ ਲੈ ਕੇ ਨਨਕਾਣਾ ਸਾਹਿਬ ਵਲ ਰਵਾਨਾ ਹੋ ਗਏ। ਗੁਰਦੁਆਰਾ ਜਨਮ ਅਸਥਾਨ ਨਨਕਾਣਾ ਸਾਹਿਬ ਅੱਧਾ ਕੁ ਮੀਲ ਦੂਰ ਰਹਿ ਗਿਆ ਸੀ। ਭੱਠੇ ਤੇ ਪਹੁੰਚ ਕੇ ਜਥੇ ਨਾਲ ਆਈਆਂ ਬੀਬੀਆਂ ਨੂੰ ਗੁਰਦੁਆਰਾ ਤੰਬੂ ਸਾਹਿਬ ਭੇਜ ਦਿੱਤਾ। ਜਥੇਦਾਰ ਲਛਮਣ ਸਿੰਘ ਜੀ ਨੇ ਅਰਦਾਸਾ ਸੋਧ ਦਿਤਾ। ਉਦੋਂ ਹੀ ਭਾਈ ਵਰਿਆਮ ਸਿੰਘ ਜਥੇ ਨਾ ਲਿਜਾਣ ਵਾਲੀ ਚਿੱਠੀ ਲੈ ਕੇ ਪਹੁੰਚ ਗਏ। ਜਥੇਦਾਰ ਜੀ ਨੇ ਕਿਹਾ ਕਿ ਹੁਣ ਅਰਦਾਸ ਹੋ ਚੁੱਕੀ ਹੈ। ਅਸੀਂ ਦਰਸ਼ਨ ਕਰਕੇ ਹੀ ਮੁੜਾਂਗੇ। ਹੁਣ ਜਾਨ ਦੀ ਵੀ ਪ੍ਰਵਾਹ ਨਹੀਂ ਤੇ ਜੱਥਾ ਸ਼ਾਂਤਮਈ ਨਨਕਾਣਾ ਸਾਹਿਬ ਵੱਲ ਚਲ ਪਿਆ। ਅਖੀਰ ਵਿਚ ਦਰਬਾਰ ਸਾਹਿਬ ਪਹੁੰਚ ਕੇ ਭਾਈ ਲਛਮਣ ਸਿੰਘ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਤੇ ਬੈਠ ਗਏ। ਬਾਕੀ ਸਿੰਘ ਸ਼ਬਦ ਪੜਨ ਲੱਗ ਪਏ। ਮਹੰਤ ਨਰਾਇਣ ਦਾਸ ਨੇ ਆਪਣੇ ਭਾੜੇ ਦੇ ਗੁੰਡਿਆਂ ਨੂੰ ਕਾਰਵਾਈ ਕਰਨ ਦਾ ਹੁਕਮ ਦਿੱਤਾ। ਗੁੰਡਿਆਂ ਨੇ ਛੱਤ ਤੇ ਬਣਾਏ ਮੋਰਚਿਆਂ ਤੋਂ ਜਥੇ ਉਪਰ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਅਨੇਕਾਂ ਸਿੰਘ ਸ਼ਹੀਦੀ ਪਾ ਗਏ ਬਹੁਤ ਸਾਰੇ ਫਟੜ ਹੋ ਗਏ। ਭਾਈ ਲਛਮਣ ਸਿੰਘ ਜੀ ਨੂੰ ਤਾਬਿਆਂ ਤੇ ਬੈਠਿਆਂ ਗੋਲੀ ਲੱਗੀ ਤਾਂ ਗੰਭੀਰ ਜ਼ਖ਼ਮੀ ਹੋ ਗਏ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬੀੜ ਵਿਚ ਵੀ ਗੋਲੀਆਂ ਲੱਗੀਆਂ। ਗੁੰਡਿਆਂ ਨੇ ਬੰਦੂਕਾਂ ਬਰਛਿਆ ਗੰਡਾਸਿਆਂ ਛਵੀਆਂ ਨਾਲ ਕਈ ਸਿੰਘ ਫਟੜ ਜਾਂ ਸ਼ਹੀਦ ਕਰ ਦਿੱਤੇ। ਜਦੋਂ ਦਰਬਾਰ ਅੰਦਰ ਸਾਰ ਸਿੰਘ ਸ਼ਹੀਦ ਹੋ ਗਏ ਤਾਂ ਮਹੰਤ ਘੋੜੇ ਤੇ ਸਵਾਰ ਹੋ ਕੇ ਮੂੰਹ ਤੇ ਕਪੜਾ ਲਪੇਟ ਕੇ ਗੁਰਦੁਆਰਾ ਤੋਂ ਬਾਹਰ ਆ ਗਿਆ। ਬਾਹਰੋ ਆਏ ਸਿੱਖਾਂ ਨੂੰ ਕਤਲ ਕਰਨ ਲੱਗਾ। ਪ੍ਰਕਾਸ਼ ਅਸਥਾਨ ਅੰਦਰ ਖੂਨ ਨਾਲ ਲੱਥ ਪੱਥ ਲਾਸ਼ਾ ਨਾਲ ਕਮਰਾ ਭਰਿਆ ਪਿਆ ਸੀ। ਉਤਮ ਸਿੰਘ ਦੇ ਕਾਰਖਾਨੇ ਬੈਠੇ ਭਾਈ ਦਲੀਪ ਸਿੰਘ ਭਾਈ ਵਰਿਆਮ ਸਿੰਘ ਜਥੇਦਾਰ ਬੂਟਾ ਸਿੰਘ ਚੱਕ 204 ਤੇ ਉਤਮ ਸਿੰਘ ਨੇ ਗੋਲੀਆਂ ਦੀਆਂ ਅਵਾਜ਼ਾਂ ਸੁਣੀਆਂ। ਭਾਈ ਵਰਿਆਮ ਸਿੰਘ ਤੇ ਭਾਈ ਦਲੀਪ ਸਿੰਘ ਗੁਰਦੁਆਰਾ ਵੱਲ ਨੱਸ ਪਏ। ਜਦੋਂ ਦਰਸ਼ਨੀ ਦਰਵਾਜ਼ੇ ਦੇ ਸਾਹਮਣੇ ਪੁੱਜੇ ਤਾ ਕਤਲੇਆਮ ਵੇਖ ਕੇ ਮਹੰਤ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਪਰ ਮਹੰਤ ਨੇ ਆਪਣੀ ਪਿਸਤੌਲ ਨਾਲ ਭਾਈ ਦਲੀਪ ਸਿੰਘ ਨੂੰ ਸ਼ਹੀਦ ਕਰ ਦਿੱਤਾ। ਮਹੰਤ ਦੇ ਗੁੰਡਿਆਂ ਨੇ ਭਾਈ ਵਰਿਆਮ ਸਿੰਘ ਨੂੰ ਵੀ ਸ਼ਹੀਦ ਕਰ ਦਿੱਤਾ।

ਸ਼ਹੀਦਾਂ ਦੀਆਂ ਲਾਸ਼ਾਂ ਨੂੰ ਇਕੱਠਾ ਕਰਕੇ ਮਿਟੀ ਦਾ ਤੇਲ ਪਾ ਕੇ ਅੱਗ ਲਾ ਦਿੱਤੀ ਗਈ। ਜ਼ਖ਼ਮੀ ਹੋਏ ਭਾਈ ਲਛਮਣ ਸਿੰਘ ਨੂੰ ਜੰਡ ਨਾਲ ਪੁੱਠਾ ਲਟਕਾ ਕੇ ਅੱਗ ਲਾ ਦਿੱਤੀ ਗਈ। ਇਕ ਦੋ ਸਾਲਾ ਲੜਕਾ ਅਲਮਾਰੀ ਵਿਚ ਲੁਕੋ ਦਿੱਤਾ ਗਿਆ ਸੀ. ਬਚ ਰਿਹਾ ਇਹ ਲੜਕਾ ਇਕ ਪਿੰਡ ਜਰਗ ਪਟਿਆਲਾ ਦੇ ਸ਼ਹੀਦ ਕੇਹਰ ਸਿੰਘ ਦਾ ਪੁੱਤਰ ਸੀ। ਉਸ ਨੂੰ ਅਲਮਾਰੀ ਵਿਚੋਂ ਕੱਢ ਕੇ ਅੱਗੇ ਵਿਚ ਸੁੱਟ ਕੇ ਸ਼ਹੀਦ ਕੀਤਾ ਗਿਆ।

ਇਸ ਖੂਨੀ ਸ਼ਹੀਦੀ ਸਾਕੇ ਦੀ ਖ਼ਬਰ ਨੇ ਸਿੱਖ ਜਗਤ ਵਿਚ ਹਾਹਾਕਾਰ ਮਚਾ ਦਿੱਤੀ। ਇਹ ਖ਼ਬਰ ਉਤਮ ਸਿੰਘ ਨੇ ਸਰਕਾਰੀ ਅਧਿਕਾਰੀਆਂ ਅਤੇ ਸਿੱਖ ਸੰਸਥਾਵਾਂ ਨੂੰ ਤਾਰ ਰਾਹੀਂ ਭੇਜ ਦਿੱਤੀ। ਸ਼ਾਮ ਤੱਕ ਅਧਿਕਾਰੀ ਪਹੁੰਚਣੇ ਸ਼ੁਰੂ ਹੋ ਗਏ। ਸਿੰਘ ਵੀ ਵਹੀਰਾਂ ਘੱਤ ਕੇ ਗੁਰਦੁਆਰਾ ਸਾਹਿਬ ਵੱਲ ਚੱਲ ਪਏ। ਕਰਤਾਰ ਸਿੰਘ ਝਬਰ ਵੀ 2200 ਸਿੰਘਾਂ ਦਾ ਜਥਾ ਲੈ ਕੇ ਪਹੁੰਚ ਗਏ। ਜੋ ਹਰ ਕੀਮਤ ਤੇ ਗੁਰਦੁਆਰਾ ਸਾਹਿਬ ਦਾ ਕਬਜ਼ਾ ਲੈਣ ਲਈ ਤਿਆਰ ਹੋ ਕੇ ਆਏ ਸਨ। ਜਥਾ ਰੇਲਵੇ ਲਾਇਨ ਕੋਲ ਪੁੱਜਾ ਤਾਂ ਅੰਗਰੇਜ਼ ਅਫਸਰਾਂ ਨੇ ਰੋਕ ਲਿਆ ਜਿਨ੍ਹਾਂ ਵਿਚ ਕਮਿਸ਼ਨਰ, ਪੁਲਿਸ ਜਰਨੈਲ, ਫੌਜੀ ਜਰਨੈਲ ਡੀ ਸੀ ਅਫਸਰਾਂ ਨੇ ਕਿਹਾ ਕਿ ਕੱਲ੍ਹ ਗੁਰਦੁਆਰੇ ਦੀਆਂ ਚਾਬੀਆਂ ਸੌਂਪ ਦਿਆਂਗੇ। ਝੱਬਰ ਜੀ ਨੇ ਕਿਹਾ ਕਿ ਚਾਬੀਆਂ ਹੁਣੇ ਚਾਹੀਦੀਆਂ ਹਨ ਅਤੇ ਗੋਰਾ ਫੌਜ ਹਟਾ ਲਉ। ਸਿੰਘ ਨੇ ਆਪਣੇ ਹਥਿਆਰ ਸੂਤ ਲਏ। ਫਿਰ ਡੀ ਸੀ ਕੈਰੀ ਨੇ ਝੱਟ ਚਾਬੀਆਂ ਫੜਾ ਦਿੱਤੀਆਂ। ਉਸੇ ਵੇਲੇ 7 ਸਿੰਘਾਂ ਦੀ ਕਮੇਟੀ ਬਣਾ ਕੇ ਗੁਰਦੁਆਰਾ ਦਾ ਕਬਜ਼ਾ ਸਿੰਘ ਨੂੰ ਦਿੱਤਾ ਗਿਆ। ਕਮੇਟੀ ਦੇ ਪ੍ਰਧਾਨ ਹਰਬੰਸ ਸਿੰਘ ਅਟਾਰੀ ਵਾਲੇ ਸਨ।

ਭਾਵੇਂ ਸਰਕਾਰੀ ਤੌਰ ਤੇ ਸ਼ਹੀਦਾਂ ਦੀ ਗਿਣਤੀ 86 ਦਸੀ ਗਈ ਹੈ। ਪਰ ਸ਼ਹੀਦੀ ਜਥਿਆਂ ਦੀ ਗਿਣਤੀ ਸਮੇਤ 200 ਤੋਂ ਵੱਧ ਸ਼ਹੀਦ ਹੋ ਸਕਦੇ ਹਨ। 23 ਫਰਵਰੀ ਨੂੰ ਸ਼ਹੀਦਾਂ ਦਾ ਅੰਗੀਠਾ ਗੁਰਦੁਆਰੇ ਦੇ ਅਹਾਤੇ ਅੰਦਰ ਪ੍ਰਕਾਸ਼ ਅਸਥਾਨ ਦੇ ਸਾਹਮਣੇ ਜਿਥੇ ਸ਼ਹੀਦ ਗੰਜ ਬਣਿਆ ਹੈ ਉਥੇ ਸ਼ਾਮ 7:00 ਵਜੇ ਸਸਕਾਰ ਕੀਤਾ ਗਿਆ। ਇਸ ਖੂਨੀ ਸ਼ਹੀਦੀ ਸਾਕੇ ਨੇ ਮੁੜ ਇਤਿਹਾਸਕ ਸ਼ਹੀਦੀਆਂ ਨੂੰ ਤਾਜਾ ਕਰ ਦਿੱਤਾ ਜਿਸ ਨੂੰ ਲੋਕ ਭੁਲਦੇ ਜਾ ਰਹੇ ਸਨ। ਇਹ ਸ਼ਹੀਦੀਆਂ ਰੋਜ਼ਾਨਾ ਦੀ ਅਰਦਾਸ ਦਾ ਹਿੱਸਾ ਬਣ ਗਈਆਂ :

"ਜਿਨ੍ਹਾਂ ਸਿੰਘਾਂ ਸਿਘਣੀਆਂ ਨੇ ਗੁਰਦੁਆਰਿਆਂ ਦੀ ਸੇਵਾ ਲਈ ਕੁਰਬਾਨੀਆਂ ਕੀਤੀਆਂ, ਧਰਮ ਨਹੀਂ ਹਾਰਿਆ, ਸਿੱਖੀ ਕੇਸਾਂ ਸੁਆਸਾਂ ਨਾਲ ਨਿਭਾਈ ਤਿਨ੍ਹਾਂ ਦੀ ਕਮਾਈ ਦਾ ਧਿਆਨ ਧਰ ਕੇ ਖਾਲਸਾ ਜੀ ਬੋਲੋ ਜੀ ਵਾਹਿਗੁਰੂ ।"

## ਸ਼ਹੀਦ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂ ਵਾਲਿਆਂ ਦਾ ਜਨਮ ਦਿਨ ਭਾਰੀ ਉਤਸ਼ਾਹ ਤੇ ਸ਼ਰਧਾ ਨਾਲ ਮਨਾਇਆ

### ਪੈਲਾਟਾਈਨ ਗੁਰਦੁਆਰਾ ਸਾਹਿਬ ਵਿਖੇ ਬੰਦੀ ਛੋੜ ਦਿਵਸ ਸਬੰਧੀ ਸਮਾਗਮ

**ਸ਼ਿਕਾਗੋ/ਮੱਖਣ ਸਿੰਘ ਕਲੇਰ ਸ਼ਿਕਾਗੋ:** ਇਥੋਂ ਦੇ ਪੈਲਾਟਾਈਨ ਗੁਰਦੁਆਰਾ ਸਾਹਿਬ ਵਿਖੇ ਮੂਲ ਨਾਨਕਸ਼ਾਹੀ ਕੈਲੰਡਰ ਅਨੁਸਾਰ ਪ੍ਰਬੰਧਕ ਕਮੇਟੀ ਵਲੋਂ 12 ਫਰਵਰੀ ਸੋਮਵਾਰ ਨੂੰ ਵਿਸ਼ੇਸ਼ ਤੌਰ ਤੇ ਦੀਵਾਨ ਸਜਾ ਕੇ ਬੰਦੀ ਛੋੜ ਦਿਵਸ ਅਤੇ ਸ਼ਹੀਦ ਸੰਤ ਬਾਬਾ ਜਰਨੈਲ ਸਿੰਘ ਖਾਲਸਾ ਭਿੰਡਰਾਂ ਵਾਲਿਆਂ ਦਾ ਜਨਮ ਦਿਹਾੜਾ ਮਨਾਇਆ ਗਿਆ ਜਿਸ ਵਿੱਚ ਗੁਰਦੁਆਰਾ ਸਾਹਿਬ ਦੇ ਹੈਡ ਗ੍ਰੰਥੀ ਭਾਈ ਪਰਮਿੰਦਰਜੀਤ ਸਿੰਘ ਨੇ ਕਥਾ ਰਾਹੀਂ, ਭਾਈ ਗੁਰਦਰਸ਼ਨ ਸਿੰਘ ਤੇ ਭਾਈ ਰਾਜਿੰਦਰ ਸਿੰਘ ਜਲੰਧਰ ਵਾਲਿਆਂ ਦੇ ਕੀਰਤਨੀ ਜਥੇ ਵਲੋਂ ਕੀਰਤਨ ਰਾਹੀਂ ਹਾਜਰੀ ਲਗਵਾਈ ਗਈ।

18 ਫਰਵਰੀ ਐਤਵਾਰ ਦੇ ਦੀਵਾਨ ਵੀ ਇਨਾਂ ਦੋਵਾਂ ਦਿਹਾੜਿਆਂ ਨੂੰ ਸਮਰਪਤ ਸਨ ਜਿਨ੍ਹਾਂ ਵਿੱਚ ਭਾਈ ਰਾਜਿੰਦਰ ਸਿੰਘ ਜਲੰਧਰ ਵਾਲਿਆਂ ਦੇ ਜਥੇ ਵਲੋਂ ਕੀਰਤਨ ਰਾਹੀਂ ਹਾਜਰੀ ਲਗਵਾਈ ਤੇ ਭਾਈ ਪਰਮਿੰਦਰਜੀਤ ਸਿੰਘ ਵਲੋਂ ਬੰਦੀ ਛੋੜ ਦਿਵਸ ਸਬੰਧੀ ਤੇ ਛੇਵੇਂ ਪਾਤਿਸ਼ਾਹ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਜੀਵਨ ਦੇ ਅਧਾਰਤ ਕਥਾ ਕੀਤੀ ਗਈ ਤੇ ਬੰਦੀ ਛੋੜ ਦਿਵਸ ਨਾਨਕਸ਼ਾਹੀ ਕੈਲੇਂਡਰ ਮੁਤਾਬਕ 12 ਫਰਵਰੀ ਦਾ ਦਿਨ ਕਿਵੇਂ ਆਇਆ ਇਸ ਪ੍ਰਤੀ ਵੀ ਸੰਗਤਾਂ ਨੂੰ ਜਾਣਕਾਰੀ ਦਿੱਤੀ ਗਈ। ਇਸ ਤੋਂ ਇਲਾਵਾ ਸ਼ਹੀਦ ਸੰਤ ਬਾਬਾ ਜਰਨੈਲ ਸਿੰਘ ਭਿੰਡਰਾਂ ਵਾਲਿਆਂ ਦਾ ਜਨਮ ਦਿਹਾੜਾ ਵੀ ਮਨਾਇਆ ਗਿਆ ਉਨਾਂ ਦੇ ਜੀਵਨ ਅਤੇ ਸੰਘ ਸ਼ੰਘਰਸ਼ ਵਿੱਚ ਪਾਏ ਯੋਗਦਾਨ ਅਤੇ ਕੌਮ ਨੂੰ ਦਿੱਤੀ ਯੋਗ ਅਗਵਾਈ ਪ੍ਰਤੀ ਵੀ ਜਾਣਕਾਰੀ ਦਿੱਤੀ ਗਈ।

ਇਸ ਤੋਂ ਇਲਾਵਾ ਇਹ ਵੀ ਦੱਸਿਆ ਗਿਆ ਕਿ ਸੰਤਾਂ ਦਾ ਜਨਮ ਦਿੱਨ ਮਨਾਉਣ ਵਾਸਤੇ 12 ਫਰਵਰੀ ਦਾ ਦਿਨ ਕਿਵੇਂ ਚੁਣਿਆ ਗਿਆ । ਇਕ ਸਮਾਂ ਸੀ ਜਦ ਸਰਕਾਰ ਵਲੋਂ ਸੰਤਾਂ ਦੀ ਤਸਵੀਰ ਤਾਂ ਕੀ ਨਾਮ ਲੈਣ ਤੇ ਵੀ ਕੇਸ ਬਣਦੇ ਸਨ। ਅੱਜ ਜਿਵੇਂ ਪੰਜਾਬ ਵਿੱਚ ਘਰ ਘਰ ਸੰਤਾਂ ਦੀਆਂ ਤਸਵੀਰਾਂ ਕਾਰਾਂ ਤੇ ਸਿਟੱਕਰ ਅਤੇ ਟੀਸ਼ਰਟਾਂ ਹਰ ਨੌਜਵਾਨ ਪਾਈ ਫਿਰਦਾ ਹੈ । ਜਦ ਪਹਿਲੀ ਵਾਰ ਸੰਤਾਂ ਦਾ ਜਨਮ ਦਿਨ ਫਤਹਿਗੜ ਸਾਹਿਬ ਦੀ ਧਰਤੀ ਤੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵਲੋਂ 1995 ਵਿੱਚ ਮਨਾਇਆ ਗਿਆ ਸੀ ਤਦ ਦੋ ਸੌ ਕਰੀਬ ਸੰਗਤਾਂ ਪਹੁੰਚੀਆਂ ਸਨ ਅਤੇ ਕਈਆਂ ਤੇ ਕੇਸ ਵੀ ਦਰਜ ਹੋਏ ਸਨ ਤੇ ਹੁਣ 2018 ਵਿੱਚ ਫਤਹਿਗੜ ਸਾਹਿਬ ਦੀ ਧਰਤੀ ਤੇ ਸੰਤਾਂ ਦਾ ਜਨਮ ਦਿਨ ਮਨਾਉਣ ਵਾਸਤੇ ਜਿਥੇ ਪੂਰੇ ਪੰਜਾਬ ਵਿੱਚੋਂ ਹਜਾਰਾਂ ਦੀ ਗਿਣਤੀ ਵਿੱਚ ਸਿੱਖ ਸੰਗਤਾਂ ਪਹੁੰਚੀਆਂ ਹੋਈਆਂ ਸਨ ਉਥੇ ਹੀ ਭਾਰਤ ਦੇ ਵੱਖ ਵੱਖ ਸੂਬਿਆਂ ਵਿੱਚੋਂ ਦੂਜੇ ਧਰਮਾਂ ਦੇ ਲੋਕ ਤੇ ਵੱਖ ਵੱਖ ਜਥੇਬੰਦੀਆਂ ਦੇ ਲੀਡਰ ਅਤੇ ਧਾਰਮਿਕ ਆਗੂ ਪਹੁੰਚੇ ਹੋਏ ਸਨ। ਸੰਤਾਂ ਦੇ ਜਨਮ ਦਿਨ ਨੂੰ ਇਸ ਮੁਕਾਮ ਤੱਕ ਲੈਕੇ ਜਾਣਾ ਅਤੇ ਵੱਡੇ ਪੱਧਰ ਤੇ ਮਨਾਉਣਾ ਸ਼੍ਰੋਮਣੀ ਆਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸ੍ਰ ਸਿਮਰਨਜੀਤ ਸਿੰਘ ਮਾਨ ਦੇ ਹੀ ਹਿੱਸੇ ਆਇਆ ਹੈ ਅਤੇ ਪੂਰੀ ਕੌਮ ਨੂੰ ਇਸ ਕਾਰਜ ਵਾਸਤੇ ਸ. ਸਿਮਰਨਜੀਤ ਸਿੰਘ ਮਾਨ ਤੇ ਫਕਰ ਹੈ । ਉਨਾ ਦਾ ਨਾਮ ਇਤਿਹਾਸ ਦੇ ਸੁਨਹਿਰੀ ਪੰਨਿਆਂ ਤੇ ਲਿਖਿਆ ਜਾਵੇਗਾ।



## ਸ਼ਰਧਾ ਭਾਵਨਾ ਨਾਲ ਮਨਾਇਆ ਬਾਬਾ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਅਤੇ ਸੰਤ ਬਾਬਾ ਗੁਰਬਚਨ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਦਾ ਜਨਮ ਦਿਨ

### ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਰਿਚਮੰਡ ਹਿੱਲ ਨਿਊਯਾਰਕ ਵਿਖੇ ਸਮਾਗਗਮ

**ਨਿਊਯਾਰਕ/ਬਿਊਰੋ ਨਿਊਜ਼:** 20ਵੀਂ ਸਦੀ ਦੇ ਮਹਾਨ ਸ਼ਹੀਦ, ਕਹਿਣੀ ਤੇ ਕਥਨੀ ਦੇ ਪੂਰੇ, ਮਹਾਨ ਸੰਤ ਸਿਪਾਹੀ, ਦਮਦਮੀ ਟਕਸਾਲ ਦੇ 14ਵੇਂ ਮੁਖੀ ਸੰਤ ਬਾਬਾ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਅਤੇ ਸੰਤ ਬਾਬਾ ਗੁਰਬਚਨ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਦਾ ਜਨਮ ਦਿਨ ਬਹੁਤ ਹੀ ਸ਼ਰਧਾ ਭਾਵਨਾ ਨਾਲ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਰਿਚਮੰਡ ਹਿੱਲ ਨਿਊਯਾਰਕ ਵਿਖੇ ਮਨਾਇਆ ਗਿਆ।

ਸਿੱਖ ਕਲਚਰਲ ਸੁਸਾਇਟੀ ਰਿਚਮੰਡ ਦੇ ਮੀਡੀਆ ਇੰਚਾਰਜ ਸੁਖਵਿੰਦਰ ਸਿੰਘ ਨਿੱਝਰ ਵਲੋਂ ਦਿੱਤੀ ਜਾਣਕਾਰੀ ਅਨੁਸਾਰ ਸੁਸਾਇਟੀ ਦੇ ਸਹਿਯੋਗ ਨਾਲ ਸਿੱਖ ਯੂਥ ਆਫ਼ ਅਮਰੀਕਾ ਅਤੇ ਸੰਤ ਬਾਬਾ ਪ੍ਰੇਮ ਸਿੰਘ ਸਿੱਖ ਕਲਚਰਲ ਸੁਸਾਇਟੀ ਨੇ ਇਹ ਸਮਾਗਮ ਬਹੁਤ ਹੀ ਵੱਡੇ ਪੱਧਰ ਤੇ ਮਨਾਏ 16 ਫਰਵਰੀ ਸ਼ੁਕਰਵਾਰ ਨੂੰ ਆਖੰਡ ਪਾਠ ਸਾਹਿਬ ਆਰੰਭ ਕਰਵਾਏ ਗਏ ਤੇ ਐਤਵਾਰ, 18 ਫਰਵਰੀ 2018 ਨੂੰ ਸਵੇਰ ਸਮੇਂ ਅਖੰਡ ਪਾਠ ਸਾਹਿਬ ਦੇ ਭੋਗ ਪੈਣ ਉਪਰੰਤ ਦਿਨ ਭਰ ਦੇ ਦੀਵਾਨ ਇਨ੍ਹਾਂ ਮਹਾਨ ਸ਼ਹੀਦਾਂ ਨੂੰ ਸਮਰਪਿਤ ਸਨ, ਜਿਨ੍ਹਾਂ ਵਿਚ ਇਨ੍ਹਾਂ ਮਹਾਨ ਸ਼ਹੀਦਾਂ ਨੂੰ ਯਾਦ ਕਰਦਿਆਂ ਉਨ੍ਹਾਂ ਦੇ ਕੀਤੇ ਪਰਉਪਕਾਰਾਂ ਨੂੰ ਯਾਦ ਕੀਤਾ ਗਿਆ। ਦਿਨ ਭਰ ਦੇ ਦੀਵਾਨਾਂ ਵਿਚ ਸਿੱਖ ਕੌਮ ਦੀਆਂ ਕਈ ਉੱਘੀਆਂ ਸ਼ਖ਼ਸ਼ੀਅਤਾਂ, ਜਿਨ੍ਹਾਂ ਵਿੱਚ ਖਾਲਿਸਤਾਨ ਅਫੇਅਰਜ ਸੈਂਟਰ ਦੇ ਡਾ. ਅਮਰਜੀਤ ਸਿੰਘ ਤੇ ਸਿੱਖ ਯੂਥ ਆਫ਼ ਅਮਰੀਕਾ ਦੇ ਗੁਰਿੰਦਰ ਸਿੰਘ ਮਾਨਾ ਨੇ ਵਿਸ਼ੇਸ਼ ਤੌਰ ਉੱਤੇ ਸ਼ਿਰਕਤ ਕੀਤੀ । ਪੰਥ ਦੇ ਨਾਮਵਾਰ ਰਾਗੀ ਜਥਾ ਭਾਈ ਤੌਰ ਤੇ ਪਹੁੰਚੇ।

ਅਮਰਦੀਪ ਸਿੰਘ ਬੋਦਲਾਂ ਵਾਲੇ, ਭਾਈ ਨਿਲੋਕ ਸਿੰਘ ਪਾਉਂਟਾ ਸਾਹਿਬ ਵਾਲੇ ਕਥਾਵਾਚਕ ਗਿਆਨੀ ਤਰਸੇਮ ਸਿੰਘ ਹਰਖੋਵਾਲ ਵਾਲੇ, ਸਿੰਘ ਸਾਹਿਬ ਗਿਆਨੀ ਹਰਦੇਵ ਸਿੰਘ ਜੀ ਅਤੇ ਪੰਥ ਦਾ ਸੁਝਾਣੀ ਜਥਾ ਬੀਬੀ ਜਸਵਿੰਦਰ ਕੌਰ ਜੀ ਰਾਮਾ ਮੰਡੀ, ਜਲੰਧਰ ਵਾਲਿਆਂ ਨੇ ਵਿਸ਼ੇਸ਼ ਤੌਰ ਤੇ ਹਾਜ਼ਰੀ ਭਰੀ ਤੇ ਸੰਗਤਾਂ ਨੂੰ ਸੰਤਾਂ ਦੇ ਜੀਵਨ ਇਤਿਹਾਸ ਸੁਣਾ ਕੇ ਨਿਹਾਲ ਕੀਤਾ। ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਦੇ ਹੈੱਡ ਗ੍ਰੰਥੀ ਗਿਆਨੀ ਭੁਪਿੰਦਰ ਸਿੰਘ ਨੇ ਵੀ ਸੰਗਤਾਂ ਨੂੰ ਕਥਾ ਨਾਲ ਨਿਹਾਲ ਕੀਤਾ। ਗੁਰੂ ਘਰ ਵਿਚ ਸੰਗਤਾਂ ਨੇ ਹੁੰਮ- ਹੁੰਮਾ ਕੇ ਹਾਜ਼ਰੀ ਭਰੀ।

ਮੁੱਖ ਸੇਵਾਦਾਰ ਕੁਲਦੀਪ ਸਿੰਘ ਢਿੱਲੋਂ ਅਤੇ ਚੇਅਰਮੈਨ ਸੁਰਜੀਤ ਸਿੰਘ ਮੁਧਾਨ ਨੇ ਆਈਆਂ ਸਮੂਹ ਸੰਗਤਾਂ ਦਾ ਧੰਨਵਾਦ ਕੀਤਾ ਅਤੇ ਸੰਤਾਂ ਦੇ ਜਨਮ ਦਿਨ ਦੀਆਂ ਵਧਾਈਆਂ ਦਿੱਤੀਆਂ।

# ਗੁਰਮਤਿ ਅਨੁਸਾਰੀ ਸਮਾਜ ਸਿਰਜਣ ਵੱਲ ਸਰਗਰਮ ਹੋਵੋ

**ਕਮਲਜੀਤ ਕੌਰ 'ਕਮਲ'**

## ਨਿਤਾਣਿਆਂ, ਨਿਮਾਣਿਆਂ ਦੀ ਸੇਵਾ ਹੀ ਗੁਰੂਆਂ ਦਾ ਮਾਰਗ ਹੈ



ਸਿਖ ਕੌਮ ਅੱਜ ਨਿਘਾਰ ਵੱਲ ਜਾ ਰਹੀ ਹੈ। ਇਸ ਦਾ ਕਾਰਨ ਸਾਡੀਆਂ ਸਰਵਉੱਚ ਪੰਥਕ ਸੰਸਥਾਵਾਂ ਤੇ ਉਨ੍ਹਾਂ ਦੇ ਆਗੂ ਹਨ। ਜੇਕਰ ਗੁਰਦੁਆਰੇ ਦੇ ਪ੍ਰਬੰਧ ਵਲ ਦੇਖਿਆ ਜਾਵੇ, ਤਾਂ ਇਹ ਹਾਲਤ ਵੀ ਚੰਗੀ ਨਹੀਂ ਦਿਖਾਈ ਦੇਵੇਗੀ, ਕਿਉਂਕਿ ਇਨ੍ਹਾਂ ਦੇ ਪ੍ਰਬੰਧਕ ਅਕਸਰ ਨਸ਼ਈ, ਸੀਰਤ ਤੇ ਸੂਰਤ ਦੇ ਸੁਮੇਲ ਤੋਂ ਸਖਣੇ ਦਿਖਾਈ ਦੇਣਗੇ ਤੇ ਇਨ੍ਹਾਂ ਦੇ ਪ੍ਰਚਾਰਕ ਰਾਗੀ ਅਤੇ ਗ੍ਰੰਥੀ ਗੁਰਮਤਿ ਪ੍ਰਚਾਰਕ ਨਹੀਂ ਰਹੇ। ਉਹ ਹੁਣ ਉਹੀ ਕੁਝ ਕਰ ਰਹੇ ਹਨ, ਜੋ ਹਿੰਦੂ ਧਰਮ ਨੂੰ ਔਝੜੇ ਰਾਹ ਪਾਉਣ ਲਈ ਬ੍ਰਾਹਮਣ ਕਰਿਆ ਕਰਦੇ ਸਨ ਅਤੇ ਜਿਨ੍ਹਾਂ ਵਿਰੁਧ ਗੁਰੂ ਸਾਹਿਬਾਨਾਂ ਨੇ ਅਵਾਜ਼ ਉਠਾਈ ਸੀ। ਅਜੋਕੇ ਪ੍ਰਚਾਰਕ ਅਖੰਡ-ਪਾਠਾਂ ਅਤੇ ਅਰਦਾਸਾਂ ਦੀ ਮਾਇਆ ਸੰਗਤ ਤੋਂ ਲੈ ਕੇ ਉਨ੍ਹਾਂ ਦੀ ਕਾਮਨਾ ਪੂਰੀਆਂ ਕਰਨ ਦਾ ਭਰੋਸਾ ਦਿੰਦੇ ਹਨ। ਝੂਠੀਆਂ ਸਾਖੀਆਂ ਸੁਣਾ ਕੇ ਤੇ ਗੁਰਬਾਣੀ ਦਾ ਬ੍ਰਾਹਮਣਵਾਦੀ ਵਿਚਾਰਧਾਰਾ ਅਨੁਸਾਰ ਪ੍ਰਚਾਰ ਕਰਕੇ ਸੰਗਤ ਨੂੰ ਅੰਧ-ਵਿਸ਼ਵਾਸੀ ਬਣਾ ਰਹੇ ਹਨ। ਇਹੀ ਤਾਂ ਪੁਜਾਰੀਵਾਦ ਹੈ, ਜੋ ਗੁਰੂਆਂ ਦੀ ਵਿਚਾਰਧਾਰਾ ਦੇ ਉਲਟ ਵਰਤਾਰਾ ਕਰ ਰਿਹਾ ਹੈ। ਸਾਡੇ ਪ੍ਰਚਾਰਕ ਅਜੋਕੀ ਸਿਖ ਪੀੜੀ ਨੂੰ ਕਾਇਲ ਕਰਨ ਅਤੇ ਸਿਖੀ ਦਾ ਅਸਲ ਮਨੋਰਥ ਦੱਸਣ ਤੋਂ ਅਸਮਰਥ ਰਹੇ ਹਨ, ਜਿਸ ਕਾਰਨ ਸਿਖ ਨੌਜਵਾਨ ਪਤਿਤ ਹੋ ਰਹੇ ਹਨ। ਗੁਰਦੁਆਰੇ ਵਿਚ ਜਾਣ ਵਾਲੇ ਸਿਖਾਂ ਦਾ ਵਰਤਾਰਾ ਮਾਇਆ ਨਾਲ ਮੱਥਾ ਟੇਕ ਕੇ ਅਤੇ ਆਪਣੇ ਭਲੇ ਲਈ ਅਰਦਾਸਾਂ ਕਰਵਾਉਣ ਤਕ ਸੀਮਤ ਹੋ ਕੇ ਰਹਿ ਗਿਆ ਹੈ। ਗੁਰਦੁਆਰੇ ਵਿਚ ਗ੍ਰੰਥੀਆਂ ਤੇ ਪ੍ਰਚਾਰਕਾਂ ਵਲੋਂ ਸਿਖ ਸਿਧਾਂਤਾਂ ਬਾਰੇ ਅਜਿਹੀ ਗਲ ਨਹੀਂ ਦੱਸੀ ਜਾਂਦੀ, ਜਿਸ ਨਾਲ ਸਿਖ ਸੰਗਤ ਗੁਰੂਆਂ ਦੇ ਮਾਰਗ ਨਾਲ ਜੁੜ ਸਕੇ। ਇਹੀ ਕਾਰਨ ਹੈ ਕਿ ਗੁਰੂ ਡੰਮ ਪ੍ਰਵਿਰਤੀ ਅਗੇ ਵਧ ਰਹੀ ਹੈ ਤੇ ਡੇਰਾਵਾਦ ਮਜ਼ਬੂਤ ਹੋ ਰਿਹਾ ਹੈ। ਜੇਕਰ ਸਿਖ ਧਰਮ ਦੇ ਮੁਕਾਬਲੇ ਇਸਾਈ ਪ੍ਰਚਾਰਕ ਦੇਖੇ ਜਾਣ, ਤਾਂ ਉਹ ਗਿਆਨਵਾਨ ਹੋਣਗੇ, ਪਰ ਇਸ ਦੇ ਉਲਟ ਸਿਖ ਪ੍ਰਚਾਰਕ ਵੱਡੀ ਪੱਧਰ 'ਤੇ ਗਿਆਨਹੀਣ ਹਨ, ਜਿਨ੍ਹਾਂ ਨੂੰ ਰੁਜ਼ਗਾਰ ਨਹੀਂ ਮਿਲਦਾ, ਉਹੀ ਸਿਖ ਪ੍ਰਚਾਰਕ ਬਣ ਜਾਂਦਾ ਹੈ।

ਗੁਰੂ ਸਾਹਿਬਾਂ ਨੇ ਕਿਰਤ ਅਤੇ ਦਸਵੰਧ ਦੀ ਪਰੰਪਰਾ ਤੋਰੀ ਸੀ, ਤਾਂ ਜੋ ਸਮਾਜ ਵਿਚ ਬਰਾਬਰੀ ਆ ਸਕੇ। ਪਰ ਇਸ ਪਰੰਪਰਾ ਦਾ ਵੀ ਬ੍ਰਾਹਮਣੀਕਰਨ ਹੋ ਚੁੱਕਿਆ ਹੈ। ਅੱਜ ਸਿਖ ਸਮਾਜ ਵਿਚ ਕਿਰਤ ਕਰਨ ਵਾਲੇ ਨੂੰ ਨਫ਼ਰਤ ਦੀ ਨਿਗ੍ਹਾ ਨਾਲ ਦੇਖਿਆ ਜਾ ਰਿਹਾ ਹੈ ਅਤੇ ਭ੍ਰਿਸ਼ਟਾਚਾਰੀ ਵਿਅਕਤੀਆਂ ਨੂੰ ਗੁਰਧਾਮਾਂ ਵਿਚ ਸਨਮਾਨਿਤ ਕੀਤਾ ਜਾ ਰਿਹਾ ਹੈ। ਸਿਖ ਆਪਣੀ ਕਮਾਈ ਵਿਚੋਂ ਦਸਵੰਧ ਇਸ ਲਈ ਕੱਢਦਾ ਹੈ ਤਾਂ ਜੋ ਗੁਰੂ ਉਸ ਦੀ ਦੌਲਤ ਨੂੰ ਹੋਰ ਭਾਗ ਲਾਏ। ਜਦ ਕਿ ਇਸ ਪਰੰਪਰਾ ਦਾ ਅਰਥ ਗ਼ਰੀਬਾਂ ਅਤੇ ਦਬੇ-ਕੁਚਲੇ, ਲਿਤਾੜੇ ਲੋਕਾਂ ਨੂੰ ਉਪਰ ਉਠਾਉਣਾ ਸੀ। ਇਸ ਵਿਚ ਕੋਈ ਸ਼ੱਕ ਨਹੀਂ ਕਿ ਸਿਖੀ ਦੀ ਆਧਾਰ-ਸ਼ਿਲਾ ਗੁਰਦੁਆਰੇ ਹਨ। ਪਰ ਅੱਜ ਗੁਰਧਾਮਾਂ ਵਿਚ ਸੰਗਤ ਦੀ ਗਿਣਤੀ ਘੱਟਦੀ ਨਜ਼ਰ ਆਵੇਗੀ ਤੇ ਨੌਜਵਾਨ ਵਰਗ ਟਾਵਾਂ ਟਾਵਾਂ ਦਿਖਾਈ ਦੇਵੇਗਾ। ਫਿਰ ਅਸੀਂ ਕਿਵੇਂ ਕਹਿ ਸਕਦੇ ਹਾਂ ਕਿ ਸਿਖੀ ਦਾ ਵਿਕਾਸ ਹੋ ਰਿਹਾ ਹੈ। ਜੇਕਰ ਅਸੀਂ ਬਿਲਡਿੰਗਾਂ ਉਸਾਰਨੀਆਂ ਹਨ ਤਾਂ ਵਾਧਾ ਬਿਲਡਿੰਗਾਂ ਵਿਚ ਹੋਵੇਗਾ। ਜੇਕਰ ਸਾਡਾ ਧਿਆਨ ਕੌਮ ਦੀ ਉਸਾਰੀ ਵੱਲ ਹੋਵੇਗਾ ਤਾਂ ਕੋਈ ਕਾਰਨ ਨਹੀਂ ਕਿ ਕੌਮ ਤਰੱਕੀ ਨਹੀਂ ਕਰੇਗੀ ਅਤੇ ਸੰਗਤ ਵਿਚ ਵਾਧਾ ਨਹੀਂ ਹੋਵੇਗਾ। ਜੇਕਰ ਅਸੀਂ ਜ਼ਿਆਦਾ ਗੁਰਦੁਆਰੇ ਉਸਾਰਨ ਦੀ ਥਾਂ ਰਾਧਾ ਸਵਾਮੀਆਂ ਵਾਂਗ ਸੰਗਤ ਵਧਾਉਣ ਲਈ ਹਸਪਤਾਲ, ਮੈਡੀਕਲ ਕਾਲਜ, ਇੰਜੀਨੀਅਰਿੰਗ ਕਾਲਜ ਵੱਡੀ ਪੱਧਰ 'ਤੇ ਖੋਲ੍ਹੇ ਹੁੰਦੇ ਤਾਂ ਇਹੋ ਜਿਹੀਆਂ ਜਮਾਤਾਂ ਸਿਖ ਕੌਮ ਨੂੰ ਖੋਰਾ ਨਾ ਲਾ ਸਕਦੀਆਂ।

ਅੱਜ ਸਿਖ ਸਮਾਜ ਧਾਰਮਿਕ ਖੇਤਰ ਵਿਚੋਂ ਤਾਂ ਪੱਛੜਿਆ ਹੀ ਹੋਇਆ ਹੈ, ਪਰ ਸਾਮਾਜਿਕ, ਅਕਾਦਮਿਕ, ਸਭਿਆਚਾਰਕ ਅਤੇ ਰਾਜਨੀਤਕ ਪਖੋਂ ਵੀ ਦਿਸ਼ਾਹੀਣ ਹੈ। ਆਪਣੇ ਆਲੇ-ਦੁਆਲੇ ਹੋ ਰਹੇ ਧਾਰਮਿਕ ਸਮਾਗਮਾਂ 'ਤੇ ਨਜ਼ਰ ਮਾਰੀਏ ਤਾਂ ਜਾਪਦਾ ਹੈ ਕਿ ਧਰਮ ਦਾ ਪ੍ਰਚਾਰ ਬਹੁਤ ਵੱਡੇ ਪੱਧਰ 'ਤੇ ਹੋ ਰਿਹਾ ਹੈ। ਇੰਨਾ ਪ੍ਰਚਾਰ ਅਤੇ ਇੰਨੇ ਪ੍ਰਚਾਰ-ਸਮਾਗਮ ਤਾਂ ਗੁਰੂ ਸਾਹਿਬਾਨ ਵੇਲੇ ਵੀ ਨਹੀਂ ਹੁੰਦੇ ਹੋਣਗੇ। ਬੇਸ਼ੁਮਾਰ ਅਖੰਡ-ਪਾਠ, ਪਾਠਾਂ ਦੀਆਂ ਲੜੀਆਂ, ਸੁਖਮਨੀ ਸਾਹਿਬ ਦੇ ਪਾਠ ਹੋ ਰਹੇ ਹਨ; ਵੱਡੇ-ਵੱਡੇ ਕੀਰਤਨ ਦਰਬਾਰਾਂ, ਨਗਰ-ਕੀਰਤਨਾਂ ਤੋਂ ਇਲਾਵਾ ਤਰ੍ਹਾਂ-ਤਰ੍ਹਾਂ ਦੇ ਹੋਰ ਅਡੰਬਰੀ ਸਮਾਗਮ ਸਾਧਾਂ ਸੰਤਾਂ ਵਲੋਂ ਹੋ ਰਹੇ ਹਨ। ਵੱਖ-ਵੱਖ ਧਾਰਮਿਕ ਸੰਸਥਾਵਾਂ ਤੇ ਡੇਰੇਦਾਰਾਂ ਵਲੋਂ ਭਾਂਤ-ਭਾਂਤ ਦੇ ਧਾਰਮਿਕ ਰਸਾਲੇ/ ਮੈਗਜ਼ੀਨ ਅਤੇ ਧਾਰਮਿਕ ਸਾਹਿਤ, ਵੱਡੇ ਪੱਧਰ 'ਤੇ ਛਾਪ ਕੇ ਵੰਡਿਆ ਜਾ ਰਿਹਾ ਹੈ। ਪ੍ਰਚਾਰਕਾਂ, ਢਾਡੀਆਂ, ਕਵੀਸ਼ਰਾਂ ਵੱਲੋਂ ਸਟੇਜਾਂ ਤੋਂ ਪੂਰੇ ਜ਼ੋਰਾਂ-ਸ਼ੋਰਾਂ ਨਾਲ ਸਿਖੀ ਨੂੰ ਸੰਸਾਰ ਦਾ ਸਰਵੋਤਮ ਧਰਮ ਪ੍ਰਚਾਰਿਆ ਜਾ ਰਿਹਾ ਹੈ। ਪਰ ਇਸ ਦੇ ਬਾਵਜੂਦ ਇਹ 'ਪ੍ਰਚਾਰ' ਵੀ ਪੜ੍ਹਨ-ਸੁਣਨ ਵਿਚ ਆ ਰਿਹਾ ਹੈ ਕਿ 'ਪ੍ਰਚਾਰ ਦਾ ਅਸਰ ਨਹੀਂ ਹੋ ਰਿਹਾ।' 'ਲੋਕ ਪ੍ਰਚਾਰ ਦਾ ਅਸਰ ਕਬੂਲਦੇ ਹੀ ਨਹੀਂ।' ਇਸ ਸੰਬੰਧੀ ਨਿੱਠ ਕੇ ਸਵੈ-ਪੜਚੋਲ ਕਰਨ ਦੀ ਲੋੜ ਹੈ ਕਿ ਆਖਿਰ ਕਮੀ-ਕਮਜ਼ੋਰੀ ਕਿੱਥੇ ਹੈ? ਸਭ ਤੋਂ ਵੱਡੀ ਕਮਜ਼ੋਰੀ ਤਾਂ ਸਾਡਾ ਆਪਣਾ, ਸਾਡੇ ਧਾਰਮਿਕ ਤੇ ਸਿਆਸੀ ਆਗੂਆਂ, ਪ੍ਰਚਾਰਕਾਂ ਤੇ ਪੁਜਾਰੀਆਂ ਦਾ ਗੁਰਮਤਿ-ਵਿਹੂਣਾ, ਗ਼ੈਰ-ਇਖ਼ਲਾਕੀ ਕਿਰਦਾਰ ਹੈ, ਜਿਸ ਬਾਰੇ ਸਿਖ ਸੰਗਤਾਂ ਵਿਚ ਅੱਜ ਹਰ ਥਾਂ, ਖੁੱਲ੍ਹੇਆਮ ਚਰਚਾ ਹੋ ਰਹੀ ਹੈ। ਸ਼੍ਰੋਮਣੀ ਕਮੇਟੀ ਦੇ ਮੈਂਬਰ ਸੁੱਚਾ ਸਿੰਘ ਲੰਗਾਹ ਦੀ ਅਸ਼ਲੀਲ ਸੀਡੀ ਇਸ ਦੀ ਪ੍ਰਮੁਖ ਉਦਾਹਰਣ ਹੈ। ਇਸੇ ਕਾਰਣ ਸਿਖ ਪੰਥ ਦੀ ਬਦਨਾਮੀ ਵੀ ਹੋਈ ਹੈ।

ਯਾਦ ਰਹੇ ਕਿ ਗੁਰੂ ਨਾਨਕ ਸਾਹਿਬ ਨੇ ਗੁਰਮਤਿ ਵਿਚਾਰਧਾਰਾ ਦੀ ਸ਼ੁਰੂਆਤ, ਲੋਕਾਈ ਨੂੰ ਦਰਪੇਸ਼ ਸਮੱਸਿਆਵਾਂ, ਬੁਰਾਈਆਂ, ਕੁਰੀਤੀਆਂ ਦੇ ਮੱਕੜਜਾਲ ਵਿੱਚੋਂ ਕੱਢ ਕੇ, 'ਸੱਚ' ਦੇ ਰੂਹਾਨੀ-ਮਾਰਗ 'ਤੇ ਤੋਰਨ ਲਈ ਹੀ ਤਾਂ ਕੀਤੀ ਸੀ। ਪਾਣੀ ਦੀ ਘਾਟ ਨੂੰ ਪੂਰਿਆਂ ਕਰਨ ਲਈ ਥਾਂ-ਥਾਂ ਸਰੋਵਰ, ਬਾਉਲੀਆਂ, ਖੂਹ ਲਵਾਉਣੇ, ਨਵੇਂ ਨਗਰ ਵਸਾਉਣੇ, ਲੋਕਾਂ ਨੂੰ ਕਿਰਤ ਕਰਨ ਲਈ ਉਤਸ਼ਾਹਿਤ ਕਰਨਾ, ਵਹਿਮਾਂ-ਭਰਮਾਂ ਤੇ ਪਾਖੰਡ- ਕਰਮਾਂ ਵਿਚੋਂ ਕੱਢਣਾ, ਰੋਗੀਆਂ ਲਈ ਦਵਾਖਾਨੇ ਖੋਲ੍ਹਣੇ, ਕਾਲ ਪੈਣ 'ਤੇ ਬਾਦਸ਼ਾਹ ਤਕ ਪਹੁੰਚ ਕਰਕੇ ਉਸ ਨੂੰ ਕਿਸਾਨਾਂ ਦਾ ਮਾਲੀਆ ਮੁਆਫ ਕਰਨ ਲਈ ਮੰਨਵਾਉਣਾ, ਲੋਕਾਂ ਦਾ ਸ਼ੋਸ਼ਣ ਕਰਨ ਵਾਲੇ ਨਿਰਦਈ ਹਾਕਮਾਂ ਤੇ ਅਹਿਲਕਾਰਾਂ ਖ਼ਿਲਾਫ਼ 'ਰਾਜੇ ਸੀਹ ਮੁਕਦਮ ਕੁਤੇ' ਦੀ ਹੱਕੀ ਆਵਾਜ਼ ਬੁਲੰਦ ਕਰਨਾ ਅਤੇ ਲੋੜ ਪੈਣ 'ਤੇ ਜਾਬਰਾਂ ਨਾਲ ਹਥਿਆਰਬੰਦ ਹੋ ਕੇ ਜੂਝਣ ਦੇ ਅਨੇਕਾਂ ਪ੍ਰਮਾਣ, ਲੋਕਾਈ ਨੂੰ ਸਮੱਸਿਆਵਾਂ ਦੇ ਚੱਕਰਵਿਊ ਵਿੱਚੋਂ ਕੱਢ ਕੇ ਗੁਰਮਤਿ ਰਾਹ ਵੱਲ ਤੋਰਨਾ ਸਿਖੀ ਦੇ ਮਜ਼ਬੂਤ ਮਹੱਲ ਉਸਾਰਨ ਵੱਲ ਯਤਨ ਸਨ। ਲੋੜ ਇਸ ਗੱਲ ਦੀ ਹੈ ਕਿ ਸਾਨੂੰ ਗੁਰੂ-ਮਿਸ਼ਨ ਦੀ ਅਸਲ ਵਿਆਖਿਆ ਦਾ ਸਹਾਰਾ ਲੈਣ ਦੇ ਨਾਲ-ਨਾਲ, ਅਜੋਕੀਆਂ ਲੋਕ-ਸਮੱਸਿਆਵਾਂ ਦੀ ਡੂੰਘੀ ਛਾਣਬੀਣ ਵੀ ਕਰਨੀ ਪਵੇਗੀ। ਅਨਪੜ੍ਹਤਾ, ਗ਼ਰੀਬੀ, ਬੇਰੁਜ਼ਗਾਰੀ, ਬਿਮਾਰੀ, ਭ੍ਰਿਸ਼ਟਾਚਾਰ, ਨਾ-ਬਰਾਬਰੀ, ਸ਼ੋਸ਼ਣ, ਜਿਹੀਆਂ ਬੇਸ਼ੁਮਾਰ ਸਮੱਸਿਆਵਾਂ ਤੋਂ ਛੁਟਕਾਰਾ ਪਾਉਣ ਲਈ ਸਿਖ ਪੰਥ ਦਾ ਗਿਆਨਵਾਨ ਹੋਣਾ ਲਾਜ਼ਮੀ ਹੈ, ਕਿਉਂਕਿ ਅਗਿਆਨਤਾ ਹੀ ਸਾਰੀਆਂ ਸਮੱਸਿਆਵਾਂ ਦੀ ਜੜ੍ਹ ਹੈ। ਜੇਕਰ ਅਸੀਂ ਸਿਖ ਕੌਮ ਨੇ ਵਿਕਾਸ ਦੇ ਰਾਹੇ ਪੈਣਾ ਹੈ ਤਾਂ ਸਾਨੂੰ ਗਿਆਨ ਦੇ ਸਾਧਨਾਂ ਅਤੇ ਮਾਧਿਅਮਾਂ ਜਿਵੇਂ ਵਿਦਿਅਕ ਤੇ ਸਿਖਲਾਈ ਸੰਸਥਾਵਾਂ, ਟੀ.ਵੀ., ਰੇਡੀਓ, ਇੰਟਰਨੈਟ, ਅਖ਼ਬਾਰਾਂ, ਰਸਾਲੇ, ਪੁਸਤਕਾਂ, ਲਾਇਬ੍ਰੇਰੀਆਂ ਦੀ ਵਰਤੋਂ ਲੋਕਾਂ ਨੂੰ ਸਹੀ ਗਿਆਨ, ਸਹੀ ਅਗਵਾਈ ਤੇ ਸਹੀ ਸਿਖਲਾਈ ਦੇਣ ਲਈ ਕਰਨੀ ਪਵੇਗੀ।

'ਸੱਚ-ਆਚਾਰ', ਇਖ਼ਲਾਕੀ-ਗਿਰਾਵਟ (ਪਤਿਤਪੁਣੇ) ਜਾਂ ਭ੍ਰਿਸ਼ਟਾਚਾਰ ਦਾ ਕਾਰਗਰ ਇਲਾਜ ਹੈ। ਅਜਿਹੇ ਕਿਰਦਾਰ ਵਿਚੋਂ ਹੀ ਯੋਗ ਲੀਡਰਸ਼ਿਪ ਉੱਭਰ ਸਕਦੀ ਹੈ। ਇਸ ਲਈ ਸਾਨੂੰ ਯਤਨ ਕਰਨ ਲਈ ਸਰਗਰਮ ਹੋਣਾ ਪਵੇਗਾ। ਭਾਵੇਂ ਗੁਰਮਤਿ ਵਿਚਾਰਧਾਰਾ ਹਰ ਪੱਧਰ 'ਤੇ 'ਨਿਆਂ' ਦੀ ਸਥਾਪਤੀ ਨੂੰ ਯਕੀਨੀ ਬਣਾਉਣ ਲਈ 'ਸਰਬਤ ਦੇ ਭਲੇ', 'ਵੰਡ ਛਕਣ' ਅਤੇ 'ਏਕੁ ਪਿਤਾ ਏਕਸ ਕੇ ਹਮ ਬਾਰਿਕ' ਜਿਹੇ ਸੰਦੇਸ਼ ਦਿੰਦੀ ਹੈ। ਸਿਖ ਇਤਿਹਾਸ ਵਿਚ ਸ਼ਹੀਦੀਆਂ ਪਾਉਣ, ਜ਼ੁਲਮੋ-ਤਸ਼ੱਦਦ ਸਹਿਣ ਕਰਨ ਅਤੇ ਹਥਿਆਰਬੰਦ ਸੰਘਰਸ਼ ਦੇ ਜੋ ਸਾਕੇ ਦਰਜ ਹਨ, ਉਹ ਸਭ ਜਬਰ-ਜ਼ੁਲਮ ਤੇ ਅਨਿਆਂ ਵਿਰੁਧ ਜਦੋ-ਜਹਿਦ ਦੀ ਕਹਾਣੀ ਪੇਸ਼ ਕਰਦੇ ਹਨ। ਅਜੋਕੇ ਸਮੇਂ ਕਈ ਰੂਪਾਂ ਵਿਚ ਹੋ ਰਹੀ ਬੇਇਨਸਾਫ਼ੀ ਨਾ-ਬਰਾਬਰੀ, ਧੱਕੇਸ਼ਾਹੀ, ਅਦਾਲਤੀ ਫ਼ੈਸਲਿਆਂ ਵਿਚ ਦੇਰੀ ਤੇ ਸਿਆਸੀ ਦਖ਼ਲਅੰਦਾਜ਼ੀ ਬਾਰੇ 'ਨਿਆਂ' ਦੇ ਝੰਡਾ-ਬਰਦਾਰ ਸਿਖਾਂ ਨੂੰ ਸੋਚ-ਵਿਚਾਰ ਕਰਨੀ ਬਣਦੀ ਹੈ। ਹਰ ਤਰ੍ਹਾਂ ਦੇ ਜਬਰ-ਜ਼ੁਲਮ, ਸ਼ੋਸ਼ਣ, ਵੰਡ-ਵਿਤਕਰਿਆਂ ਲਈ ਜ਼ਿੰਮੇਵਾਰ ਭ੍ਰਿਸ਼ਟ-ਨਿਜ਼ਾਮ ਵਿਰੁਧ ਆਵਾਜ਼ ਬੁਲੰਦ ਕਰਨਾ, ਇਕ ਬਹੁਤ ਵੱਡਾ ਧਰਮ-ਕਰਮ ਹੈ। ਲੋੜ ਸਿਰਫ਼ ਆਪਣੇ ਮਨਾਂ ਅੰਦਰ ਇਸ ਅਹਿਸਾਸ ਨੂੰ ਜਗਾਉਣ ਅਤੇ ਪ੍ਰਚੰਡ ਕਰਨ ਦੀ ਹੈ ਕਿ ਲੋਕਾਂ ਦੀ ਹਰ ਸਮਸਿਆ ਨੂੰ ਸੁਲਝਾਉਣ ਤੋਂ ਵੱਡਾ ਧਰਮ-ਕਰਮ ਜਾਂ ਸੇਵਾ-ਕਾਰਜ ਹੋਰ ਕੋਈ ਨਹੀਂ। ਇਸ ਲਈ ਸਿਖ ਕੌਮ ਦੇ ਪ੍ਰਚਾਰਕਾਂ ਨੂੰ ਲੋਕਾਂ ਦੀ ਇਕੱਲੀ-ਇਕੱਲੀ ਸਮੱਸਿਆ ਦੀ ਛਾਣਬੀਣ ਕਰਨੀ ਚਾਹੀਦੀ ਹੈ ਤੇ ਉਸ ਦਾ ਢੁੱਕਵਾਂ ਹਲ ਤਲਾਸ਼ਣ ਲਈ ਲੋਕਾਂ ਦੀ ਮਦਦ ਕਰਨੀ ਚਾਹੀਦੀ ਹੈ, ਤਾਂ ਜੋ ਉਨ੍ਹਾਂ ਨੂੰ ਗੁਰਮਤਿ ਦੀ ਖੁਸ਼ਬੂ, ਸਾਡੇ ਅਮਲਾਂ ਵਿਚੋਂ ਆਵੇ। ਸਾਨੂੰ ਮਲਿਕ ਭਾਗੋਆਂ ਦੀ ਲੀਡਰਸ਼ਿਪ ਨੂੰ ਰੱਦ ਕਰਨਾ ਪਵੇਗਾ ਤੇ ਗੁਰਮਤਿ ਮਾਰਗ 'ਤੇ ਚਲਦਿਆਂ ਭਾਈ ਲਾਲੋਆਂ ਦੀ ਲੀਡਰਸ਼ਿਪ ਉਸਾਰਨੀ ਪਵੇਗੀ ਜੋ ਪੰਥ ਨਾਲ ਦਗ਼ਾ ਨਾ ਕਰ ਸਕੇ ਤੇ ਸਿਖੀ ਨੂੰ ਵਿਕਾਸ ਵਲ ਤੋਰ ਸਕੇ। ਇਸ ਲਈ ਸਿਖ ਚੈਨਲ ਦੀ ਹੋਂਦ ਸਿਖੀ ਪ੍ਰਚਾਰ ਲਈ ਬਹੁਤ ਜ਼ਰੂਰੀ ਹੈ। ਇਸ ਤੋਂ ਇਲਾਵਾ ਵਧੀਆ ਹਸਪਤਾਲ, ਇੰਜੀਨੀਅਰਿੰਗ ਕਾਲਜ, ਆਈ. ਏ. ਐੱਸ., ਪੀ. ਸੀ. ਐੱਸ. ਲਈ ਟਰੇਨਿੰਗ ਸੈਂਟਰ, ਮੈਡੀਕਲ ਕਾਲਜ ਅਤੇ ਦਸਤਕਾਰੀ ਸਕੂਲ ਖੋਲ੍ਹੇ ਜਾਣੇ ਚਾਹੀਦੇ ਹਨ, ਜੋ ਕਿ ਗ਼ਰੀਬਾਂ ਤੇ ਕਿਰਤੀਆਂ ਦਾ ਜੀਵਨ ਪੱਧਰ ਉੱਚਾ ਚੁੱਕ ਸਕਣ ਅਤੇ ਸਿਖੀ ਦੀ ਸ਼ਾਨ ਵੀ ਵਧਾ ਸਕਣ। ਸਿਖ ਵਿਦਿਅਕ ਸੰਸਥਾਵਾਂ ਨੂੰ ਕਾਲਜਾਂ ਤੇ ਸਕੂਲਾਂ ਨੂੰ ਧਰਮ ਪ੍ਰਚਾਰ ਦੇ ਨਿਸ਼ਾਨੇ ਅਤੇ ਸਾਮਾਜਿਕ ਅਥਵਾ ਸਰਬਤ ਦੀ ਭਲਾਈ ਦੇ ਮੰਤਵ ਲਈ ਕੇਂਦਰਿਤ ਕਰਨਾ ਜ਼ਰੂਰੀ ਹੈ ਤਾਂ ਜੋ ਗ਼ਰੀਬ ਤੋਂ ਗ਼ਰੀਬ ਵਿਅਕਤੀ ਵਿਦਿਆ ਗ੍ਰਹਿਣ ਕਰਕੇ ਉੱਚਤਮ ਕਦਰਾਂ-ਕੀਮਤਾਂ ਦਾ ਮਾਲਕ ਬਣ ਸਕੇ।

ਗੁਰਦੁਆਰਾ ਫੰਡਾਂ ਦੀ ਠੀਕ ਵਰਤੋਂ ਕਰ ਕੇ ਸਿਖ ਸਾਹਿਤ ਨੂੰ ਆਲੇ-ਦੁਆਲੇ ਦੇ ਲੋਕਾਂ ਤਕ (ਖ਼ਾਸ ਤੌਰ 'ਤੇ ਨਵੀਂ ਪੀੜ੍ਹੀ ਤਕ) ਪਹੁੰਚਾਉਣਾ ਸਮੇਂ ਦੀ ਸਭ ਤੋਂ ਅਹਿਮ ਲੋੜ ਬਣ ਗਈ ਹੈ। ਸਾਹਿਤ ਵੀ ਅਜਿਹਾ ਹੋਣਾ ਚਾਹੀਦਾ ਹੈ ਜੋ ਕੇਵਲ ਬਜ਼ੁਰਗਾਂ ਦੇ ਕੰਮ ਆਉਣ ਵਾਲਾ ਨਾ ਹੋਵੇ, ਸਗੋਂ ਨਵੀਂ ਪਨੀਰੀ ਨੂੰ ਆਕਰਸ਼ਿਤ ਕਰਨ ਵਾਲਾ ਹੋਵੇ। ਦਿਲਚਸਪ ਭਾਸ਼ਾ ਸ਼ੈਲੀ, ਰੰਗੀਨ ਤਸਵੀਰਾਂ, ਛੇਤੀ ਸਮਝ ਆ ਸਕਣ ਵਾਲੀਆਂ ਗੱਲਾਂ ਅਤੇ ਵਿਗਿਆਨਕ ਪਹੁੰਚ-ਇਹ ਇਸ ਸਾਹਿਤ ਦੀ ਵਿਸ਼ੇਸ਼ਤਾ ਹੋਣੀ ਚਾਹੀਦੀ ਹੈ। ਅਜਿਹਾ ਸਾਹਿਤ ਵੰਡਣ ਲਈ ਵੀ ਕਾਲਜਾਂ, ਸਕੂਲਾਂ ਦੇ ਬਚਿਆਂ ਨੂੰ ਅੱਗੇ ਲਾਉਣਾ ਚਾਹੀਦਾ ਹੈ ਤੇ ਉਨ੍ਹਾਂ ਨੂੰ ਇਨਾਮ ਦੇ ਕੇ ਉਤਸ਼ਾਹਿਤ ਕੀਤਾ ਜਾਵੇ ਤੇ ਸਿਖੀ ਦੇ ਮਾਰਗ ਵਲ ਤੋਰਿਆ ਜਾਵੇ। ਗੁਰਮਤਿ ਸਾਹਿਤ ਅਕੈਡਮੀ ਬਣਾ ਕੇ ਸਾਹਿਤ ਗੁਰਦੁਆਰਿਆਂ ਤੇ ਪੰਥਕ ਸੰਸਥਾਵਾਂ ਨੂੰ ਸਪਲਾਈ ਕੀਤਾ ਜਾਣਾ ਚਾਹੀਦਾ ਹੈ। ਗੁਰਦੁਆਰਾ ਫੰਡਾਂ ਦੀ ਚੋਖੀ ਰਕਮ ਇਸ ਮਕਸਦ ਲਈ ਰਾਖਵੀਂ ਰੱਖੀ ਜਾਵੇ, ਇਸ ਨੂੰ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ। ਇਸ ਨਾਲ ਮਿਸ਼ਨਰੀ ਸਪਿਰਿਟ ਵਾਲੇ ਸਿਖ ਨੌਜਵਾਨ ਵਰਗ ਦਾ ਇਕ ਵੱਡਾ ਜਥਾ ਹਰ ਥਾਂ ਤਿਆਰ ਕੀਤਾ ਜਾਵੇ ਤਾਂ ਜੋ ਸਿਖ ਸਮਾਜ ਵਿਚੋਂ ਵਹਿਮਾਂ-ਭਰਮਾਂ, ਪਖੰਡਾਂ ਦਾ ਹਨੇਰਾ ਦੂਰ ਕੀਤਾ ਜਾ ਸਕੇ। ਅੱਜ ਲੋੜ ਹੈ ਕਿ ਅਸੀਂ ਵਾਧੂ ਕਰਮ-ਕਾਂਡਾਂ, ਭਰਮਾਂ ਜਾਂ ਅੰਧ ਵਿਸ਼ਵਾਸਾਂ ਨੂੰ ਦੂਰ ਕਰਕੇ ਸਿਖ ਧਰਮ ਦੀਆਂ ਕੀਮਤਾਂ ਨਵੇਂ ਢੰਗ ਨਾਲ ਪੇਸ਼ ਕਰੀਏ। ਸਿਖ ਜਾਗਰਿਤੀ ਲਹਿਰ ਦੀ ਉੱਭਰ ਰਹੀ ਚੇਤਨਾ ਹੇਠਾਂ ਸਿਖ ਸਮਾਜ ਦੀਆਂ ਉਪਰੋਕਤ ਸਮੱਸਿਆਵਾਂ ਨਾਲ ਜੂਝਣ ਦਾ ਮੌਕਾ ਸਿਖ ਕੌਮ ਨੂੰ ਤਾਂ ਹੀ ਪ੍ਰਾਪਤ ਹੋ ਸਕਦਾ ਹੈ, ਜੇਕਰ ਸਾਰੇ ਵਿਦਵਾਨ ਅਤੇ ਸਮੁਚੀਆਂ ਪੰਥਕ ਜਥੇਬੰਦੀਆਂ ਸਮਕਾਲੀ ਸਾਮਾਜਿਕ ਅਤੇ ਸਭਿਆਚਾਰਕ ਸਥਿਤੀ ਨੂੰ ਸਮਝ ਕੇ ਉਨ੍ਹਾਂ ਦੇ ਹਾਣੀ ਬਣਨ ਦੀ ਯੋਗਤਾ ਰੱਖਣ। ਇਸ ਤੋਂ ਇਲਾਵਾ ਸਿਖ ਸਮਾਜ ਨੂੰ ਵਿਆਹਾਂ ਵਿਚ ਕੀਤੇ ਜਾ ਰਹੇ ਫਜ਼ੂਲ ਖ਼ਰਚਿਆਂ, ਦਾਜ ਲੈਣ ਜਾਂ ਦੇਣ ਅਤੇ ਹਰੇਕ ਤਰ੍ਹਾਂ ਦੇ ਨਸ਼ਿਆਂ ਤੋਂ ਕਿਨਾਰਾ ਕਰਕੇ ਗੁਰਮਤਿ ਅਨੁਸਾਰੀ ਸਮਾਜ ਸਿਰਜਣ ਵੱਲ ਸਰਗਰਮ ਹੋਣਾ ਚਾਹੀਦਾ ਹੈ।

# ਖਾਲਸਾ ਕੇਅਰ ਫਾਉਂਡੇਸ਼ਨ ਵਿਖੇ ਕੀਤਰਨ ਦਰਬਾਰ 'ਚ ਬੱਚਿਆਂ ਨੇ ਸੰਗਤਾਂ ਨੂੰ ਕੀਤਾ ਨਿਹਾਲ

**ਲਾਸ ਏਂਜਲਸ/ਬਿਊਰੋ ਨਿਊਜ਼:** ਮਾਨਵਤਾ ਦੀ ਸੇਵਾ ਨੂੰ ਸਮਰਪਿਤ ਖਾਲਸਾ ਕੇਅਰ ਫਾਉਂਡੇਸ਼ਨ ਪੈਕੋਇਮਾ ਵਲੋਂ ਕਰਵਾਏ ਕੀਰਤਨ ਦਰਬਾਰ ਦਾ ਸੰਗਤਾਂ ਨੇ ਖੂਬ ਆਨੰਦ ਮਾਣਿਆ। ਕੌਰ ਅਤੇ ਸਿੰਘ ਅਕਾਡਮੀ, ਖਾਲਸਾ ਕੇਅਰ ਫਾਉਂਡੇਸ਼ਨ ਅਤੇ ਨਾਨਕ ਸਦਨ ਗੁਰਦੁਆਰਾ ਸਾਹਿਬ ਵਲੋਂ 17 ਫਰਵਰੀ ਨੂੰ ਕਰਵਾਏ ਕੀਰਤਨ ਦਰਬਾਰ 'ਚ ਛੋਟੇ ਬੱਚਿਆਂ ਵਲੋਂ ਦਿਲਰੁਬਾ, ਤਾਊਸ, ਤਬਲਾ ਤੇ ਹੋਰਨਾਂ ਸਾਜ਼ਾਂ ਸਮੇਤ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਇਸ ਕਾਰਜ ਭਵਿੱਖ ਵਿੱਚ ਉਨ੍ਹਾਂ ਦੇ ਸਮਰੱਥ ਕੀਰਤਨੀਏ ਬਣਨ ਦਾ ਝਲਕਾਰਾ ਪਾਉਂਦਾ ਸੀ। ਦਸਤਾਰਾਂ ਤੇ ਚੁੰਨੀਆਂ ਪਹਿਨੀ ਇਹ ਬੱਚੇ ਸਭ ਦੀ ਖਿੱਚ ਦਾ ਕੇਂਦਰ ਸਨ।

ਕੌਰ ਅਤੇ ਸਿੰਘ ਅਕਾਡਮੀ ਦੇ ਬੱਚਿਆਂ ਮਸ਼ੀਰ ਸਿੰਘ, ਤੇ ਮੁੱਖੰਤਰ ਸਿੰਘ ਨੇ ਗੁਰਬਾਣੀ ਤੇ ਸਾਜ਼ਾਂ ਦੀ ਮੁਹਾਰਤ ਰਾਹੀਂ ਸੰਗਤਾਂ ਨੂੰ ਮੰਤਰ ਮੁਗਧ ਕੀਤਾ। ਵੈਸੇ ਸਾਰੇ ਹੀ ਬੱਚਿਆਂ ਨੇ ਅਪਣੀ ਅਪਣੀ ਪਛਾਣ ਬਣਾਈ।

ਇਸ ਕੀਰਤਨ ਦਰਬਾਰ ਲਈ ਫਾਉਂਡੇਸ਼ਨ ਦੇ ਪ੍ਰਬੰਧਕਾਂ ਨੇ ਉਤਸ਼ਾਹ ਅਤੇ ਸਰਗਰਮੀ ਨਾਲ ਸਾਰੇ ਪ੍ਰਬੰਧ ਕੀਤੇ ਹੋਏ ਸਨ। ਖਾਲਸਾ ਕੇਅਰ ਫਾਉਂਡੇਸ਼ਨ ਪੈਕੋਇਮਾ ਦੇ ਉੱਦਮ ਦੀ ਇੱਥੇ ਪੁੱਜੇ ਪਤਵੰਤਿਆਂ ਤੇ ਸੰਗਤ ਨੇ ਸ਼ਲਾਘਾ ਕੀਤੀ।



ਮਾਨਵਤਾ ਦੀ ਸੇਵਾ ਨੂੰ ਸਮਰਪਿਤ ਖਾਲਸਾ ਕੇਅਰ ਫਾਉਂਡੇਸ਼ਨ ਪੈਕੋਇਮਾ ਵਲੋਂ ਕਰਵਾਏ ਕੀਰਤਨ ਦਰਬਾਰ ਵਿਚ ਕੀਰਤਨ ਕਰਦੇ ਹੋਏ ਬੱਚੇ।

# ਇਰਾਨੀ ਜਹਾਜ਼ ਨੂੰ ਹਾਦਸੇ 'ਚ 66 ਮੌਤਾਂ

**ਤਹਿਰਾਨ/ਬਿਊਰੋ ਨਿਊਜ਼:**

ਇਰਾਨ ਦਾ ਇਕ ਹਵਾਈ ਜਹਾਜ਼ ਜ਼ਗਰੌਸ ਪਹਾੜੀਆਂ 'ਤੇ ਡਿੱਗ ਕੇ ਤਬਾਹ ਹੋ ਗਿਆ ਜਿਸ ਵਿੱਚ ਸਵਾਰ ਸਾਰੇ 66 ਮੁਸਾਫ਼ਰ ਮਾਰੇ ਗਏ ਹਨ। ਏਅਰਲਾਈਨ ਦੇ ਲੋਕ ਸੰਪਰਕ ਅਧਿਕਾਰੀ ਮੁਹੰਮਦ ਤਬਤਾਬਾਈ ਨੇ ਦੱਸਿਆ ਕਿ ਐਤਵਾਰ ਸਵੇਰੇ 8:00 ਵਜੇ ਆਸਮਾਨ ਏਅਰਲਾਈਨਜ਼ ਦੀ ਉਡਾਣ ਤਹਿਰਾਨ ਦੇ ਮੇਹਰਾਬਾਦ ਹਵਾਈ ਅੱਡੇ ਤੋਂ ਉਡੀ ਸੀ ਜੋ ਇਸਫਾਹਨ ਪ੍ਰਾਂਤ ਦੇ ਯਾਸੁਜ ਸ਼ਹਿਰ ਵੱਲ ਜਾ ਰਹੀ ਸੀ। ਉਨ੍ਹਾਂ ਸਰਕਾਰੀ ਟੀਵੀ ਆਈਆਰਆਈਬੀ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਦੇਨਾ ਤੋਂ ਲਗਪਗ 25 ਕੁ ਕਿਲੋਮੀਟਰ ਦੂਰ ਜਹਾਜ਼ ਜਗਰੌਸ ਰੇਂਜ ਦੇ ਦੇਨਾ ਖੇਤਰ ਵਿੱਚ ਡਿਗ ਕੇ ਤਬਾਹ ਹੋ ਗਿਆ। ਸ਼੍ਰੀ ਤਬਤਾਬਾਈ ਨੇ ਦੱਸਿਆ " ਇਲਾਕੇ ਵਿੱਚ ਭਾਲ ਤੋਂ ਬਾਅਦ ਸਾਨੂੰ ਪਤਾ ਚੱਲਿਆ ਕਿ ਜਹਾਜ਼ ਹਾਦਸੇ ਦਾ ਸ਼ਿਕਾਰ ਹੋ ਗਿਆ। ਮੰਦੇ ਭਾਗੀਂ ਇਸ ਘਟਨਾ ਵਿੱਚ ਸਾਡੇ ਸਾਰੇ ਅਜ਼ੀਜ਼ ਹਲਾਕ ਹੋ ਗਏ ਹਨ। ਜਹਾਜ਼ ਵਿੱਚ ਇਕ ਬੱਚੇ ਸਣੇ 60 ਮੁਸਾਫ਼ਰ ਤੇ

ਬਾਕੀ ਸਫ਼ਾ 28 'ਤੇ

## Classified

### ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਧਿਆਨ ਹਿੱਤ

ਅੰਤਰਰਾਸ਼ਟਰੀ ਵਿਦਿਆਰਥੀਆਂ ਵਾਸਤੇ ਆਨ ਲਾਈਨ NCLEX ਕਲਾਸਾਂ

ਪੰਜਾਬੀ ਜਾਂ ਅੰਗਰੇਜੀ ਕਿਸੇ ਵੀ ਭਾਸ਼ਾ ਵਿਚ ਕਲਾਸਾਂ ਲਓ

ਸਮੇਂ ਦੀ ਕੋਈ ਪਾਬੰਦੀ ਨਹੀਂ, ਕਿਸੇ ਵੀ ਦਿਨ, ਕਿਸੇ ਵੀ ਟਾਈਮ

ਹੋਰ ਜਾਣਕਾਰੀ ਲਈ ਸੰਪਰਕ ਕਰੋ :

ਈਮੇਲ: successonnclex@gmail.com

ਜਾਂ ਕਾਲ ਕਰੋ:

612-849-5258

### ATTENTION

International Students

Online NCLEX Classes for International Students

Available in English & Punjabi

Flexible Days and Time

For more information

Email: successonnclex@gmail.com

Call: 612-849-5258

For Classified Contact

510.240.5949


## ਕਿਰਪਾ ਹੋਈ... ਅਸੀਂ ਨਿਮਰ ਹੋਏ...

ਭਾਰਤ ਦੇ ਲਗਭਗ ਇੱਕ ਹਫ਼ਤੇ ਦੇ ਦੌਰੇ ਉੱਤੇ ਪੁੱਜੇ ਜਸਟਿਨ ਟਰੂਡੋ ਦੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਣ ਲਈ ਪਵਿੱਤਰ ਨਗਰੀ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਪੁੱਜਣ ਦੇ ਪ੍ਰੋਗਰਾਮ ਦੇ ਮੱਦੇਨਜ਼ਰ ਪੰਜਾਬ ਸਰਕਾਰ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸ਼ਾਨਦਾਰ ਸਵਾਗਤ ਦੇ ਪ੍ਰਬੰਧ ਕੀਤੇ ਗਏ ਸਨ। ਆਮ ਲੋਕਾਂ ਤੇ ਸੰਗਤਾਂ ਵਿੱਚ ਇਸ ਸਬੰਧੀ ਭਾਰੀ ਉਤਸੁਕਤਾ ਤੇ ਉਤਸ਼ਾਹ ਪਾਇਆ ਜਾ ਰਿਹਾ ਸੀ।

ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕਣ ਤੋਂ ਬਾਅਦ ਸੂਚਨਾ ਕੇਂਦਰ ਪੁੱਜੇ ਜਸਟਿਨ ਟਰੂਡੋ ਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ, ਅਕਾਲੀ ਦਲ (ਬਾਦਲ) ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੇ ਡਾ. ਰੂਪ ਸਿੰਘ ਵਲੋਂ ਟਰੂਡੋ ਪਰਿਵਾਰ ਨੂੰ ਕੀਤਾ ਗਿਆ ਸਨਮਾਨਿਤ। ਜਸਟਿਨ ਟਰੂਡੋ ਦੇ ਸਵਾਗਤ ਲਈ ਲਾਲ ਗਲੀਚਾ ਵਿਛਾਇਆ ਹੋਇਆ ਸੀ।

ਦਰਬਾਰ ਸਾਹਿਬ ਕੰਪਲੈਕਸ ਦੇ ਬਾਹਰ ਪੰਜਾਬ ਦੇ ਸਾਬਕਾ ਉੱਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਤੇ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਗੁਲਦਸਤੇ ਭੇਂਟ ਕਰਕੇ ਜਸਟਿਨ ਟਰੂਡੋ ਦਾ ਸਵਾਗਤ ਕੀਤਾ ।

ਜਦੋਂ ਕਿ ਪੰਜਾਬ ਸਰਕਾਰ ਵਲੋਂ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਤੇ ਕੇਂਦਰ ਸਰਕਾਰ ਵਲੋਂ ਹਰਦੀਪ ਪੁਰੀ ਨੇ ਟਰੂਡੋ ਦਾ ਹਵਾਈ ਅੱਡੇ 'ਤੇ ਸਵਾਗਤ ਕੀਤਾ ਗਿਆ ਸੀ।

ਕਨੇਡਾ ਦੇ ਪ੍ਰਧਾਨ ਮੰਤਰੀ ਦੀ ਸੁਰੱਖਿਆ ਦੇ ਮੱਦੇਨਜ਼ਰ ਹਰਮਿੰਦਰ ਸਾਹਿਬ ਪਰਿਕਰਮਾ ਦੇ ਅੰਦਰ-ਬਾਹਰ ਚਾਰ ਚੁਫੇਰੇ ਪੰਜਾਬ ਦੇ ਉੱਚ ਪੁਲੀਸ ਅਧਿਕਾਰੀਆਂ ਦੀ ਨਿਗਰਾਨੀ ਹੇਠ ਭਾਰੀ ਗਿਣਤੀ 'ਚ ਪੁਲੀਸ ਫੋਰਸ ਅਤੇ ਸ਼੍ਰੋਮਣੀ ਕਮੇਟੀ ਦੀ ਟਾਸਕ ਫੋਰਸ ਦੇ ਸੈਂਕੜੇ ਵਾਨਾਂ ਤੋਂ ਇਲਾਵਾ ਕਨੇਡੀਅਨ ਸੁਰੱਖਿਆ ਅਧਿਕਾਰੀ ਵੀ ਵੱਡੀ ਗਿਣਤੀ 'ਚ ਤਾਇਨਾਤ ਸਨ।

ਬਾਅਦ 'ਚ ਜਸਟਿਨ ਟਰੂਡੋ ਭਾਰਤ-ਪਾਕਿਸਤਾਨ ਦੀ ਵੰਡ ਸਬੰਧੀ ਬਣਿਆ ਮਿਊਜ਼ੀਅਮ ਵੇਖਣ ਗਏ। ਜਿੱਥੇ ਸ੍ਰੀ ਨਵਜੋਤ ਸਿੱਧੂ ਨੇ ਉਨ੍ਹਾਂ ਸਵਾਗਤ ਕਰਨ ਦੇ ਨਾਲ ਨਾਲ ਉਨ੍ਹਾਂ ਨੂੰ ਮਿਊਜ਼ੀਅਮ ਦਾ ਦੌਰਾ ਕਰਾਇਆ। ਇਸ ਮੌਕੇ ਅੰਮ੍ਰਿਤਸਰ ਤੋਂ ਲੋਕ ਸਭਾ ਮੈਂਬਰ ਗੁਰਜੀਤ ਸਿੰਘ ਔਜਲਾ ਵੀ ਉਨ੍ਹਾਂ ਨਾਲ ਸਨ।

## ਕੈਪਟਨ ਕਹਿੰਦਾ : 'ਮੈਂ ਕੱਟੜਵਾਦ ਦਾ ਮੁੱਦਾ ਉਠਾਇਆ'

ਨਿੱਜੀ ਦੌਰੇ ਮੌਕੇ ਕੈਪਟਨ ਦੇ ਅੜੀਅਲ ਰਵੱਈਏ ਕਾਰਨ ਕੁੜਿਤਣ ਹੋਰ ਵੱਧ ਗਈ ਸੀ।

ਵਰਨਣਯੋਗ ਹੈ ਕਿ ਪਹਿਲਾਂ ਸ੍ਰੀ ਟਰੂਡੋ ਦੇ ਪ੍ਰੋਗਰਾਮ ਵਿਚ ਮੁੱਖ ਮੰਤਰੀ ਨਾਲ ਮੁਲਾਕਾਤ ਦਾ ਜ਼ਿਕਰ ਤੱਕ ਨਹੀਂ ਸੀ, ਜਿਸ ਪਿੱਛੋਂ ਪੰਜਾਬ ਸਰਕਾਰ ਨੇ ਵਿਦੇਸ਼ ਮੰਤਰਾਲੇ ਨੂੰ ਪੱਤਰ ਲਿਖ ਕੇ ਮੀਟਿੰਗ ਲਈ ਜ਼ੋਰ ਦਿਤਾ ਸੀ।

ਸਿਰਫ਼ ਇਕ ਦਿਨ ਪਹਿਲਾਂ ਸੋਮਵਾਰ ਨੂੰ ਹੀ ਵਿਦੇਸ਼ ਮੰਤਰਾਲੇ ਦੇ ਵਧੀਕ ਪ੍ਰੋਟੋਕੋਲ ਅਧਿਕਾਰੀ ਨੇ ਮੁੱਖ ਮੁੰਤਰੀ ਪੰਜਾਬ ਦੇ ਦਫਤਰ ਨੂੰ ਭੇਜੇ ਸੁਨੇਹੇ ਵਿਚ ਮੁਲਾਕਾਤ ਦੀ ਪੁਸ਼ਟੀ ਕੀਤੀ। ਇਸ ਤੋਂ ਬਾਅਦ ਮੁੱਖ ਮੰਤਰੀ ਨੇ ਕੈਨੇਡਾ ਦੇ ਪ੍ਰਧਾਨ ਮੰਤਰੀ ਦੀ ਫੇਰੀ ਦਾ ਖੁਲ੍ਹ ਕੇ ਸਵਾਗਤ ਕੀਤਾ ਸੀ।

### ਜਸਟਿਨ ਟਰੂਡੋ ਦਿੱਲੀ ਰਵਾਨਾ

ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਆਪਣੀ ਅੰਮ੍ਰਿਤਸਰ ਫੇਰੀ ਤੋਂ ਬਾਅਦ ਨਵੀਂ ਦਿੱਲੀ ਲਈ ਰਵਾਨਾ ਹੋ ਗਏ ਜਿੱਥੇ ਉਹ ਅਪਣੇ ਦੌਰੇ ਦੇ ਅਗਲੇ ਪੜਾਅ ਵਜੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਮੇਤ ਹੋਰਨਾਂ ਅਧਿਕਾਰੀਆਂ ਨਾਲ ਮੁਲਕਾਤਾਂ ਦਾ ਸਿਲਸਿਲਾ ਜਾਰੀ ਰੱਖਣਗੇ।

## ਮੋਦੀ ਸਰਕਾਰ ਨੇ ਕਨੇਡਾ ਦੇ ਪ੍ਰਧਾਨ ਮੰਤਰੀ ਨੂੰ 'ਅਸਿੱਧੇ ਤੌਰ 'ਤੇ ਕੀਤਾ ਜ਼ਲੀਲ'

ਤਾਜ ਮਹਿਲ ਸਣੇ ਹੋਰਨਾਂ ਥਾਵਾਂ 'ਤੇ ਪਰਿਵਾਰ ਸਣੇ ਖਿੱਚੀਆਂ ਗਈਆਂ ਫੋਟੋਆਂ ਤਾਂ ਸਾਹਮਣੇ ਆਈਆਂ ਪਰ ਟਰੂਡੋ ਦੇ ਪਰਿਵਾਰਕ ਦੌਰੇ ਨੂੰ ਭਾਰਤ ਸਰਕਾਰ ਦੇ ਸੀਨੀਅਰ ਮੈਂਬਰਾਂ ਵੱਲੋਂ ਅਣਗੌਲਿਆਂ ਕਰ ਦਿੱਤਾ ਗਿਆ ਹੈ। ਜਦੋਂ ਟਰੂਡੋ ਦਿੱਲੀ ਹਵਾਈ ਅੱਡੇ 'ਤੇ ਪਹੁੰਚੇ ਤਾਂ ਉਨ੍ਹਾਂ ਦਾ ਸਵਾਗਤ ਕਰਨ ਲਈ ਏਅਰਪੋਰਟ 'ਤੇ ਭਾਰਤ ਵੱਲੋਂ ਕੈਨੇਡਾ ਵਿਚ ਭਾਰਤ ਦੇ ਅੰਬੈਡਸਰ ਅਤੇ ਕੇਂਦਰੀ ਖੇਤੀਬਾੜੀ ਅਤੇ ਕਿਸਾਨ ਵੈਲਫੇਅਰ ਰਾਜ ਮੰਤਰੀ ਗਜ਼ਿੰਦਰ ਸਿੰਘ ਸ਼ੇਖਾਵਤ ਹਾਜ਼ਰ ਸਨ ਪਰ ਕੋਈ ਵੱਡਾ ਨੇਤਾ ਮੌਜੂਦ ਨਹੀਂ ਸੀ। ਇਸ ਨੂੰ ਕੈਨੇਡਾ ਮੀਡੀਆ ਤੇ ਕੈਨੇਡਾ ਦੇ ਸਿੱਖ ਹਲਕਿਆਂ ਨੇ ਕੈਨੇਡਾ ਦੀ 'ਬੇਇੱਜ਼ਤੀ' ਕਰਾਰ ਦਿੱਤਾ।

## ਪੀਐਨਬੀ ਘੁਟਾਲਾ ਪੁੱਜਿਆ ਸੁਪਰੀਮ ਕੋਰਟ

ਨੀਰਵ ਮੋਦੀ ਦੇ ਇਕ ਸ਼ੋਅਰੂਮ 'ਚੋਂ 6 ਕਰੋੜ ਰੁਪਏ ਦੇ ਗਹਿਣੇ ਖਰੀਦਣ ਬਾਰੇ ਨੋਟਿਸ ਦਾ ਜਵਾਬ ਮੰਗਿਆ ਹੈ। ਵਿਭਾਗ ਨੇ ਮੰਗਲਵਾਰ ਨੂੰ ਮੁੰਬਈ, ਪੁਣੇ, ਸੂਰਤ, ਹੈਦਰਾਬਾਦ, ਬੰਗਲੌਰ ਅਤੇ ਕੁਝ ਹੋਰ ਸ਼ਹਿਰਾਂ ਵਿੱਚ ਮੇਹੁਲ ਚੌਕਸੀ ਦੀ ਫਰਮ ਗੀਤਾਂਜਲੀ ਜੈੱਮਜ਼ ਤੇ ਸਹਾਇਕ ਕੰਪਨੀਆਂ ਦੇ ਕਰੀਬ 20 ਟਿਕਾਣਿਆਂ 'ਤੇ ਛਾਪੇ ਮਾਰੇ ਹਨ। ਸੂਤਰਾਂ ਨੇ ਦੱਸਿਆ ਕਿ ਰਕਮਾਂ ਇਧਰ ਉਧਰ ਕਰਨ ਲਈ ਵਰਤੀਆਂ ਗਈਆਂ ਫਰਮਾਂ ਦਾ ਪਤਾ ਲਾਉਣ ਲਈ ਇਹ ਛਾਪੇ ਮਾਰੇ ਗਏ ਹਨ।

ਨੀਰਵ ਮੋਦੀ ਦੇ ਇਕ ਵਕੀਲ ਵਿਜੈ ਅਗਰਵਾਲ ਨੇ ਖ਼ਬਰ ਏਜੰਸੀ ਨਾਲ ਫੋਨ 'ਤੇ ਗੱਲਬਾਤ ਕਰਦਿਆਂ ਕਿਹਾ ਕਿ ਸੋਚਣ ਦੀ ਗੱਲ ਇਹ ਹੈ ਕਿ ਉਸ ਦੇ ਮੁਵੱਕਿਲ ਨੂੰ 5000 ਕਰੋੜ ਰੁਪਏ ਦੀ ਸੰਪਤੀ ਛੱਡ ਕੇ ਵਿਦੇਸ਼ ਕਿਉਂ ਦੌੜਨਾ ਪਿਆ। ਉਂਜ, ਵਕੀਲ ਨੇ ਇਹ ਦੱਸਣ ਤੋਂ ਇਨਕਾਰ ਕਰ ਦਿੱਤਾ ਕਿ ਨੀਰਵ ਮੋਦੀ ਇਸ ਵੇਲੇ ਕਿੱਥੇ ਲੁਕਿਆ ਹੋਇਆ ਹੈ। ਕੇਂਦਰੀ ਵਿਜੀਲੈਂਸ ਕਮਿਸ਼ਨ ਨੇ ਸਪੱਸ਼ਟ ਕੀਤਾ ਕਿ ਪੀਐਨਬੀ ਨੂੰ ਪਿਛਲੇ ਸਾਲ ਬਿਹਤਰੀਨ ਕਾਰਗੁਜ਼ਾਰੀ ਬਦਲੇ ਦਿੱਤਾ ਗਿਆ ਪ੍ਰਮਾਣ ਪੱਤਰ ਉਸੇ ਸੰਦਰਭ ਵਿੱਚ ਦੇਖਿਆ ਜਾਣਾ ਚਾਹੀਦਾ ਹੈ। ਕਮਿਸ਼ਨ ਨੇ ਕਿਹਾ ਕਿ ਬੈਂਕ ਨੇ ਅਨੁਸ਼ਾਸਨੀ ਕਾਰਵਾਈ ਦੇ 92 ਫੀਸਦ ਕੇਸਾਂ ਨੂੰ ਹੱਲ ਕੀਤਾ ਸੀ ਜਿਸ ਦੇ ਆਧਾਰ 'ਤੇ ਹੀ ਇਹ ਪ੍ਰਮਾਣ ਪੱਤਰ ਜਾਰੀ ਕੀਤਾ ਗਿਆ ਸੀ।

## 'ਗੁੰਡਾ ਟੈਕਸ' ਦੀ ਮਾਰੀ, ਰਿਫਾਈਨਰੀ ਵੱਲੋਂ ਰੇਲ ਸਫ਼ਰ ਦੀ ਤਿਆਰੀ

ਏਜੰਸੀ ਇੰਜਨੀਅਰਿੰਗ ਇੰਡੀਆ ਲਿਮਟਿਡ' (ਈਆਈਐਲ) ਨੇ ਰੇਤੇ ਦੀ ਕੀਮਤ ਕਰੀਬ 1400 ਰੁਪਏ ਪ੍ਰਤੀ ਕਿਊਬਿਕ ਮੀਟਰ ਮਿਥੀ ਹੋਈ ਹੈ, ਪਰ ਜਦੋਂ ਮੌਡਿਡ ਬੁਲੇਟ' ਦੀ ਉਸਾਰੀ ਲਈ ਦੋ ਉਸਾਰੀ ਕੰਪਨੀਆਂ ਨੇ ਟੈਂਡਰ ਪਾਏ ਤਾਂ ਉਨ੍ਹਾਂ ਕੀਮਤ ਕਰੀਬ 2300 ਰੁਪਏ ਕਿਊਬਿਕ ਮੀਟਰ ਪਾ ਦਿੱਤੀ, ਜੋ ਕਾਫ਼ੀ ਵੱਧ ਸੀ। ਸੂਤਰਾਂ ਮੁਤਾਬਕ ਉੱਚੀ ਕੀਮਤ ਦਾ ਕਾਰਨ ਵੀ 'ਗੁੰਡਾ ਟੈਕਸ' ਹੀ ਸੀ। ਸੂਤਰਾਂ ਨੇ ਦੱਸਿਆ ਕਿ ਰਿਫਾਈਨਰੀ ਨੇ ਦੋਵੇਂ ਟੈਂਡਰ ਰੱਦ ਕਰ ਕੇ ਨਵੇਂ ਟੈਂਡਰ ਜਾਰੀ ਕੀਤੇ, ਜਿਨ੍ਹਾਂ ਦੀ ਆਖਰੀ ਤਰੀਕ 7 ਮਾਰਚ ਹੈ। ਮੌਡਿਡ ਬੁਲੇਟ' ਦੀ ਉਸਾਰੀ ਲਈ ਕਰੀਬ ਇੱਕ ਲੱਖ ਕਿਊਬਿਕ ਮੀਟਰ ਰੇਤੇ ਦੀ ਲੋੜ ਹੈ।

### ਯੋਜਨਾਬੰਦੀ ਨਹੀਂ ਦੱਸ ਸਕਦੇ: ਪ੍ਰਬੰਧਕ

ਰਿਫਾਈਨਰੀ ਦੇ ਲੋਕ ਸੰਪਰਕ ਇੰਚਾਰਜ ਪੰਕਜ ਵਿਨਾਇਕ ਨੇ ਇਸ ਮਾਮਲੇ 'ਤੇ ਲਿਖਤੀ ਪੱਖ ਭੇਜ ਕੇ ਰੇਲ ਰਾਹੀਂ ਰੇਤਾ-ਬਜਰੀ ਮੰਗਵਾਉਣ ਬਾਰੇ ਇੰਨਾ ਹੀ ਆਖਿਆ ਕਿ ਨੀਤੀ ਤਹਿਤ ਰਿਫਾਈਨਰੀ ਆਪਣੀਆਂ 'ਕਾਰੋਬਾਰੀ ਯੋਜਨਾਵਾਂ' ਨਹੀਂ ਦੱਸ ਸਕਦੀ। ਦੋ ਕੰਪਨੀਆਂ ਦੇ ਟੈਂਡਰ ਰੱਦ ਕਰਨ ਬਾਰੇ ਉਨ੍ਹਾਂ ਆਖਿਆ ਕਿ ਉਸਾਰੀ ਕੰਮਾਂ ਦੇ ਟੈਂਡਰ ਕੱਢੇ ਗਏ ਸਨ, ਜਿਨ੍ਹਾਂ 'ਤੇ ਕੰਪਨੀ ਦੀ ਨੀਤੀ ਮੁਤਾਬਿਕ ਫੈਸਲਾ ਲਿਆ ਗਿਆ ਹੈ। ਪੈਟਰੋ ਕੈਮੀਕਲ ਪ੍ਰਾਜੈਕਟ ਦੇ ਜਨਰਲ ਮੈਨੇਜਰ ਸੁੱਚਾ ਸਿੰਘ ਨੂੰ ਕਈ ਵਾਰ ਫੋਨ ਕੀਤਾ ਗਿਆ ਪਰ ਉਸ ਨੇ ਨਹੀਂ ਚੁੱਕਿਆ।

## ਟਰੂਡੋ ਦੀ ਫੇਰੀ, ਖਾਲਿਸਤਾਨ ਦੀ ਮੰਗ ਅਤੇ ਧਰਮ ਨਿਰਪੱਖ ਪੱਤਰਕਾਰੀ

ਸਿੱਖਾਂ ਜਾਂ ਮੁਸਲਮਾਨਾਂ ਦੇ ਮੁੱਦਿਆਂ 'ਤੇ ਕੀਤੀ ਜਾਂਦੀ ਪੱਤਰਕਾਰੀ ਬਾਰੇ ਕੋਈ ਰੰਜ ਨਹੀਂ ਹੋਣਾ ਚਾਹੀਦਾ। ਉਹ ਤਾਂ ਖੁੱਲ੍ਹ ਕੇ ਉਲਟ ਖੜ੍ਹੇ ਹਨ।

ਇਹ ਕੋਈ ਅੱਜ ਦੀ ਗੱਲ ਨਹੀਂ। ਜਦੋਂ ਕੈਨੇਡਾ ਆਪਣੀ ਨਸਲਵਾਦ ਦੀ ਸਮੱਸਿਆ ਨਾਲ ਲੜ ਰਿਹਾ ਸੀ, ਜਦੋਂ ਸਿੱਖਾਂ ਦਾ ਕੈਨੇਡਾ ਵਿਚ ਕੋਈ ਐਮ ਪੀ ਜਾਂ ਐਮ ਐਲ ਏ ਨਹੀਂ ਸੀ, ਉਦੋਂ ਵੀ ਧਰਮ ਨਿਰਪੱਖ ਪੱਤਰਕਾਰਾਂ ਦਾ ਸਿੱਖਾਂ ਵੱਲ ਇਹੀ ਵਤੀਰਾ ਸੀ।

ਇਸ ਦਾ ਇਕ ਸਿੱਧਾ ਕਾਰਨ ਇਹ ਸੀ ਕਿ ਕਥਿਤ ਆਜ਼ਾਦੀ ਮਿਲਣ ਤੋਂ ਬਾਅਦ ਜਿਆਦਾ ਸਮਾਂ ਕਾਂਗਰਸ ਦਾ ਰਾਜ ਰਿਹਾ ਅਤੇ ਸਿੱਖਾਂ ਦੀ ਸਿੱਧੀ ਟੱਕਰ ਵੀ ਕਾਂਗਰਸ ਨਾਲ ਰਹੀ। ਧਰਮ ਨਿਰਪੱਖ ਪੱਤਰਕਾਰ ਵੀ ਕਾਂਗਰਸ ਨੂੰ ਹੀ ਸਹਾਉਂਦੇ ਸਨ। ਇਸ ਕਰਕੇ ਇਹ ਕੁਦਰਤੀ ਸੀ ਕਿ ਧਰਮ ਨਿਰਪੱਖ ਪੱਤਰਕਾਰਾਂ ਦੇ ਮਨ ਵਿਚ ਸਿੱਖਾਂ ਪ੍ਰਤੀ ਖੁੰਦਕ ਪੈਦਾ ਹੋ ਗਈ।

ਦੂਜਾ ਇਹ ਧਰਮ ਨਿਰਪੱਖ ਲਾਣਾ ਕਾਮਰੇਡਾਂ ਦੀ ਦੇਣ ਹੈ ਅਤੇ ਕਾਮਰੇਡਾਂ ਅਤੇ ਸਿੱਖਾਂ ਦਾ ਇਤਿਹਾਸਿਕ ਕਲੇਸ਼ ਹੈ।

ਤੀਜਾ, ਸਿੱਖਾਂ ਦੇ ਹਰਿਮੰਦਰ ਸਾਹਬ 'ਤੇ ਭਾਵੇਂ ਸੋਨਾ ਚੜ੍ਹਿਆ ਹੋਇਆ ਪਰ ਓਆਈਸੀ ਵਰਗੇ ਪੈਸੇ ਵਲੋਂ ਅਮੀਰ ਮੁਸਲਿਮ ਦੇਸ਼ਾਂ ਦੇ ਸਮੂਹ ਅੱਗੇ ਸਿੱਖਾਂ ਦਾ ਕਿਤੇ ਕੋਈ ਮੁਕਾਬਲਾ ਹੀ ਨਹੀਂ। ਧਰਮ ਨਿਰਪੱਖ ਲਾਣਾ ਮੁਸਲਮਾਨਾਂ ਬਾਰੇ ਗੱਲ ਕਰਦੇ ਹੋਏ ਓਆਈਸੀ ਤੋਂ ਝਿਪਦਾ।

ਸਿੱਖਾਂ ਦਾ ਅੰਤਰਰਾਸ਼ਟਰੀ ਰਾਜਨੀਤੀ ਦਾ ਤਜਰਬਾ ਨਾਂਹ ਦੇ ਬਰਾਬਰ ਹੈ ਅਤੇ ਇਹਨਾਂ ਨੂੰ ਕਈ ਵਾਰ ਸਮਝ ਨਹੀਂ ਹੁੰਦੀ ਕਿ ਕਿਹੜੀ ਗੱਲ ਕਹਿਣੀ ਹੈ ਅਤੇ ਕਿਹੜੀ ਨਹੀਂ। ਇਸ ਕਰਕੇ ਧਰਮ ਨਿਰਪੱਖ ਪੱਤਰਕਾਰਾਂ ਵਾਸਤੇ ਸਿੱਖ ਸੌਖਾ ਸ਼ਿਕਾਰ ਹੁੰਦੇ ਨੇ।

ਰੋਜ ਰੋਜ ਮੁਸਲਮਾਨਾਂ ਪ੍ਰਤੀ ਹੇਜ ਦਿਖਾ ਕੇ ਹਿੰਦੂਵਾਦੀਆਂ ਤੋਂ ਗਾਲ੍ਹਾਂ ਖਾਣ ਵਾਲੇ ਧਰਮ ਨਿਰਪੱਖ ਪੱਤਰਕਾਰਾਂ ਕੋਲ ਆਪਣੇ ਆਪ ਨੂੰ ਰਾਸ਼ਟਰਵਾਦੀ ਸਾਬਿਤ ਕਰਨ ਵਾਸਤੇ ਸਿਰਫ਼ ਇਕ ਹੀ ਚਾਰਾ ਹੁੰਦਾ ਕਿ ਸਿੱਖਾਂ ਨੂੰ ਜ਼ਲੀਲ ਕਰੋ।

ਇਥੇ ਸਪੱਸ਼ਟ ਕਰ ਦੇਈਏ ਕਿ ਸਾਨੂੰ ਇਸ ਗੱਲ 'ਤੇ ਕੋਈ ਇਤਰਾਜ਼ ਨਹੀਂ ਕਿ, ਭਾਵੇਂ ਓਆਈਸੀ ਦੇ ਦਬਾਅ ਅਤੇ ਕਾਂਗਰਸ ਦੇ ਲਿਹਾਜ਼ ਕਰਕੇ ਹੀ ਸਹੀ, ਧਰਮ ਨਿਰਪੱਖ ਪੱਤਰਕਾਰ ਮੁਸਲਮਾਨਾਂ ਦਾ ਥੋੜ੍ਹਾ ਮੋਟਾ ਹੇਜ ਕਰਦੇ ਹਨ। ਪਰ ਸਿੱਖਾਂ ਦੇ ਮਸਲਿਆਂ ਨੂੰ ਰਿਪੋਰਟ ਕਰਨ ਵੇਲੇ ਇਹ ਅਚਾਨਕ ਜ਼ਹਿਰ ਘੋਲਣ ਲੱਗ ਜਾਂਦੇ ਨੇ।

ਚਲੋ, ਜੋ ਗੱਲ ਸਿੱਖ ਕੈਨੇਡਾ ਨੂੰ ਕਦੇ ਵੀ ਨਾ ਸਮਝਾ ਸਕਦੇ, ਉਹ ਧਰਮ ਨਿਰਪੱਖ ਪੱਤਰਕਾਰਾਂ ਨੇ ਇਕ ਝਟਕੇ ਵਿਚ ਹੀ ਸਮਝਾ ਦਿੱਤੀ।

## ਡੂੰਘੀ ਅੰਤਰ ਦ੍ਰਿਸ਼ਟੀ ਵਾਲਾ ਮਹਾਂਕਵੀ ਹਰਿੰਦਰ ਸਿੰਘ ਮਹਿਬੂਬ

ਮਹਿਬੂਬ ਦੀ ਅੰਤਰ-ਦ੍ਰਿਸ਼ਟੀ ਦੇ ਮੁਕੰਮਲ ਪ੍ਰਤੀਕ ਦੇ ਪ੍ਰਮਾਣ ਵਿੱਚ ਜੇ ਕਿਸੇ ਇੱਕ ਕਵਿਤਾ ਦਾ ਹਵਾਲਾ ਦੇਣਾ ਹੋਵੇ ਤਾਂ ਓਸਦੀ ਨੀਦਾਂ ਦਾ ਕਤਲ ਅਤੇ ਸ਼ਹੀਦ ਦਾ ਗ਼ਜ਼ਬ' ਪੜ੍ਹੀ ਜਾ ਸਕਦੀ ਹੈ। ਦਰਬਾਰ ਸਾਹਿਬ ਉੱਤੇ 1984 ਦਾ ਹਮਲਾ ਓਸ ਲਈ ਅਸਹਿ ਹੈ ਅਤੇ ਸਦਾ-ਸਦਾ ਦੀ ਚੀਸ ਬਣਕੇ ਓਸਦੇ ਕਵੀ-ਮਨ ਉੱਤੇ ਕਿਸੇ ਕੁਲਹਿਣੇ ਬੱਦਲ ਵਾਂਗ ਛਾ ਗਿਆ ਹੈ। ਮਹਿਬੂਬ ਦਾ ਸਿਦਕ ਓਸਨੂੰ ਕਾਵਿ ਸੰਕੇਤਾਂ, ਲੁਕਵੇਂ ਲਫ਼ਜ਼ਾਂ, ਧੁੰਦਲੇ ਸੁਨੇਹਿਆਂ ਨੂੰ ਵਰਤਣ ਦੀ ਇਜਾਜ਼ਤ ਨਹੀਂ ਦਿੰਦਾ। ਉਹ ਬੇਬਾਕ ਸਾਫ਼ਗੋਈ ਦਾ ਪੱਲਾ ਫੜਦਾ ਹੈ ਅਤੇ ਬਖ਼ੌਫ਼ ਹੋਕੇ ਗੱਲਾਂ ਕਰਦਾ ਹੈ ਓਸ ਡੈਣ ਸਰਾਲ' ਦੀਆਂ ਜਿਸ ਨੇ ਚੁੱਪ-ਚੁਪੀਤੇ ਸਰਕਦਾ ਘੇਰਾ' ਦਰਬਾਰ ਨੂੰ ਪਾਇਆ। ਓਸਦਾ ਰੋਹ ਇਤਿਹਾਸ ਦੀਆਂ ਕੁਪੱਤੀਆਂ ਡੈਣਾਂ' ਜਿਨ੍ਹਾਂ ਨੇ ਮੇਰੀ ਕੌਮ ਦੇ ਬੱਚੜੇ ਭੋਲੇ ਡੂੰਘੀ ਨੀਂਦ 'ਚ' ਮਾਰਨ ਦੇ ਬਾਨ੍ਹਣੂੰ ਸਦੀਆਂ ਤੱਕ ਬੰਨ੍ਹੇ, ਉੱਤੇ ਝੜਦਾ ਹੈ। ਓਸਦਾ ਇਸ਼ਾਰਾ ਸਦੀਆਂ ਦੀਆਂ ਪਾਲੀਆਂ ਖੁਣਸਾਂ ਵੱਲ ਹੈ ਜਿਹੜੀਆਂ ਓਸ ਰਾਤ ਟੈਂਕ, ਤੋਪਾਂ ਲੈ ਕੇ ਗੁਰੂ ਦੇ ਦਰਬਾਰ ਉੱਤੇ ਹਮਲਾਵਰ ਹੋਈਆਂ।

ਵਕਤੀ ਜਿੱਤਾਂ ਦੇ ਜਸ਼ਨ ਮਨਾਉਂਦਿਆਂ ਨੂੰ ਉਹ ਆਪਣੇ ਸਾਬਤ ਯਕੀਨ ਵਿੱਚੋਂ ਤਾਕੀਦ ਕਰਦਾ ਹੈ, 'ਕਰੇ ਹਿਰਸ ਦੀ ਜੰਗ ਮੈਲਾ ਜਗਤ ਨੂੰ।'

ਸਦੀਆਂ ਬੀਤ ਜਾਣਗੀਆਂ ਪਰ ਏਸ ਪਰੋਪਕਾਰੀ ਫ਼ਕੀਰ ਹਰਿੰਦਰ ਸਿੰਘ ਮਹਿਬੂਬ ਦੀ ਪਾਕ ਹੂਕ ਸੱਚ ਦੇ ਢੂੰਡਾਊ ਇੱਕ ਪਲ਼ ਵੀ ਵਿਸਾਰ ਨਹੀਂ ਸਕਣਗੇ। ਓਸਦੇ ਆਪਣੇ ਸ਼ਬਦਾਂ ਵਿੱਚ: 'ਅਸਗਾਹਾਂ ਤੱਕ ਸੁਣੇ ਸੀ, ਕੌਲ ਇਲਾਹੀ ਮੀਨ। ਰਾਹ ਦੱਸੇ ਉਹ ਜਿਨ੍ਹਾਂ 'ਤੇ, ਧਰਮ ਸਦਾ ਹੀ ਜੀਣ।' (ਸਿੱਖ ਸਿਆਸਤ ਬਿਊਰੋ ਤੋਂ ਧੰਨਵਾਦ ਸਹਿਤ)

## ਸਿੱਖਾਂ ਵਲੋਂ ਟਰੂਡੋ ਦੇ ਸਵਾਗਤ ਲਈ ਸ਼ੋਸ਼ਲ ਮੀਡੀਆ 'ਤੇ ਵਿੱਢੀ ਵੱਡੀ ਮੁਹਿੰਮ

ਅੰਮ੍ਰਿਤਸਰ ਫੇਰੀ ਮੌਕੇ 'ਜੀ ਆਇਆਂ' ਕਹਿਣ ਨੂੰ ਅੰਮ੍ਰਿਤਸਰ ਹਵਾਈ ਅੱਡੇ ਪਹੁੰਚਣ ਲਈ ਖੁੱਲ੍ਹਾ ਸੱਦਾ। ਸਾਰਿਆਂ ਨੂੰ ਹਵਾਈ ਅੱਡੇ 'ਤੇ ਸਵੇਰੇ 9.30 ਵਜੇ ਪਹੁੰਚਣ ਦੀ ਸਮਾਂ ਦਿੱਤਾ ਗਿਆ ਸੀ ।

ਵਟਸਐਪ 'ਤੇ ਵੀ ਵੱਖਰੀ ਮੁਹਿੰਮ ਚਲਾਈ ਜਾ ਰਹੀ ਸੀ। ਵਟਸਐਪ 'ਤੇ ਸ਼ੇਅਰ ਕੀਤੇ ਜਾ ਰਹੇ ਸੁਨੇਹਿਆਂ 'ਚ ਟਰੂਡੋ ਦੇ ਫੇਸਬੁੱਕ ਪੇਜ ਦਾ ਲਿੰਕ ਸ਼ੇਅਰ ਕੀਤਾ ਜਾ ਰਿਹਾ ਸੀ। ਇਸ 'ਚ ਲਿਖਿਆ ਗਿਆ ਕਿ ਜਸਟਿਨ ਟਰੂਡੋ ਨੂੰ ਭਾਰਤ ਸਰਕਾਰ ਨੇ ਬਣਦਾ ਮਾਣ ਨਹੀਂ ਦਿੱਤਾ ਜਦਕਿ ਟਰੂਡੋ ਨੇ ਆਪਣੀ ਕੈਬਨਿਟ 'ਚ ਪੰਜ ਸਿੱਖ ਮੰਤਰੀਆਂ ਦੀ ਨਿਯੁਕਤੀ ਕੀਤੀ ਹੈ। ਕਿਰਪਾ ਕਰਕੇ ਇਸ ਸੰਦੇਸ਼ ਨੂੰ ਦੁਨੀਆਂ ਭਰ ਵਿੱਚ ਪੰਜਾਬੀਆਂ ਨੂੰ ਭੇਜੋ ਤਾਂ ਉਹ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਫੇਸਬੁੱਕ ਪੰਨੇ 'ਤੇ 'ਵੈਲਕਮ ਟੂ ਪੰਜਾਬ' ਜਾਂ 'ਜੀ ਆਇਆਂ ਨੂੰ' ਲਿਖ ਸਕਣ। ਸਵੇਰ ਤੋਂ ਫੈਲਾਏ ਜਾ ਰਹੇ ਇਸ ਸੁਨੇਹੇ ਤੋਂ ਬਾਅਦ ਆਖ਼ਰੀ ਖ਼ਬਰਾਂ ਮਿਲਣ ਵੇਲੇ ਤੱਕ ਹਜ਼ਾਰਾਂ ਪੰਜਾਬੀ ਜਸਟਿਨ ਟਰੂਡੋ ਦੀਆਂ ਭਾਰਤ ਫੇਰੀ ਦੀਆਂ ਫੋਟੋਆਂ 'ਤੇ 'ਵੈਲਕਮ ਟੂ ਪੰਜਾਬ' ਲਿਖ ਚੁੱਕੇ ਹਨ ਜਦਕਿ ਹਜ਼ਾਰਾਂ ਹੀ ਲੋਕ ਆਪਣੇ ਫੇਸਬੁੱਕ ਖਾਤੇ 'ਤੇ ਜਸਟਿਨ ਟਰੂਡੋ ਸੀ। ਇਸ ਦੇ ਨਾਲ ਹੀ ਪੰਜਾਬ ਵਾਸੀਆਂ ਵੱਲੋਂ ਟਰੂਡੋ ਦੇ ਫਿੱਕੇ ਸਵਾਗਤ ਲਈ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਆਲੋਚਨਾ ਵੀ ਕੀਤੀ ਜਾ ਰਹੀ ਸੀ।

## ਇਰਾਨੀ ਜਹਾਜ਼ ਨੂੰ ਹਾਦਸੇ 'ਚ 66 ਮੌਤਾਂ

ਚਾਲਕ ਦਸਤੇ ਦੇ ਛੇ ਮੈਂਬਰ ਸਵਾਰ ਸਨ। ਇਰਾਨ ਦੀ ਰੈੱਡ ਕ੍ਰੀਸੈਂਟ ਦੇ ਬਚਾਓ ਤੇ ਰਾਹਤ ਅਦਾਰੇ ਨੇ ਕਿਹਾ ਕਿ ਉਸ ਨੇ ਖਿੱਤੇ ਅੰਦਰ 12 ਟੀਮਾਂ ਭੇਜੀਆਂ ਹਨ। ਕੌਮੀ ਹੰਗਾਮੀ ਸੇਵਾਵਾਂ ਦੇ ਤਰਜਮਾਨ ਮੁਜਤਬਾ ਖਾਲਦੀ ਨੇ ਕਿਹਾ ਕਿ ਪਹਾੜੀ ਖੇਤਰ ਹੋਣ ਕਰ ਕੇ ਐਂਬੂਲੈਂਸਾਂ ਭੇਜਣੀਆਂ ਸੰਭਵ ਨਹੀਂ। ਇਰਾਨ 'ਤੇ ਕਈ ਦਹਾਕੇ ਪਾਬੰਦੀਆਂ ਲੱਗਣ ਕਰ ਕੇ ਦੇਸ਼ ਦੇ ਹਵਾਬਾਜ਼ੀ ਖੇਤਰ ਨੂੰ ਗਹਿਰੀ ਸੱਟ ਵੱਜੀ ਸੀ ਤੇ ਹਾਲੀਆ ਸਾਲਾਂ ਦੌਰਾਨ ਕਈ ਹਾਦਸੇ ਵਾਪਰ ਚੁੱਕੇ ਹਨ। 2104 ਵਿੱਚ ਇਕ ਸੀਪਾਹਨ ਜਹਾਜ਼ ਨਾਲ ਹੋਏ ਹਾਦਸੇ ਵਿੱਚ 39 ਮੁਸਾਫ਼ਰ ਮਾਰੇ ਗਏ ਸਨ। ਸ੍ਰੀ ਤਬਤਾਬਾਈ ਨੇ ਕਿਹਾ ਕਿ ਹਾਦਸੇ ਦਾ ਸ਼ਿਕਾਰ ਬਣਿਆ ਦੋ ਇੰਜਣਾਂ ਵਾਲਾ ਟਰਬੋਪਰੌਪ ਏਟੀਆਰ-72 ਜਹਾਜ਼ ਸੀ। ਆਸਮਾਨ ਕੰਪਨੀ ਦੇ ਬੇੜੇ ਵਿੱਚ 36 ਜਹਾਜ਼ ਹਨ ਜਿਨ੍ਹਾਂ 'ਚੋਂ ਅੱਧ ਤੋਂ ਵੱਧ 105 ਸੀਟਾਂ ਵਾਲੇ ਡੱਚ ਫੌਕਰ 100 ਜਹਾਜ਼ ਹਨ। ਇਸ ਦੇ ਤਿੰਨ ਬੋਇੰਗ 727-200 ਜਹਾਜ਼ ਇਸਲਾਮੀ ਕ੍ਰਾਂਤੀ ਵੇਲਿਆਂ ਦੇ ਹਨ ਜਿਨ੍ਹਾਂ ਨੇ ਪਹਿਲੀ ਵਾਰ 1980 ਵਿੱਚ ਉਡਾਣ ਭਰੀ ਸੀ।

**ਗੁਰਬਾਣੀ**
24 ਘੰਟੇ ਸੁਣਨ ਲਈ
Dial 832.551.5029 Ext. 4
www.GurbaniRadio.org

**ਪੰਜਾਬੀ ਗਾਣੇ**
24 ਘੰਟੇ ਸੁਣਨ ਲਈ
Dial 832.551.5029 Ext. 3
www.NonStopPunjabi.com

ਪੰਜਾਬੀ ਰੇਡੀਓ ਯੂਐਸਏ
**Punjabi RADIO USA**
ON THE AIR
*Uniting Punjabi's All Over*
www.PunjabiRadioUSA.com
408-272-5200

DIAL TO LISTEN:
US: 832-551-5029 | 605-475-6868 | 712-432-5838 (METRO PCS)
UK: +44 203-519-0455
GERMANY: +511 80-90-40-41

NEW PROGRAM: TODAY IN SIKH HISTORY | ਅੱਜ ਦਾ ਦਿਨ ਸਿੱਖ ਇਤਿਹਾਸ ਵਿੱਚ DAILY | ਰੋਜ਼ਾਨਾ 9AM | 12PM

# KHALSA
## INSURANCE AGENCY, INC.

**Khalsa Insurance Agency is among TOP 50 agencies of Blue Cross in USA.**




- GUARANTEED COVERAGE
- NO ANNUAL LIMITS, NO DENIAL FOR PRE-EXISTING CONDITIONS
- RATES NOT BASED ON HEALTH STATUS
- AFFORDABLE COVERAGE – PUBLIC OR PRIVATE
- REQUIRED FOR INDIVIDUALS

COVERED CALIFORNIA™

OBAMACARE
IS
COVERED CALIFORNIA
IS THE
AFFORDABLE CARE ACT
IS THE
California Health Benefit Exchange
IS
*Your destination for affordable health care*

Call Now for the
Lowest Health Insurance
Premiums available
Some Households
qualify for
FREE HEALTHCARE

408-272-2500

Please Contact Harjot S Khalsa (Certified Covered CA Agent) | License # 0B03546 | 3750 McKee Rd. # A, San Jose, CA 95127
Tel. 408-272-2500 | coveredca@khalsainsurance.com

# RESIDENTIAL, COMMERCIAL AND SOLAR FARMS

**with Sunpreme High Performance Bifacial Smart Panels**

ਆਪਣੇ ਘਰ ਅਤੇ ਕਾਰੋਬਾਰ ਤੇ ਸੋਲਰ ਸਿਸਟਮ ਲਗਾਉਣ
ਲਈ ਸਤਨਾਮ ਸਿੰਘ ਖਾਲਸਾ ਨਾਲ ਅੱਜ ਹੀ ਸੰਪਰਕ ਕਰੋ




ਬਿਜਲੀ ਦੇ ਬਿਲ ਤੋਂ ਹਮੇਸ਼ਾਂ ਲਈ ਛੁਟਕਾਰਾ

**Satnam Singh Khalsa 510.706.1300**

info@sadelok.com

SUNPREME
Premium Bifacial Thin Film Solar


PUNJABI STARLIVE EVENT MANAGEMENT PVT LTD.
PRESENTS
Vaisakhi Mela
D Cali
Nirmal Sidhu
Resham Anmol
Sara Gurpal
LIVE IN USA
2018
CONTACT FOR LIVE SHOW BOOKINGS
ACROSS USA
+1 - 847-907-1074 | +1 - 847-258-9595 Ext : 429
www.punjabistarlive.com


Canadian
Highest Grade Wheat
Say Bana
SHER
SHER
DURUM ATTA
DESI
STYLE
20 lb
9.07 kg
SHER ATTA GHAR LAAO
www.sherbrarmills.com